
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ


ਮਾਸਿਕ ਪਤ੍ਰਿਕਾ

ਮਈ,1995





ਏਕੈ ਬ੍ਰਹਮ ਦੁਤੀਆ ਨਾਸਤਿ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ


ਪ੍ਰਕਾਸ਼ਕ : ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ॥



# ਸੰਦੇਸ਼



ਅੱਜ ਸਿਖ ਜਗਤ ਇਕੀਵੀਂ ਸਦੀ ਵਲ ਬੜੀ ਤੇਜ਼ੀ ਨਾਲ ਵੱਧ ਰਿਹਾ ਹੈ। ਇਸ ਲਈ ਇਹ ਇਕ ਬਹੁਤ ਵੱਡੀ ਲੋੜ ਹੈ ਕਿ ਇਕੀਵੀਂ ਸਦੀ ਦੇ ਹਾਣ ਦੇ ਬਦਲ ਲਈ ਅਤੇ ਇਸ ਸਦੀ ਦੀ ਚਨੌਤੀ ਦਾ ਟਾਕਰਾ ਕਰਨ ਲਈ ਨਵੀਨਤਮ ਸਾਧਨਾਂ ਰਾਹੀਂ ਧਰਮ ਪ੍ਰਚਾਰ ਕਰੀਏ, ਸਿੱਖ ਨੌਜਵਾਨਾਂ ਨੂੰ ਪਤਿਤਪੁਣੇ, ਨਸ਼ਿਆਂ ਅਤੇ ਸਮਾਜਿਕ ਕੁਰੀਤੀਆਂ ਤੋਂ ਰੋਕੀਏ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਕਿ ਅਸੀਂ ਪਿੰਡ-ਪਿੰਡ, ਪ੍ਰਾਂਤ-ਪ੍ਰਾਂਤ, ਦੇਸਾਂ ਵਿਦੇਸ਼ਾਂ ਵਿਚ ਜਾ ਕੇ ਲੋਕਾਂ ਨੂੰ ਸਿੱਖ ਕਲਚਰ ਅਤੇ ਗੁਰਬਾਣੀ ਦੀ ਮਹੱਤਤਾ ਬਾਰੇ ਜਿਥੇ ਪ੍ਰਚਾਰ ਰਾਹੀਂ ਜਾਣੂ ਕਰਾਈਏ, ਉਥੇ ਲਿਖਤੀ ਰੂਪ ਵਿਚ ਸੁਚਾਰੂ ਲਿਖਤਾਂ ਰਾਹੀਂ ਘਰ-ਘਰ ਮੈਗਜ਼ੀਨ ਅਤੇ ਪੈਂਫਲਿਟ ਛਾਪ ਕੇ ਪਹੁੰਚਾਣਾ ਵੀ ਅਤੀ ਜ਼ਰੂਰੀ ਹੈ।

ਇਸ ਲਈ ਸਮੁੱਚੇ ਸੰਤ ਸਮਾਜ ਦਾ ਫਰਜ਼ ਬਣ ਜਾਂਦਾ ਹੈ ਕਿ ਇਸ ਲੋੜ ਨੂੰ ਸੰਪੂਰਨ ਕਰਨ ਲਈ ਮੈਗਜ਼ੀਨ ਤੇ ਪੈਂਫਲਿਟ ਜਾਰੀ ਕਰੇ ਕਿਉਂਕਿ ਇਸ ਮਾਧਿਅਮ ਰਾਹੀਂ ਜਿਥੇ ਧਰਮ ਪ੍ਰਚਾਰ ਦੀ ਘਾਟ ਪੂਰੀ ਹੋ ਸਕਦੀ ਹੈ, ਉਥੇ ਵਿਸ਼ਵ ਦੇ ਲੋਕਾਂ ਨੂੰ ਆਪ ਦੀਆਂ ਅਧਿਆਤਮਕ ਕੀਮਤਾਂ ਤੇ ਸੁਨਹਿਰੀ ਵਿਰਸੇ ਬਾਰੇ ਜਾਣੂ ਕਰਾਇਆ ਜਾ ਸਕਦਾ ਹੈ।

ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਨਾਲ ਜੁੜੀ ਹੋਈ ਇਕ ਹੋਣਹਾਰ ਜਮਾਤ, ਰਤਵਾੜਾ ਸਾਹਿਬ ਵਾਲੀ ਸੰਸਥਾ ਸੰਤ ਵਰਿਆਮ ਸਿੰਘ ਜੀ ਦੀ ਸੁਚੱਜੀ ਅਗਵਾਈ ਹੇਠ ਵਕਤ ਦੀ ਅਵਾਜ਼ ਨੂੰ ਸਮਝਦੇ ਹੋਏ ਸਿੱਖ ਇਤਿਹਾਸ ਤੇ ਗੁਰਬਾਣੀ ਖੇਤਰ ਨਾਲ ਸਬੰਧਤ ਇਕ ਮੈਗਜ਼ੀਨ 'ਆਤਮ ਮਾਰਗ' ਜੋ ਕਿ ਵਿਸਾਖੀ ਦੇ ਪਾਕ ਪਵਿਤਰ ਦਿਹਾੜੇ ਤੇ ਜਾਰੀ ਕਰਨ ਦਾ ਉਦਮ ਕੀਤਾ ਹੈ। ਉਹ ਬਹੁਤ ਹੀ ਸ਼ਲਾਘਾ-ਯੋਗ ਉਪਰਾਲਾ ਹੈ।

ਮੈਨੂੰ ਪੂਰਨ ਆਸ ਹੈ ਕਿ ਜਿਥੇ ਸਿੱਖੀ ਪਰਵਾਰ ਖੇਤਰ ਵਿਚ ਸੰਤ ਵਰਿਆਮ ਸਿੰਘ ਜੀ ਦੀ ਸੁਚਾਰੂ ਦੇਖ ਰੇਖ ਹੇਠ ਇਹ ਸੰਸਥਾ ਇਕ ਬਹੁਤ ਅਹਿਮ ਸੇਵਾ ਨਿਭਾ ਰਹੀ ਹੈ, ਉਥੇ ਇਸ ਕਾਰਜ ਵਿਚ ਵੀ ਸਫਲ ਹੋਵੇਗੀ ਅਤੇ ਸੰਗਤਾਂ ਨੂੰ ਪੰਥ ਦੀ ਪਹਿਲ ਤਾਜਗੀ ਦਾ ਅਹਿਸਾਸ ਕਰਾ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣਗੇ।

ਆਖੀਰ ਵਿਚ ਮੇਰੀ ਵਾਹਿਗੁਰੂ ਅੱਗੇ ਇਹ ਅਰਦਾਸ ਹੈ ਕਿ ਵਾਹਿਗੁਰੂ ਇਸ ਮਹਾਨ ਸੰਸਥਾ ਨੂੰ ਹੋਰ ਉਦਮ ਅਤੇ ਉਤਸ਼ਾਹ ਬਖਸ਼ੇ ਤਾਂ ਕਿ ਇਸ ਸੰਤਾਪ ਭਰੇ ਸਮੇਂ ਵਿਚ ਸਿੱਖੀ ਵਿਚ ਵਧ ਰਹੀਆਂ ਕੁਰੀਤੀਆਂ ਨੂੰ ਠੱਲ੍ਹ ਪਾਉਣ ਵਿਚ ਸਹਾਈ ਹੋਵੇ।

ਗੁਰੂ ਪੰਥ ਦਾ ਦਾਸ,

ਬਾਬਾ ਸਰਬਜੋਤ ਸਿੰਘ ਜੀ ਊਨਾ ਸਾਹਿਬ

ਗੁਰੂ ਨਾਨਕ ਵੰਸ਼ਜ 17ਵੀਂ ਪੀੜ੍ਹੀ।

# ਸੰਦੇਸ਼



ਮੈਨੂੰ ਇਹ ਜਾਣ ਕੇ ਬੜੀ ਪ੍ਰਸੰਨਤਾ ਹੋਈ ਹੈ ਕਿ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਵਲੋਂ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਸਰਪਸਤੀ ਹੇਠ ਵਿਸਾਖੀ ਦੇ ਸ਼ੁਭ ਅਵਸਰ ਤੇ 'ਆਤਮ ਮਾਰਗ' ਮਾਸਿਕ ਮੈਗਜ਼ੀਨ ਰਿਲੀਜ਼ ਕੀਤਾ ਜਾ ਰਿਹਾ ਹੈ।

ਅਜੋਕੇ ਪਦਾਰਥਵਾਦੀ ਯੁਗ ਵਿਚ ਮਨੁੱਖ ਨੂੰ ਸੁਯੋਗ ਆਤਮਕ ਅਗਵਾਈ ਪ੍ਰਦਾਨ ਕਰਨ ਦੀ ਬੜੀ ਲੋੜ ਹੈ। ਮੈਂ ਆਸ ਕਰਦਾ ਹਾਂ ਕਿ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਨੇ ਇਹ ਅਗਵਾਈ ਪ੍ਰਦਾਨ ਕਰਨ ਦਾ ਜਿਹੜਾ ਬੀੜਾ ਚੁੱਕਿਆ ਹੈ ਉਸ ਵਿਚ ਉਨ੍ਹਾਂ ਨੂੰ ਸਫਲਤਾ ਮਿਲੇਗੀ ਅਤੇ ਉਨ੍ਹਾਂ ਦੇ ਯਤਨ ਸੂਝ, ਸ਼ਹਿਨਸ਼ੀਲਤਾ, ਪਰਸਪਰ ਪ੍ਰੇਮ ਅਤੇ ਨਰੋਈਆਂ ਕਦਰਾਂ-ਕੀਮਤਾਂ ਵਾਲਾ ਸਮਾਜ ਸਿਰਜਣ ਵਿਚ ਸਹਾਈ ਹੋਣਗੇ।

ਮੈਂ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਆਪ ਜੀ ਨੂੰ ਇਸ ਉਦਮ ਵਿਚ ਸਫਲਤਾ ਦੇਵੇ।

ਜੋਗਿੰਦਰ ਸਿੰਘ ਪੁਆਰ


ਵਾਈਸ-ਚਾਂਸਲਰ
ਪੰਜਾਬੀ ਯੂਨੀਵਰਸਿਟੀ,
ਪਟਿਆਲਾ

# ਸੰਦੇਸ਼

ਮੈਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਈ ਹੈ ਕਿ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਵੱਲੋਂ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਸਰਪ੍ਰਸਤੀ ਹੇਠ 'ਆਤਮ ਮਾਰਗ' ਮਾਸਿਕ ਮੈਗਜ਼ੀਨ ਰਿਲੀਜ਼ ਕੀਤਾ ਜਾ ਰਿਹਾ ਹੈ। ਹੋਰ ਵੀ ਖੁਸ਼ੀ ਦੀ ਗੱਲ ਇਹ ਹੈ ਅਜੇਹਾ ਸ਼ਲਾਘਾ-ਯੋਗ ਉਦਮ ਵਿਸਾਖੀ ਦੇ ਸ਼ੁਭ ਔਰ ਪਵਿੱਤਰ ਦਿਹਾੜੇ ਤੇ ਆਰੰਭ ਕੀਤਾ ਜਾ ਰਿਹਾ ਹੈ।

ਅਜੇਹੇ ਨਿੱਗਰ ਉਸਾਰੂ ਕਾਰਜਾਂ ਤੋਂ ਹੀ ਕਿਸੇ ਮਹਾਂਪੁਰਖ ਦੀ ਮਹਾਨਤਾ ਦੀ ਪਛਾਣ ਹੁੰਦੀ ਹੈ ਜਿਸ ਤੋਂ ਵਰਤਮਾਨ ਸਮਾਜ ਤੇ ਨਵੀਂ ਪੀੜ੍ਹੀ ਲਾਭ ਉਠਾ ਕੇ ਆਪਣੇ ਆਪ ਨੂੰ ਸ਼ਿੰਗਾਰਦੀ ਹੈ। ਜਿੱਥੇ ਪਹਿਲਾਂ ਹੀ ਮਹਾਂਪੁਰਖਾਂ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਮਿਸ਼ਨ ਨੂੰ ਪ੍ਰਚਾਰਨ ਤੇ ਅਮਲੀ ਰੂਪ ਦੇਣ ਲਈ ਇਤਿਹਾਸਕ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣ ਵਾਲੇ ਉਪਰਾਲੇ ਕੀਤੇ ਗਏ ਹਨ ਉਥੇ ਆਸ ਹੈ, ਸਮੁੱਚੀ ਮਾਨਵਤਾ ਲਈ ਇਹ ਮਾਸਿਕ ਪੱਤਰ ਇਕ ਚਾਨਣ ਮੁਨਾਰੇ ਦਾ ਕੰਮ ਕਰੇਗਾ। ਮੈਂ ਦਿਲੋਂ ਕਾਮਨਾ ਕਰਦਾ ਹਾਂ ਕਿ ਗੁਰੂ ਪਾਤਸ਼ਾਹ ਇਸ ਕਾਰਜ ਲਈ ਬਲ ਬਖਸ਼ਣ ਤੇ ਇਹ ਮੈਗਜ਼ੀਨ ਦਿਨ ਦੁੱਗਣੀ ਰਾਚ ਚੌਗਣੀ ਤਰੱਕੀ ਕਰਦਾ ਹੋਇਆ ਦੇਸ਼ ਕੌਮ ਦੀ ਸੇਵਾ ਲਈ ਆਪਣੀ ਮਿਸਾਲ ਆਪ ਹੀ ਹੋਵੇ।

ਸਾਧੂ ਸਿੰਘ
ਸਰਪ੍ਰਸਤ : ਸ੍ਰੀ ਮਾਨ ਸੰਤ ਈਸਰ ਸਿੰਘ ਗਿਆਨ ਪ੍ਰਕਾਸ਼
ਪਬਲਿਕ ਸਕੂਲ, ਛਾਹੜ।
(ਜਿਲਾ ਸੰਗਰੂਰ)



## MESSAGE

I am very happy to learn that under the patronage of Sant Baba Waryam Singh ji, the Vishav Gurmat Roohani Mission Trust is planning to bring out a new monthly magazine, Atam Marg, on the auspicious day of Baisakhi. The issues which the magazine seeks to cover are of great contemporary significance. I am sure that the new magazine will enable its readers to lead a life which has a judicious blend of tradition, modernity and spiritual values.

I wish the new magazine success in its noble task.

With kind regards,

Yours sincerely

Manmohan Singh

Manmohan Singh
Finance Minister
(Government Of India)

# ਆਤਮ ਮਾਰਗ

ਸਾਲ ਪਹਿਲਾ - ਅੰਕ ਦੂਜਾ - ਮਾਸਿਕ - ਮਈ, 1995



**: ਸਰਪ੍ਰਸਤ :**

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

**: ਸੰਪਾਦਕ :**

ਹਰਪਾਲ ਸਿੰਘ

**: ਆਨਰੇਰੀ ਸੰਪਾਦਕ :**

ਡਾਕਟਰ ਸ਼ਮਸ਼ੇਰ ਸਿੰਘ
ਡਾਕਟਰ ਬੀਬੀ ਤੇਜਿੰਦਰ ਮਲਹੋਤਰਾ

**: ਐਡੀਟੋਰੀਅਲ ਬੋਰਡ :**

ਸੰਤ ਸਾਧੂ ਸਿੰਘ ਜੀ (ਡਬਲ ਐਮ. ਏ.)
ਡਾਕਟਰ ਕੁਲਦੀਪ ਸਿੰਘ
ਸਰਮੁਖ ਸਿੰਘ ਪੰਨੂ (ਰਿਟਾ: ਸੁਪਰਡੰਟ)
ਐਨ. ਐਸ ਲੂੰਬਾ

**: ਸਲਾਹਕਾਰ:**

ਬੀ. ਐਸ ਆਹਲੂਵਾਲੀਆ
ਇੰਜ: ਤਰਲੋਚਨ ਸਿੰਘ
ਹਰਭਜਨ ਸਿੰਘ ਹਲਵਾਰਵੀ


ਨੋਟ: ਆਮਤ ਮਾਰਗ ਐਡੀਟੋਰੀਅਲ ਬੋਰਡ ਦੇ ਮੈਂਬਰ ਜ਼ਰੂਰੀ ਨਹੀਂ ਕਿ ਲੇਖਕਾਂ ਦੇ ਖਿਆਲਾਂ ਨਾਲ ਸਹਿਮਤ ਹੋਣ।


**: ਪੱਤਰ ਵਿਹਾਰ ਅਤੇ ਚੰਦਾ ਭੇਜਣ ਲਈ ਪਤਾ:**

ਕੋਠੀ ਨੰ: 781, ਫੇਜ਼ 3 ਬੀ-1, ਸੈਕਟਰ 60,
ਐਸ. ਏ. ਐਸ. ਨਗਰ (ਮੋਹਾਲੀ) - 160055

**: ਟੈਲੀਫੋਨ ਸੰਪਰਕ :**

ਮੋਹਾਲੀ : 571301, 572435
ਚੰਡੀਗੜ੍ਹ : 603524
ਰਤਵਾੜਾ ਸਾਹਿਬ : 89-218



**ਪ੍ਰਕਾਸ਼ਕ ਦੇ ਸਭ ਹਕ ਰਾਖਵੇਂ ਹਨ।**



**ਪਬਲਿਸ਼ਰ ਤੇ ਸੰਪਾਦਕ ਹਰਪਾਲ ਸਿੰਘ ਨੇ ਆਤਮ ਮਾਰਗ ਅਸੋਸ਼ੀਏਟਡ ਪਰਿੰਟ੍ਜ਼, ਇੰਡਸਟਰੀਅਲ ਏਰੀਆ, ਫੇਜ਼ -1, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬ ਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਤ ਕੀਤਾ।**


## ਤਤਕਰਾ


| | |
|---|---|
| 1. ਜੇਠਿ | 2 |
| 2. ਸੰਪਾਦਕੀ<br>*ਹਰਪਾਲ ਸਿੰਘ* | 3 |
| 3. ਸਿਰਮੌਰ ਰਤਨ - ਸਾਹਿਬ ਭਾਈ ਦਿਆ ਸਿੰਘ ਜੀ<br>*ਗਿਆਨੀ ਮੇਹਰ ਸਿੰਘ* | 4 |
| 4. ਸੰਤ ਕਾ ਮਾਰਗ<br>*ਸੰਤ ਬਾਬਾ ਵਰਿਆਮ ਸਿੰਘ ਜੀ* | 6 |
| 5. ਆਦਰਸ਼ ਸੇਵਕ<br>*ਡਾ. ਸ਼ਮਸ਼ੇਰ ਸਿੰਘ* | 12 |
| 6. ਗੁਰਮੁਖਿ ਦਾਸਨ ਦਾਸ<br>*ਪ੍ਰੋ: ਗੁਰਦੇਵ ਸਿੰਘ* | 15 |
| 7. ਸ੍ਰੀ ਗੁਰੂ ਗ੍ਰੰਥ ਸਾਹਿਬ - "ਸਰਵੋਤਮ"<br>*ਡਾ. ਸਵਾਮੀ ਰਾਮ ਜੀ* | 18 |
| 8. ਕਵਿਤਾ<br>*ਨਸੀਬ ਸਿੰਘ 'ਅਦਲੀ'* | 20 |
| 9. ਸਤਸੰਗਤਿ ਮਿਲੇ ਸੁ ਤਰਿਆ<br>*ਇੰਜ: ਜਸਵੰਤ ਸਿੰਘ 'ਸਿਆਣ'* | 21 |
| 10. ਪ੍ਰਸ਼ਨ - ਉਤਰ | 23 |
| 11. ਜੀਵਨ ਮਨੋਰਥ<br>*ਸੰਤ ਬਾਬਾ ਵਰਿਆਮ ਸਿੰਘ ਜੀ* | 24 |
| 12. ਅੰਮ੍ਰਿਤ : ਖਾਲਸਈ ਜੀਵਨ ਦਾ ਮੁੱਖ ਸਿਧਾਂਤ<br>*ਡਾ. ਜਗਜੀਤ ਸਿੰਘ* | 29 |
| 13 ਮਹਾਂਪੁਰਸ਼ਾਂ ਦੇ ਅਨੁਭਵੀ ਬਚਨ | 31 |
| 14. ਸੰਤ ਬਚਨ<br>*ਸੰਤ ਬਾਬਾ ਵਰਿਆਮ ਸਿੰਘ ਜੀ* | 35 |
| 15. ਭੱਟਾਂ ਦੀ ਨਜ਼ਰ ਵਿਚ ਗੁਰੂ ਰਾਮਦਾਸ ਜੀ<br>*ਬੀਬੀ ਅਮਰਜੀਤ ਕੌਰ* | 39 |
| 16. ਦਿਮਾਗ ਦੀ ਦੂਸ਼ਿਤ ਕ੍ਰਿਆ<br>*ਡਾ. ਕੁਲਦੀਪ ਸਿੰਘ* | 43 |
| 17. ਸਿਹਤ ਵਿਗਿਆਨ<br>*ਭਾਈ ਕਾਨ੍ਹ ਸਿੰਘ ਨਾਭਾ* | 46 |
| 18. ਸਮਾਗਮ ਤੇ ਸਰਗਰਮੀਆਂ | 49 |



**-: ਚੰਦਾ :-**

ਦੇਸ਼ : ਸਲਾਨਾ 165/-, ਫੀ ਕਾਪੀ 15/-
ਵਿਦੇਸ਼ : ਸਲਾਨਾ 40 US$

**REGD. No. 1/58/95-4/ਪੀ.ਬੀ. (2) 977**


**ਮੁਖ ਪੰਨੇ ਦੀ ਤਸਵੀਰ - ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ।**

# ਜੇਠਿ

*ਹਰਿ ਜੇਠਿ ਜੁੜੰਦਾ ਲੋੜੀਐ ਜਿਸ ਅਗੇ ਸਭਿ ਨਿਵੰਨਿ।।*
*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ।।*
*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ।।*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ।।*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ।।*
*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ।।*
*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ।।*
*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।।*
*ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ।।*

ਗੁਰੂ ਅਰਜਨ ਦੇਵ ਜੀ ਜੇਠ ਮਹੀਨੇ ਦੁਆਰਾ ਜਗਿਆਸੂ ਨੂੰ ਉਪਦੇਸ਼ ਕਰਦੇ ਹਨ ਕਿ ਜੇਠਿ (ਵੱਡਾ ਹਰੀ, ਜਿਸ ਅਗੇ ਸਾਰੇ ਨਿਵਦੇ ਹਨ, ਝੁਕਦੇ ਹਨ) ਨਾਲ ਜੁੜੇ ਰਹਿਣਾ ਚਾਹੀਦਾ ਹੈ ਭਾਵ ਉਸ ਪ੍ਰਭੂ ਦੇ ਉਪਦੇਸ਼ ਵਲ ਧਿਆਨ ਦੇਣਾ ਚਾਹੀਦਾ ਹੈ। ਹਰੀ ਪ੍ਰਭੂ ਦੇ ਪੱਲੇ ਲਗਣ ਨਾਲ ਫਿਰ ਜਮ ਦੇ ਦੂਤ ਧਰਮ ਰਾਜ ਪਾਸ ਬੰਨ੍ਹ ਕੇ ਨਹੀਂ ਲਿਜਾਂਦੇ। ਪੱਲੇ ਲੱਗਣ ਵਾਲਿਆਂ ਪਾਸ ਮਾਣਕ ਮੋਤੀ ਰੂਪ ਕੀਮਤੀ ਨਾਮ ਹੁੰਦਾ ਹੈ ਜਿਸਨੂੰ ਸੰਨ੍ਹ ਨਹੀਂ ਲੱਗਦੀ। ਜਮ ਇਸਨੂੰ ਖੋਹ ਨਹੀਂ ਸਕਦਾ। ਮਨੁੱਖ ਦੇ ਸਾਰੇ ਮਨ ਭਾਉਂਦੇ ਅਨੰਦ ਵਾਹਿਗੁਰੂ ਪਾਸ ਹਨ, ਜਿਹੜੇ ਪ੍ਰਭੂ ਲੜ ਲਗਿਆਂ ਹੀ ਪ੍ਰਾਪਤ ਹੁੰਦੇ ਹਨ।

ਪ੍ਰਭੂ ਦੇ ਲੜ ਲਗਿਆਂ ਜੀਵ, ਪ੍ਰਭੂ ਦੇ ਹੁਕਮ ਅੰਦਰ ਚਲਦਾ ਹੈ, ਉਸ ਦੀ ਰਜ਼ਾ ਨੂੰ ਸਵੀਕਾਰ ਕਰਦਾ ਹੈ। ਜਿਹੜਾ ਜੀਵ, ਪ੍ਰਭੂ ਨੇ ਆਪਣਾ ਕਰ ਲਿਆ ਹੈ ਭਾਵ ਲੜ ਲਗੇ ਨੂੰ ਪ੍ਰਵਾਨ ਕਰ ਲਿਆ ਹੈ, ਉਹ ਧਨ ਹੈ। ਐਸਾ ਜੀਵ ਪ੍ਰਭੂ ਪ੍ਰਾਪਤੀ ਦਾ ਅਨੰਦ ਉਹੀ ਮਾਣਦਾ ਹੈ, ਜਿਸਨੂੰ ਸਾਧੂ ਦਾ ਸੰਗ ਪ੍ਰਾਪਤ ਹੁੰਦਾ ਹੈ।

ਜੇਕਰ ਆਪਣੇ ਕੀਤੇ ਕਰਮਾਂ ਅਨੁਸਾਰ ਹੀ ਮਿਲਣਾ ਹੁੰਦਾ ਤਾਂ ਫਿਰ ਵਿਛੋੜੇ ਕਾਰਨ ਦੁਖਾਂ ਵਿਚ ਰੋਣਾ ਨਾ ਪੈਂਦਾ। ਸਾਧੂ ਸੰਗ ਕੀਤਿਆਂ ਹੀ ਚੰਗੇ ਭਾਗ (ਕਰਮ) ਬਣਕੇ ਪ੍ਰਭੂ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਜਿਹੜੀ ਇਸ ਜੇਠ ਮਹੀਨੇ ਦੁਆਰਾ ਗੁਰੂ ਜੀ ਜਗਿਆਸੂਆਂ ਨੂੰ ਉਪਦੇਸ਼ ਕਰਦੇ ਹਨ।

ਇਨ੍ਹਾਂ ਹਉਮੈਂ ਯੁਕਤ ਕਰਮਾਂ ਕਰਕੇ ਹੀ ਜੀਵ ਕਈ ਜਨਮਾਂ ਤੋਂ ਪ੍ਰਭੂ ਨਾਲੋਂ ਵਿਛੜਿਆ ਹੋਇਆ ਹੈ। ਇਹੀ ਮਨੁੱਖਾ ਜਨਮ ਜੋ ਸੋਝੀ ਭਰਪੂਰ ਮਿਲਿਆ ਹੈ, ਦੇ ਰਾਹੀਂ ਪ੍ਰਭੂ ਨੂੰ ਮੁੜ ਮਿਲ ਸਕਦਾ ਹੈ। ਪ੍ਰਭੂ ਨੂੰ ਮਿਲਾਉਣ ਵਾਲਾ ਗੁਰੂ ਹੀ ਵਿਚੋਲੇ ਦਾ ਕੰਮ ਕਰਦਾ ਹੈ। ਗੁਰੂ ਕਥਨ ਹੈ -

*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ।।* ਪੰਨਾ - 957

ਗੁਰੂ ਦਾ ਰੋਲ ਬੜਾ ਅਹਿਮ ਹੈ। ਗੁਰੂ, ਸਿਖ ਦਾ ਹਲਤ ਪਲਤ ਸੁਆਰ ਦਿੰਦਾ ਹੈ। ਇਹ ਤਦ ਹੀ ਸੰਭਵ ਹੈ ਜਦੋਂ ਸਾਧਕ ਆਪਣੇ ਸਾਰੇ ਕਰਮ ਪ੍ਰਭੂ ਨੂੰ ਸਮਰਪਿਤ ਕਰ ਦਿੰਦਾ ਹੈ। ਮੈਂ-ਮੇਰੀ ਦੀ ਅਪਣੱਤ ਛੱਡ ਕੇ ਪ੍ਰਭੂ ਹੁਕਮ ਨੂੰ ਭਾਣੇ ਰੂਪ ਵਿਚ ਸਵੀਕਾਰ ਕਰਨਾ ਔਖਾ ਹੈ। ਪ੍ਰਭੂ ਕਿਰਪਾ ਹੋਵੇ ਤਾਂ ਹੀ ਇਹ ਸੰਭਵ ਹੋ ਸਕਦਾ ਹੈ -

*ਗੁਰ ਪੀਰਾਂ ਕੀ ਚਾਕਰੀ ਮਹਾ ਕਰੜੀ ਸੁਖ ਸਾਰੁ।।* ਪੰਨਾ - 1422

## ਸੰਪਾਦਕੀ

ਮਹਾਂਪੁਰਸ਼ਾਂ ਦੀ ਸਰਪ੍ਰਸਤੀ ਹੇਠ 'ਆਤਮ ਮਾਰਗ' ਮਾਸਿਕ ਪਤ੍ਰਿਕਾ ਆਪਣਾ ਸਫ਼ਰ ਤੈਅ ਕਰਦਾ ਹੋਇਆ ਮਈ, 1995 ਦਾ ਦੂਜਾ ਅੰਕ ਆਪ ਤੱਕ ਪਹੁੰਚਿਆ ਹੈ।

ਪਿਛਲੇ ਵਿਸਾਖੀ ਵਿਸ਼ੇਸ ਅੰਕ ਦੀਆਂ 7500 (ਸੱਤ ਹਜ਼ਾਰ ਪੰਜ ਸੌ) ਕਾਪੀਆਂ ਰਾਹੀਂ ਦੇਸ਼ਾਂ ਵਿਦੇਸ਼ਾਂ ਵਿਚ ਰਹਿੰਦੇ ਪਾਠਕਾਂ ਨੇ ਆਨੰਦ ਮਾਣਿਆ। ਇਸ ਪ੍ਰਥਾਏ ਬਹੁਤ ਸਾਰੇ ਪ੍ਰਸੰਸਾ ਪੱਤਰ ਪ੍ਰਾਪਤ ਹੋਏ, ਹੋਰ ਉਤਸ਼ਾਹ ਵਿਚ ਵਾਧਾ ਹੋਇਆ, ਨਤੀਜੇ ਵਜੋਂ ਇਸ ਪਤ੍ਰਿਕਾ ਦੀ ਗਿਣਤੀ ਥੋੜੇ ਹੀ ਸਮੇਂ ਵਿਚ (10,000) ਕੀਤੀ ਜਾ ਰਹੀ ਹੈ। ਰਾਜਨੀਤਕ ਘਟਨਾਵਾਂ ਤੋਂ ਪੂਰੀ ਤਰ੍ਹਾਂ ਨਾਲ ਅਛੋਹ ਇਹ ਆਪਣੇ ਆਪ ਦੀ ਇਕ ਅਦੁੱਤੀ ਮਿਸਾਲ ਹੈ। ਇਸ ਮਾਸਿਕ ਪਤ੍ਰਿਕਾ ਦਾ ਮੁਖ ਮੰਤਵ ਸਿੱਖੀ ਦੀ ਰਹੁ-ਰੀਤ ਨੂੰ ਗੁਰਮਤਿ ਅਨੁਸਾਰ ਉਜਾਗਰ ਕਰਨਾ ਹੈ। ਇਸ ਨੂੰ ਪੂਰਾ ਕਰਨ ਵਾਸਤੇ ਆਧੁਨਿਕ ਤੇ ਪੁਰਾਤਨ ਢੰਗ ਅਪਣਾਏ ਜਾ ਰਹੇ ਹਨ। ਮਹਾਂਪੁਰਸ਼ਾਂ ਵਲੋਂ ਲੇਖਕਾਂ ਨੂੰ ਗੁਰਬਾਣੀ ਦੇ ਚਾਨਣ ਵਿੱਚ ਲੇਖ ਲਿਖੇ ਜਾਣ ਦੀ ਪ੍ਰੇਰਨਾ ਕੀਤੀ ਜਾਂਦੀ ਹੈ। ਇਸ ਅੰਕ ਤੋਂ ਪਾਠਕਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ 'ਪ੍ਰਸ਼ਨ - ਉੱਤਰ' ਸਿਰਲੇਖ ਹੇਠ ਦਿਤੇ ਜਾ ਰਹੇ ਹਨ, ਜੋ ਜਨ ਸਧਾਰਨ ਨੂੰ ਵੀ ਇਕ ਪ੍ਰਕਾਸ਼ਮਈ ਰਸਤਾ ਦਰਸਾਉਣਗੇ। ਅਸੀਂ ਛੇਤੀਂ ਹੀ ਵਿਕਰੀ ਕੇਂਦਰਾਂ ਦੀ ਪੂਰੀ ਜਾਣਕਾਰੀ ਆਪ ਜੀ ਨੂੰ ਦੇਵਾਂਗੇ।

ਟਰੱਸਟ ਦੇ ਬਾਨੀ ਤੇ ਮੁਖੀ ਸੰਤ ਬਾਬਾ ਵਰਿਆਮ ਸਿੰਘ ਜੀ ਦਾ ਕਾਫੀ ਸਮੇਂ ਤੋਂ ਇਹ ਸੰਕਲਪ ਸੀ ਕਿ ਇਕ ਐਸਾ ਮੈਗਜ਼ੀਨ ਸ਼ੁਰੂ ਕੀਤਾ ਜਾਵੇ ਜਿਹੜਾ ਆਤਮਕ ਮੰਜ਼ਲਾਂ ਦੀ ਰਹਿਨੁਮਾਈ ਕਰ ਸਕੇ। ਇਹ ਲੋੜ ਜਗਿਆਸੂਆਂ ਵਿਚ ਵੀ ਮਹਿਸੂਸ ਕੀਤੀ ਜਾ ਰਹੀ ਸੀ ਕਿ ਮਹਾਂਪੁਰਖਾਂ ਦੇ ਨਿਰੋਲ ਆਤਮ ਗਿਆਨ ਵਾਲੇ ਅਨੁਭਵੀ ਬਚਨ ਲਿਖਤੀ ਰੂਪ ਵਿਚ ਸੰਗਤਾਂ ਤਾਈਂ ਪਹੁੰਚਣੇ ਚਾਹੀਦੇ ਹਨ। ਇਹ ਮਾਸਕ ਪੱਤਰ, ਨਿਰੋਲ ਧਾਰਮਿਕ ਖਾਸ ਕਰਕੇ ਅਧਿਆਤਮਵਾਦੀ ਤੱਤਾਂ ਨੂੰ ਹੀ ਵਰਣਨ ਕਰਨ ਦਾ ਯਤਨ ਕਰੇਗਾ। ਇਹ ਤੱਤ, ਸੰਸਾਰ ਦੇ ਸਾਰੇ ਆਸਤਕ ਧਰਮਾਂ ਵਿਚ ਲਗਭਗ ਸਾਂਝੇ ਹਨ, ਪ੍ਰੰਤੂ ਫਿਰ ਵੀ ਹਰ ਜਗਿਆਸੂ ਨੂੰ ਆਪੋ ਆਪਣੀ ਸੁਵਿਧਾ ਅਨੁਸਾਰ ਉਪਲਬਧ ਹੋਣ ਤੇ ਲਾਭ ਉਠਾਇਆ ਜਾ ਸਕਦਾ ਹੈ।

ਲੜੀ ਜੋੜਨ ਲਈ, ਦੇਖੋ
ਵਿਸਾਖੀ ਵਿਸ਼ੇਸ਼ ਅੰਕ

# ਸਿਰਮੌਰ ਰਤਨ
# ਸਾਹਿਬ ਭਾਈ ਪਿਆਰੇ ਦਿਆ ਸਿੰਘ ਜੀ

## *ਅਨੰਦਪੁਰ ਦਾ ਤਿਆਗ*

ਅਨੰਦਪੁਰ ਦੀ ਆਖਰੀ ਲੜਾਈ ਸਮੇਂ ਸ਼ਾਹੀ ਸੈਨਾ ਜੋ ਸਤਿਗੁਰੂ ਦੇ ਕਥਨ ਅਨੁਸਾਰ ਮੁਲਖਈਏ ਤੋਂ ਵੱਖਰੀ ਦਸ ਲੱਖ ਸੀ। ਅਨੰਦਪੁਰ ਦੀ ਗੜ੍ਹੀ ਜੋ ਲੱਖਾਂ ਬੇਸਹਾਰੇ ਲੋਕਾਂ ਦਾ ਸਹਾਰਾ ਤੇ ਨਿਧਿਰਿਆਂ ਦੀ ਧਿਰ ਸੀ। ਆਖਰ ਚੌਤਰਫੇ ਤੋਂ ਨਾਕਾਬੰਦੀ ਨੇ ਖੁਰਾਕ ਤੇ ਸਮਾਨ ਬੰਦ ਹੋਣ ਕਾਰਣ ਹਜ਼ਾਰਾਂ ਹੀ ਲੋਕ ਸਤਿਗੁਰੂ ਜੀ ਦੀ ਆਗਿਆ ਨ ਮੰਨ ਕੇ ਭੁਖ ਦੇ ਮਾਰੇ ਹੋਏ ਸਤਿਗੁਰਾਂ ਦਾ ਸਾਥ ਛਡ ਗਏ। ਭਾਈ ਦਿਆ ਸਿੰਘ ਜੀ ਨੇ ਪੰਚਾਇਤੀ ਤੌਰ ਤੇ ਜਥੇਬੰਦੀ ਦੇ ਨਾਤੇ, ਤੇ ਧਾਰਮਕ ਨਾਤੇ ਸਮਝਾਇਆ, ਪਰ ਪੇਟ ਦੀ ਭੁਖ ਦੇ ਮਾਰੇ ਵਿਆਕੁਲ ਹੋਏ ਸਿੱਖਾਂ ਨੇ ਸਤਿਗੁਰੂ ਜੀ ਦਾ ਸਾਥ ਛਡ ਦਿਤਾ, ਪਰ ਭੁਖ ਤਕਲੀਫ ਭਲਾ ਉਨ੍ਹਾਂ ਲੋਕਾਂ ਪਰ ਕੀ ਅਸਰ ਕਰ ਸਕਦੀ ਸੀ ਜਿਨ੍ਹਾਂ ਨੇ ਆਪਣਾ ਆਪ ਹੀ ਗੁਰਦੇਵ ਦੇ ਹਵਾਲੇ ਕਰ ਦਿਤਾ ਤੇ ਆਪ ਘੋਲ-ਘੁਮਾ ਕੇ ਗੁਰਦੇਵ ਦੀ ਆਗਿਆ ਵਿਚ ਮੁਰਦਾ ਹੋ ਕੇ ਮੁਰੀਦ ਬਣ ਕੇ ਜੀਵਨ ਬਤੀਤ ਕਰ ਰਹੇ ਸਨ। ਇਹ ਅਸਲੋਂ ਜੀਵਨ ਦਾ ਮਨੋਰਥ ਹੀ ਜੀਵਨ ਨੂੰ ਦੇਸ਼ ਧਰਮ ਤੇ ਸਤਿਗੁਰਾਂ ਦੀ ਆਗਿਆ ਵਿਚ ਸਫ਼ਲਤਾ ਸਹਿਤ ਬਤੀਤ ਕਰਨ ਲਈ ਲਗਾਣਾ ਧਰਮ ਸਮਝਦੇ ਸਨ। ਸੋ ਜੇਕਰ ਹੋਰ ਕੋਈ ਨਾਲ ਨਾ ਰਹਿੰਦਾ, ਤਦ ਵੀ ਸਤਿਗੁਰੂ ਜੀ ਦੇ ਇਹ ਅਨਿਨ ਸੇਵਕ ਕਦੇ ਵੀ ਪਿੱਛਾ ਨਾ ਦਿਖਾਂਦੇ ਤੇ ਨਾ ਹੀ ਕਦੇ ਕਮਜ਼ੋਰੀ ਦਿਖਾਂਦੇ। ਸੋ ਸਤਿਗੁਰਾਂ ਦੀ ਸੇਵਾ ਵਿਚ ਇਕ ਨਿਸ਼ਕਾਮ ਸੇਵਕ ਵਾਂਗ ਸੇਵਾ ਕਰਦੇ ਹੋਏ ਹੀ ਇਨ੍ਹਾਂ ਨੇ ਅਨੰਦਪੁਰ ਦੀ ਗੜ੍ਹੀ ਛਡ ਦੇਣ ਦਾ ਮਤਾ ਆਖਰ ਸਤਿਗੁਰੂ ਜੀ ਨੂੰ ਦਿਤਾ। ਫਿਰ ਸਰਸਾ ਨਦੀ ਪਾਰ ਕਰਕੇ ਚਮਕੌਰ ਦੀ ਕੱਚੀ ਹਵੇਲੀ, ਜਿਸਦੇ ਦਰ ਤੇ ਪਾੜੇ ਬੰਦ ਕਰਕੇ ਇਕ ਤਰ੍ਹਾਂ ਕਚੀ ਗੜ੍ਹੀ ਵਾਂਗ ਬਣਾ ਲਈ ਸੀ। ਘੇਰੇ ਅੰਦਰ ਚਾਲੀ ਸਿੰਘ ਤੇ ਦੋ ਸਾਹਿਬਜ਼ਾਦਿਆਂ ਸਮੇਤ ਆਪ ਨਾਲ ਹੀ ਸਨ। ਜੇਕਰ ਗੁਰਦੇਵ ਦੀ ਆਗਿਆ ਹੁੰਦੀ ਤਦ ਇਹ ਮਰਜੀਵੜੇ ਕਦੇ ਵੀ ਸ਼ਹੀਦੀ ਤੋਂ ਮੂੰਹ ਨ ਮੋੜਦੇ, ਪਰ ਜਦੋਂ ਸਾਰਾ ਦਿਨ ਲੜਦਿਆਂ ਲੰਘ ਗਿਆ ਤੇ ਦੋਵੇਂ ਸਾਹਿਬਜ਼ਾਦੇ ਸਾਹਿਬ ਅਜੀਤ ਸਿੰਘ ਤੇ ਸਾਹਿਬ ਜੁਝਾਰ ਸਿੰਘ ਸ਼ਹੀਦੀਆਂ ਪਾ ਗਏ - ਤਦ ਸਤਿਗੁਰਾਂ ਨੇ ਦੂਸਰੇ ਦਿਨ ਆਪ ਵੀ ਧਰਮ ਯੁਧ ਅੰਦਰ ਸ਼ਹੀਦੀ ਪਾਉਣ ਦਾ ਫੈਸਲਾ ਸੁਣਾਇਆ। ਸਾਰਿਆਂ ਨੇ ਬੇਨਤੀਆਂ ਕੀਤੀਆਂ ਪਰ ਸਤਿਗੁਰੂ ਜੀ ਨੇ ਕਿਹਾ ਕਿ ਹੁਣ ਰਣ ਵਿਚ ਜੂਝ ਮਰਨਾ ਹੀ ਧਰਮ ਤੇ ਜੀਵਨ ਲਕਸ਼ ਹੈ। ਇਸ ਦੀ ਪੂਰਤੀ ਹੀ ਸਫਲ ਜੀਵਨ ਦੀਆਂ ਨਿਸ਼ਾਨੀਆਂ ਹਨ। ਇਹ ਜੇਕਰ ਕਾਲ ਦੀ ਆਗਿਆ ਹੈ ਤਦ ਜ਼ਰੂਰ ਪੂਰੀ ਹੋਵੇਗੀ ਅਤੇ ਕੀਤੇ ਪ੍ਰਣ ਦੀ ਪੂਰਨਤਾ ਵੀ।

ਇਹ ਫੈਸਲਾ ਇਤਨਾ ਅਚਾਨਕ ਤੇ ਭਿਆਨਕ ਸੀ ਕਿ ਚੌਹੀਂ ਪਾਸੀਂ ਸੁੰਨ ਛਾ ਗਈ। ਕੋਈ ਡਰਦਾ ਮਾਰਿਆ ਸਾਹ ਨਹੀਂ ਕਢਦਾ ਸੀ। ਹਰ ਕਿਸੇ ਦੇ ਸਾਹਮਣੇ ਇਕੋ ਸੋਚ ਸੀ ਕਿ ਨਵੇਂ ਸਾਜੇ ਤੇ ਸਜੇ ਅੱਲੜ੍ਹ ਗੁਰੂ ਪੰਥ ਦਾ ਕੀ ਬਣੇਗਾ? ਇਹੀ ਚਿੰਤਾ ਸਭ ਨੇ ਸੁਜਾਨ ਪੁਰਖ ਬਾਬਾ ਦਿਆ ਸਿੰਘ ਜੀ ਅਗੇ ਰੱਖੀ। ਸੋ ਆਪ ਨੇ ਝਟ ਹੀ ਫੈਸਲਾ ਕਰ ਲਿਆ, "ਇਹ ਨਹੀਂ ਹੋ ਸਕਦਾ ਕਿ ਗੁਰਦੇਵ ਸ਼ਹੀਦੀ ਪਾਣ, ਉਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ।" ਸੋ ਭਾਈ ਦਿਆ ਸਿੰਘ ਜੀ ਨੇ ਪੰਜ ਪਿਆਰੇ ਇਕੱਠੇ ਕੀਤੇ। ਇਹ ਇਸ ਤਰ੍ਹਾਂ ਸਨ -

1. ਭਾਈ ਦਿਆ ਸਿੰਘ ਜੀ
2. ਭਾਈ ਧਰਮ ਸਿੰਘ ਜੀ
3. ਭਾਈ ਮਾਨ ਸਿੰਘ ਜੀ
4. ਭਾਈ ਸੰਗਤ ਸਿੰਘ ਜੀ
5. ਭਾਈ ਸੰਤ ਸਿੰਘ ਜੀ

ਇਨ੍ਹਾਂ ਪੰਜਾਂ ਦੀ ਸੰਗਤ ਨੇ ਸਤਿਗੁਰਾਂ ਪਾਸ ਜਾ ਕੇ ਇਹ ਬੇਨਤੀ ਕੀਤੀ ਕਿ ਉਹ ਸ਼ਹੀਦੀ ਪਾਣ ਦਾ ਖਿਆਲ ਛੱਡ ਦੇਣ। ਪਰ ਸਤਿਗੁਰਾਂ ਨੇ ਜਲਾਲ ਵਿਚ ਆ ਕੇ ਕਿਹਾ, "ਭਾਈ ਤੁਸੀਂ ਮੇਰੇ ਗੁਰੂ ਹੋ ਕਿ ਸਿੱਖ ਹੋ ਜੋ ਮੇਰੀ ਆਗਿਆ ਤੇ ਹੁਕਮ ਨਹੀਂ ਮੰਨਦੇ?" ਇਹ ਸੁਣ ਕੇ ਭਾਈ ਦਿਆ ਸਿੰਘ ਜੀ ਨੇ ਕਿਹਾ, "ਗੁਰਦੇਵ ਅਸੀਂ ਇਕ-ਇਕ ਕਰਕੇ ਆਪ ਜੀ ਦੇ ਸੇਵਕ, ਪੁਤਰ ਤੇ ਸਿਖ ਹਾਂ; ਮਿਲਕੇ ਗੁਰੂ ਪੰਥ ਜੋ ਆਪ ਜੀ ਦਾ ਗੁਰੂ ਹੈ ਜੋ ਕਿ ਆਪ ਜੀ ਨੇ ਖੁਦ ਹੀ ਫੁਰਮਾਇਆ ਹੈ। ਹੁਣ ਬੇਨਤੀ ਨਹੀਂ! ਗੁਰੂ ਪੰਥ ਇਹ ਆਗਿਆ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਅਜ ਸ਼ਹੀਦੀ ਨਹੀਂ ਪਾਏਗਾ ਤੇ ਉਹ ਜਿਸ ਤਰ੍ਹਾਂ ਵੀ ਹੋਵੇ, ਕਿਲ੍ਹੇ ਚੋਂ ਨਿਕਲ ਕੇ ਹਰ ਯਤਨ ਕਰਕੇ ਮਾਲਵੇ ਅੰਦਰ ਪੁਜ ਕੇ ਫਿਰ ਪੰਥਕ ਸ਼ਕਤੀ ਨੂੰ ਜੋੜੇ ਤੇ ਜਦੋਂ ਵੀ ਸਮਾਂ ਮਿਲੇ ਫਿਰ ਸ਼ਾਹੀ ਸੈਨਾ ਨਾਲ ਲੋਹਾ ਲਵੇ, ਜਿਸ ਕਰਕੇ ਪੰਥ ਚੜ੍ਹਦੀਆਂ ਕਲਾਂ ਵਿਚ ਹੋਵੇ।"

ਸਤਿਗੁਰੂ ਜੀ ਨੇ ਭਾਈ ਦਿਆ ਸਿੰਘ ਜੀ ਤੇ ਬਾਕੀ ਪਿਆਰਿਆਂ ਨੂੰ ਸਤਿਕਾਰਿਆ ਤੇ ਫੁਰਮਾਇਆ, "ਵਾਹਿਗੁਰੂ ਦਾ ਸ਼ੁਕਰ ਹੈ ਕਿ ਪੰਥ ਹੁਣ ਸਮਰਥ ਹੋ ਗਿਆ ਹੈ, ਉਹ ਮੈਨੂੰ ਵੀ ਆਗਿਆ ਦੇ ਸਕਦਾ ਹੈ। ਅਸਾਂ ਪੰਥ ਬਹੁਤ ਅਗੇ, ਤੇ ਉਚਾ ਲੈ ਜਾਣਾ ਹੈ, ਜਿਸਨੂੰ ਦ੍ਰਿੜ੍ਹ ਵਿਸ਼ਵਾਸ਼ੀ, ਆਤਮ ਗਿਆਨੀ, ਤਿਆਗੀ ਤੇ ਤਪੀ ਸਿੰਘਾਂ ਦੀ ਅਗਵਾਈ ਦੀ ਲੋੜ ਹੈ। ਸੋ ਸਤਿਗੁਰੂ ਜੀ ਨੇ ਜਿਨ੍ਹਾਂ ਸਿੰਘਾਂ ਨੂੰ ਨਾਲ ਹੀ ਲੈ ਕੇ ਬਾਹਰ ਨਿਕਲਣ ਦਾ ਫੈਸਲਾ ਕੀਤਾ; ਉਹ ਸਾਹਿਬ ਭਾਈ ਦਿਆ ਸਿੰਘ ਤੇ ਭਾਈ ਮਾਨ ਸਿੰਘ ਜੀ ਹੀ ਸਨ। ਗੜ੍ਹੀ ਛਡਣ ਤੋਂ ਪਹਿਲਾਂ ਸਤਿਗੁਰਾਂ ਨੇ ਪੰਥ ਨੂੰ ਗੁਰਗੱਦੀ ਬਖਸ਼ੀ ਤੇ ਪੰਜ ਪੈਸੇ ਅਗੇ ਪ੍ਰਕਰਮਾ ਕਰਕੇ ਪੂਰਨ ਗੁਰੂ ਰੀਤ ਅਨੁਸਾਰ ਗੁਰਤਾ ਦੀਆਂ ਸਮੂਹ ਸ਼ਕਤੀਆਂ ਸਤਿਗੁਰੂ ਜੀ ਨੇ ਅਗੇ ਤੋਂ ਖਾਲਸਾ ਪੰਥ ਨੂੰ ਸੌਂਪ ਕੇ ਇਹ ਐਲਾਨ ਕਰ ਦਿਤਾ ਕਿ ਮੈਂ ਹਰ ਸਮੇਂ ਪੰਥ ਅੰਦਰ ਸਮੂਹ ਸ਼ਕਤੀਆਂ ਸਹਿਤ ਰਹਾਂਗਾ। ਜੋ ਵੀ ਪੰਥ ਵਿਚੋਂ ਮੇਰੀ ਖੋਜ ਕਰੇਗਾ, ਉਹ ਹਰ ਸਮੇਂ ਹੀ ਮੈਨੂੰ ਭਾਲ ਸਕੇਗਾ। ਬਾਹਰੋਂ ਕਿਧਰੋਂ ਲੱਭਣ ਦੀ ਲੋੜ ਨਹੀਂ। ਗੁਰੂ ਖਾਲਸਾ ਸਰਬ ਕਲਾ ਸਮਰਥ ਹੈ।

ਭਾਈ ਦਿਆ ਸਿੰਘ ਜੀ ਨੂੰ ਗੁਰਦੇਵ ਨੇ ਤਾਰਿਆਂ ਦੀ ਸੇਧ ਪਰ ਹੀ ਅੱਗੇ ਜਾ ਕੇ ਫੌਜਾਂ ਤੋਂ ਪਰੇਰੇ ਫਿਰ ਮਿਲਣ ਦੀ ਆਗਿਆ ਕਰਕੇ ਇਕੱਲੇ ਹੀ ਇਹ ਕਹਿ ਕੇ ਬਾਹਰ ਨਿਕਲੇ ਸਨ ਕਿ "ਹਿੰਦੂਆਂ ਦਾ ਪੀਰ ਜਾ ਰਿਹਾ ਹੈ।" ਇਸ ਨਾਲ ਫੌਜਾਂ ਅੰਦਰ ਕਾਫੀ ਗੜਬੜੀ

ਪੈ ਗਈ ਤੇ ਕਈ ਫੌਜੀ ਆਪਸ ਵਿਚ ਹੀ ਭਿੜ ਗਏ ਤੇ ਕਾਫੀ ਦੇਰ ਪਿਛੋਂ ਇਹ ਸੰਭਲੇ। ਦਿਨ ਚੜ੍ਹੇ ਉਨ੍ਹਾਂ ਉਚੀ ਜਗ੍ਹਾ ਚੜ੍ਹ ਕੇ ਭਾਈ ਸੰਗਤ ਸਿੰਘ ਜੀ ਨੂੰ ਜਿਗਾ ਕਲਗੀ ਸਮੇਤ ਡਿਠਾ ਤਦ ਰਾਤ ਦੀ ਗੱਲ ਕੂੜੀ ਜਾਣ ਕੇ ਫਿਰ ਯੁਧ ਅੰਦਰ ਜੁੜ ਗਏ। ਜਦੋਂ ਸਾਰੇ ਹੀ ਸਿੰਘ ਇਕ-ਇਕ ਕਰਕੇ ਸ਼ਹੀਦੀਆਂ ਪਾ ਗਏ ਤੇ ਮੁਗਲਾਂ ਦੇ ਫੌਜੀ ਅੰਦਰ ਵੜੇ, ਤਦ ਸਿਆਣਿਆਂ ਤੇ ਸਰਕਾਰੀ ਸੂਹੀਆਂ ਨੇ ਇਹ ਗੱਲ ਮੰਨਣੋਂ ਇਨਕਾਰ ਕਰ ਦਿਤਾ ਕਿ ਸ਼ਹੀਦ ਹੋਏ ਸਿੰਘਾਂ ਵਿਚ ਸਤਿਗੁਰੂ ਵੀ ਹਨ। ਸੋ ਉਹ ਫਿਰ ਸਤਿਗੁਰੂ ਜੀ ਦੀ ਖੋਜ ਅੰਦਰ ਨਿਕਲੇ। ਮਾਛੀਵਾੜੇ ਜਾ ਕੇ ਸਤਿਗੁਰੂ ਜੀ ਨੂੰ ਭਾਈ ਦਿਆ ਸਿੰਘ ਜੀ ਤੇ ਮਾਨ ਸਿੰਘ ਮਿਲੇ ਸਨ। ਇਸੇ ਤਰ੍ਹਾਂ ਨੀਲੇ ਵਸਤਰਾਂ ਸਮੇਤ ਉਚ ਦਾ ਪੀਰ ਬਣ ਕੇ ਪਲੰਘ ਪਰ ਸਤਿਗੁਰਾਂ ਨੂੰ ਬਿਠਾ ਕੇ ਅਗੇ ਲੈ ਜਾਣ ਦੀ ਸਕੀਮ ਵੀ ਭਾਈ ਦਿਆ ਸਿੰਘ ਜੀ ਨੇ ਹੀ ਕੱਢੀ ਸੀ। ਗਨੀ ਖਾਂ ਤੇ ਨਬੀ ਖਾਂ ਪਠਾਣ ਜੋ ਸਤਿਗੁਰੂ ਜੀ ਨਾਲ ਘੋੜਿਆਂ ਦਾ ਵਪਾਰ ਕਰਦੇ ਸਨ, ਪਰ ਸੱਚ ਨੇ ਇਨ੍ਹਾਂ ਪਰ ਇਹ ਅਸਰ ਪਾਇਆ ਕਿ ਮੁਸਲਮਾਨ ਸ਼ਾਹੀ ਫੌਜ ਵਿਰੁਧ ਲੜ ਰਹੇ ਤੇ ਉਨ੍ਹਾਂ ਦੇ ਸਭ ਤੋਂ ਵੱਡੇ ਦੁਸ਼ਮਣ ਗੁਰੂ ਗੋਬਿੰਦ ਜੀ ਨੂੰ ਮੰਜੇ ਪਰ ਬਿਠਾ ਕੇ ਖਤਰਨਾਕ ਜਗ੍ਹਾ ਤੋਂ ਸਤਿਗੁਰਾਂ ਨੂੰ ਲਖੀ ਜੰਗਲ ਤਕ ਪਹੁੰਚਾ ਆਏ। ਖਦਰਾਣੇ ਦੀ ਢਾਬ ਪਰ ਹੋਈ ਲੜਾਈ ਸਮੇਂ ਜਦੋਂ ਕਿ ਮਾਝੇ ਦੇ ਸਰਦਾਰਾਂ ਨੇ ਪਾਟੀ ਗੰਢ ਲਈ ਤੇ ਸ਼ਹੀਦੀਆਂ ਪਾ ਕੇ ਸਤਿਗੁਰੂ ਦਾ ਪਿਆਰ ਖਰੀਦਿਆ, ਉਹ ਭਾਈ ਦਿਆ ਸਿੰਘ ਹੀ ਸਨ ਜਿਨ੍ਹਾਂ ਨੂੰ ਸਤਿਗੁਰੂ ਨੇ ਕਿਹਾ ਸੀ, "ਭਾਈ ਦਿਆ ਸਿੰਘ ਚਲੋ, ਚਲ ਕੇ ਤਕੀਏ, ਉਹ ਅਰਸ਼ਾਂ ਤੋਂ ਉਤਰੇ ਕਿਹੜੇ ਦੇਵ ਲੋਕ ਦੇ ਵਸਨੀਕ ਹਨ ਜੋ ਸਾਡੇ ਬਗੈਰ ਦੱਸੇ ਪੁਛੇ ਹੀ ਇਮਦਾਦ ਨੂੰ ਆਏ ਤੇ ਸਫਲਤਾ ਨੇ ਉਨ੍ਹਾਂ ਦੇ ਪੈਰ ਚੁੰਮੇ ਹਨ।" ਚਾਲ੍ਹੀ ਮੁਕਤਿਆਂ ਨੂੰ ਵਰਦਾਨ ਵੀ ਉਨ੍ਹਾਂ ਦੇ ਸਾਹਮਣੇ ਹੀ ਦਿਤੇ ਸਨ।

ਦੀਨੇ ਕਾਂਗੜ ਪੁਜ ਕੇ ਸਤਿਗੁਰਾਂ ਨੇ ਜਫਰਨਾਮਾ ਲਿਖਿਆ ਜਿਸ ਦਾ ਅਰਥ ਹੈ ਕਿ "ਫਤਹਿ ਦੀ ਚਿੱਠੀ" ਇਸ ਪਤ੍ਰਿਕਾ ਦੀ ਇਤਿਹਾਸਕ ਤੇ ਸਿਆਸੀ ਮਹਾਨਤਾ ਸੀ। ਇਸ ਚਿੱਠੀ ਨੂੰ ਔਰੰਗਜ਼ੇਬ ਤਕ ਪੁਚਾ ਕੇ ਹੀ ਸਤਿਗੁਰੂ ਪੰਜਾਬ, ਸਰਹੰਦ ਤੇ ਹੋਰ ਸੂਬਿਆਂ ਵਲੋਂ ਸਿੱਖੀ ਤੇ ਸਤਿਗੁਰਾਂ ਨਾਲ ਹੋਏ ਧੱਕੇ, ਬੇਇਨਸਾਫੀ ਤੇ ਫਿਰ ਆਪਣੇ ਵਿਸ਼ਵਾਸ਼ ਦੀ ਦ੍ਰਿੜ੍ਹਤਾ, ਅਕਾਲਪੁਰਖ ਵਾਹਿਗੁਰੂ ਅੰਦਰ ਦ੍ਰਿੜ੍ਹ ਤੇ ਅਟੱਲ ਵਿਸ਼ਵਾਸ਼ ਨੂੰ ਉਸ ਦੇ ਭਰੋਸੇ ਪਰ ਹੀ ਆਪਣੇ ਸਾਫ ਜ਼ਾਹਰ ਕਰ ਦਿਤਾ ਸੀ ਕਿ "ਕੀ ਹੋਇਆ ਮੇਰੇ ਚਾਰ ਬੱਚੇ ਸ਼ਹੀਦ ਹੋ ਗਏ ਹਨ, ਚੰਗਾੜੇ ਬੁਝ ਗਏ ਪਰ ਜਵਾਲਾ ਮੁੱਖੀ ਪਹਾੜ, ਭਾਵ ਆਪ ਦੀ ਹਸਤੀ ਅਜੇ ਕਾਇਮ ਹੈ।" ਆਪਨੂੰ ਨਾ ਕੋਈ ਰਾਜ ਲੋੜੀਂਦਾ ਹੈ ਤੇ ਨਾ ਹੀ ਕੋਈ ਹੋਰ ਇੱਛਾ ਹੀ ਹੈ। ਉਹ ਤਾਂ ਸਤ ਧਰਮ, ਤੇ ਇਕ ਅਕਾਲ, ਅੱਲਾਹ ਦੀ ਪੂਜਾ ਤੇ ਉਸਦੀ ਮਹਾਨਤਾ ਨੂੰ ਹੀ ਸਾਹਵੇਂ ਰਖਦੇ ਹਨ। ਬੇਦੀਨ, ਬੇਈਮਾਨ ਤੇ ਕੁਫਰ ਨੂੰ ਮੁਢੋਂ ਪੁਟਣਾ ਧਰਮ ਸਮਝਦੇ ਹਨ। ਫਿਰ ਜੇਕਰ ਤੇਰੀਆਂ ਖੁਦਾ ਦੀਆਂ ਕਸਮਾਂ ਝੂਠੀਆਂ ਹਨ ਤਦ ਤੇਰੇ, ਤੇ ਤੇਰੇ ਧਰਮ ਪਰ ਅਗੇ ਨੂੰ ਕੌਣ ਭਰੋਸਾ ਕਰੇਗਾ? ਸੋ ਇਹ ਲੰਬੀ ਫਾਰਸੀ ਦੀ ਮਹਾਨ ਕਵਿਤਾ ਲਿਖ ਕੇ ਇਹ ਫ਼ਤਹਿ ਨਾਮਾ ਹੀ ਸਤਿਗੁਰੂ ਨੇ ਭਾਈ ਦਿਆ ਸਿੰਘ ਦੇ ਰਾਹੀਂ ਔਰੰਗਜ਼ੇਬ ਨੂੰ ਦੱਖਣ ਵਿਚ ਭੇਜਿਆ। ਇਹ ਨਿਰਭੈ, ਨਿਰਵੈਰ ਤੇ ਅਕਾਲ ਦਾ ਆਤਮ ਦਰਸ਼ੀ, ਆਪ ਮੰਜ਼ਲਾਂ ਤਹਿ ਕਰਕੇ ਔਰੰਗਾਬਾਦ ਦੱਖਣ ਵਿਖੇ ਔਰੰਗਜ਼ੇਬ ਸ਼ਹਿਨਸ਼ਾਹ ਹਿੰਦ ਨੂੰ ਮਿਲੇ ਤੇ ਮਿਲਣੋਂ ਪਹਿਲਾਂ ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ ਆਪ ਨੇ ਗੱਜ ਕੇ ਫਤਿਹ ਬੁਲਾਈ, ਜਿਸ ਦਾ ਬਿਰਧ ਔਰੰਬਜ਼ੇਬ ਪਰ ਭਾਰੀ ਅਸਰ ਪਿਆ। ਇਹ ਚਿੱਠੀ ਪੜ੍ਹਦਿਆਂ ਹੀ ਔਰੰਗਜ਼ੇਬ ਨੇ ਇਕ ਪਤ੍ਰਿਕਾ ਪੰਜਾਬ ਤੇ ਦਿੱਲੀ ਤੇ ਹੋਰ ਸੂਬਿਆਂ ਨੂੰ ਰਵਾਨਾ ਕੀਤੀ ਕਿ ਗੁਰੂ ਗੋਬਿੰਦ ਸਿੰਘ ਜੀ ਪਰ ਕੋਈ ਬੰਦਸ਼ ਨਹੀਂ ਹੈ, ਉਹ ਜਿਥੇ ਚਾਹੁਣ, ਰਹਿ ਸਕਦੇ ਹਨ; ਉਹ ਜਿਥੇ ਜਾਣਾ ਚਾਹੁਣ, ਜਾਣ, ਉਨ੍ਹਾਂ ਨੂੰ ਕੋਈ ਵੀ ਤਕਲੀਫ ਨਾ ਦਿਤੀ ਜਾਵੇ। ਨਾਲ ਹੀ ਔਰੰਗਜ਼ੇਬ ਨੇ ਭਾਈ ਦਿਆ ਸਿੰਘ ਜੀ ਰਾਹੀਂ ਸਤਿਗੁਰੂ ਨੂੰ ਆਪ ਮਿਲਣ ਦੀ ਖਾਹਿਸ਼ ਪ੍ਰਗਟ ਕੀਤੀ। ਪਰ ਸਤਿਗੁਰੂ ਦੱਖਣ ਅੰਦਰ ਜਾ ਕੇ ਮਰਾਠਿਆਂ ਦੀ ਮਿਟ ਰਹੀ ਤੇ ਕਮਜ਼ੋਰ ਹੋ ਰਹੀ ਸ਼ਾਹ ਵਿਰੁਧ ਬਗਾਵਤ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੇ ਸਨ। ਇਸ ਲਈ ਆਪ ਦੱਖਣ ਵਲ ਨੂੰ ਤੁਰ ਪਏ। ਦੱਖਣ ਨੂੰ ਜਾਂਦਿਆਂ ਹੀ ਰਾਹ ਅੰਦਰ ਹੀ ਔਰੰਗਜ਼ੇਬ ਦੀ ਮੌਤ ਦੀ ਖਬਰ ਮਿਲੀ ਤੇ ਆਜ਼ਮ ਨੇ, ਜੋ ਪਿਛੋਂ ਤਖਤ ਤੇ ਬੈਠ ਕੇ ਬਹਾਦਰਸ਼ਾਹ ਬਣ ਗਿਆ, ਇਹ ਬੇਨਤੀ ਕਰ ਘੱਲੀ ਕਿ ਸਤਿਗੁਰੂ ਮੇਰੀ ਮਦਦ ਕਰਨ, ਤਦ ਮੈਂ ਉਨ੍ਹਾਂ ਦੀਆਂ ਸਾਰੀਆਂ ਤਕਲੀਫਾਂ ਦੂਰ ਕਰ ਦਿਆਂਗਾ। ਸਤਿਗੁਰਾਂ ਨੇ ਦਿੱਲੀ ਤੋਂ ਬਾਹਰ ਹੀ ਆਗਰੇ ਦੇ ਰਾਹ ਵਿਚ ਦੋਹਾਂ ਸ਼ਾਹੀ ਫੌਜਾਂ ਵਿਚ ਬਹਾਦਰਸ਼ਾਹ ਦੀ ਇਮਦਾਦ ਕੀਤੀ ਜਿਸ ਕਰਕੇ ਬਹਾਦਰਸ਼ਾਹ ਜਿਤ ਗਿਆ। ਉਸਨੇ ਤਖ਼ਤ ਪਰ ਬੈਠ ਕੇ, ਅਗਲੇ ਲੰਬੇ ਪ੍ਰੋਗਰਾਮ ਬਣਾ ਕੇ ਦੱਖਣ ਦਾ ਫਤੂਰ ਕੁਝ ਹੋਰ ਠੰਢਾ ਕਰਨ ਹਿਤ ਉਹ ਦਿੱਲੀ ਤੋਂ ਚਲ ਪਿਆ। ਸਤਿਗੁਰੂ ਜੀ ਨੇ ਆਪਣੇ ਮਹਿਲ ਮਾਤਾ ਸੁੰਦਰੀ ਜੀ, ਭਾਈ ਦਿਆ ਸਿੰਘ ਜੀ ਦੇ ਘਰੋਂ ਬੀਬੀ ਤੇ ਉਨ੍ਹਾਂ ਦੇ ਇਕੋ ਇਕ ਸਾਹਿਬਜ਼ਾਦੇ ਨੂੰ ਦਿੱਲੀ ਹੀ ਮਾਤਾ ਜੀ ਦੀ ਸੇਵਾ ਲਈ ਛੱਡ ਦਿਤਾ।

ਭਾਈ ਸਾਹਿਬ ਸਤਿਗੁਰਾਂ ਦੇ ਨਾਲ ਹੀ ਨਾਂਦੇੜ ਪੁੱਜੇ ਸਨ। ਰਾਹ ਦੀਆਂ ਮੁਸ਼ਕਲਾਂ, ਪ੍ਰਦੇਸ਼ ਦੀਆਂ ਔਕੜਾਂ ਤੇ ਵੇਲੇ ਕੁਵੇਲੇ ਦੀਆਂ ਮਾੜੀਆਂ ਖੁਰਾਕਾਂ, ਫਿਰ ਪਹਿਲਾਂ ਲੜਾਈਆਂ ਅੰਦਰ ਇਕ ਲੰਬੇ ਘੋਲ ਨੇ ਭਾਈ ਦਿਆ ਸਿੰਘ ਜੀ ਦਾ ਜੀਵਨ ਇਕ-ਦਮ ਥੋਥਾ ਤੇ ਕਮਜ਼ੋਰ ਬਣਾ ਦਿਤਾ।

ਸੋ ਜਦੋਂ ਸਤਿਗੁਰਾਂ ਨੇ ਲਛਮਣ ਦਾਸ ਬੈਰਾਗੀ ਦਾ ਮੋਰਚਾ ਸਰ ਕਰਕੇ, ਇਸਦੀ ਵਿਗੜੀ ਬਣਾ ਕੇ ਇਸਨੂੰ ਸੱਚ ਧਰਮ ਦੇ ਰਾਹ ਪਾਇਆ ਤਦ ਭਾਈ ਦਿਆ ਸਿੰਘ ਜੀ ਨਾਲ ਹੀ ਸਨ। ਇਹ ਸਿਖ ਬਣਿਆ ਤੇ "ਗੁਰੂ ਜੀ ਦੀ ਜੈ" ਦੇ ਨਾਅਰੇ ਮਾਰਦਾ ਹੋਇਆ ਅੰਤ ਸ਼ਹੀਦੀ ਨੂੰ ਪ੍ਰਾਪਤ ਹੋਇਆ। ਪਰ ਇਸਨੇ ਸਤਿਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਤੇ ਹੋਰ ਜਰਵਾਣਿਆਂ ਦੇ ਸਿਰ ਹਦਵਾਣਿਆਂ ਵਤ ਭੰਨੇ ਸਨ। ਬੰਦਾ ਸਿੰਘ ਦਾ ਨਾਮ ਸੁਣ ਕੇ ਮੁਗਲ, ਸੌਣਾ ਤੇ ਖਾਣਾ-ਪੀਣਾ ਭੁਲ ਜਾਂਦੇ ਸਨ। ਉਹ ਮੁਗਲ ਹਾਕਮਾਂ ਲਈ ਮੌਤ ਦਾ ਸੰਦੇਸ਼ ਸੀ।

ਦੂਸਰੀ ਵਾਰੀ ਦੱਖਣ ਭਾਈ ਸਾਹਿਬ ਦੇ ਰਾਸ ਨ ਆਇਆ, ਪਰ ਆਪ ਜੀ ਰੋਜ਼ਾਨਾ ਹੀ ਸੁਬਾਹ ਦੋ ਵਜੇ ਉਠ ਕੇ ਇਸ਼ਨਾਨ ਕਰ ਸ਼ਬਦ ਸੁਰਤਿ ਰਾਹੀਂ ਦਸਮ ਦੁਆਰ ਜਾਂਦੇ ਤੇ ਮਨ ਦੀ ਡੋਰ ਹੱਥ ਲੈ ਕੇ ਆਤਮ ਦੇਸ਼ ਦੀਆਂ ਮਹਾਨ ਅਕਾਸ਼ ਦੀਆਂ ਉਡਾਰੀਆਂ ਕਦੇ ਨ ਰੁਕੀਆਂ। ਸੋ ਉਨ੍ਹਾਂ ਅੰਦਰ ਹੀ ਇਹ ਲਿਵਤਾਰ ਜੋੜੀ ਬੈਠੇ ਅਚਾਨਕ ਹੀ ਸਤਿਗੁਰੂ ਜੀ ਦੇ ਹੱਥਾਂ ਵਿਚ ਹੀ 11 ਅੱਸੂ, 1765 ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਮਾਧੀ ਸਥਿਤ ਹੋ ਕੇ ਆਤਮ ਦੇਸ਼ ਨੂੰ ਉਡਾਰੀ ਮਾਰ ਗਏ। ਭਾਈ ਦਿਆ ਸਿੰਘ ਜੀ ਜਨਮ ਤੋਂ ਆਖਰ ਦਮ ਤਕ ਇਕ ਟਕ ਅਨਿਨ ਤੇ ਮਹਾਨ ਗੁਰਮੁਖ ਮਹਾਂਪੁਰਖ ਹੋਏ ਹਨ। ਇਨ੍ਹਾਂ ਪਰ ਸਤਿਗੁਰਾਂ ਦੀ ਹਰ ਮੇਹਰ ਸੀ। ਇਹ ਕੋਈ ਘਟ ਮਾਣ ਦੀ ਗਲ ਨਹੀਂ ਕਿ ਗੁਰੂ ਜੀ ਨੇ ਉਨ੍ਹਾਂ ਦੀ ਹਰ ਘੜੀ, ਜਿਸ ਦਿਨ ਤੋਂ ਉਹ ਆਪ ਪਾਸ ਆਏ, ਹਰ ਸਮੇਂ ਆਪਣੇ ਨਾਲ ਤੇ ਹਰ

(ਬਾਕੀ ਪੰਨਾ 11 ਤੇ )

# ਸੰਤ ਕਾ ਮਾਰਗ

*ਸੰਤ ਬਾਬਾ ਵਰਿਆਮ ਸਿੰਘ ਜੀ*
*ਮੁਖੀ ਤੇ ਬਾਨੀ, ਵਿ. ਗੁ. ਰੂ. ਮਿਸ਼ਨ।*

**ਪ੍ਰਸ਼ਨ - 1. ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਦੇ ਮੁਤਾਬਿਕ ਇਹ ਸੰਸਾਰ 'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ।।' ਅਤੇ 'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ।। ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।।' ਤਾਂ ਫੇਰ ਅਸਾਨੂੰ ਜਗਤ ਕਿਉਂ ਦਿਸ ਰਿਹਾ ਹੈ ਅਤੇ ਜਗਤ ਕਿਵੇਂ ਬਣ ਗਿਆ?**

**ਉਤਰ** - ਯਥਾਰਥ ਰੂਪ ਵਿਚ ਸਿਰਫ ਇਕੋ ਇਕ ਪਾਰਬ੍ਰਹਮ ਪ੍ਰਮੇਸ਼ਵਰ ਆਪਣੇ ਆਪ ਵਿਚ ਅਨੇਕ ਰੂਪ ਧਾਰਨ ਕਰਕੇ ਇਕ ਖੇਲ੍ਹ ਖੇਲ੍ਹ ਰਿਹਾ ਹੈ। ਜਿਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਨੇ 'ਜਾਪੁ ਸਾਹਿਬ' ਵਿਚ ਫੁਰਮਾਨ ਕੀਤਾ ਹੈ ਕਿ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।।*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ।।*

*ਜਾਪੁ ਸਾਹਿਬ*

ਇਥੇ ਇਕੋ ਹੀ ਪ੍ਰਮੇਸ਼ਵਰ ਬੇਅੰਤ ਜੀਵਨ ਧਾਰਾਵਾਂ, ਸ਼ਕਲਾਂ, ਸੂਰਤਾਂ, ਰਸਾਂ, ਰੰਗਾਂ, ਵਜੂਦਾਂ ਵਿਚ ਅਨੇਕ ਹੋਇਆ ਪ੍ਰਤੀਤ ਦੇ ਰਿਹਾ ਹੈ। ਆਪੋ ਆਪਣੀ ਬੁੱਧੀ ਦੇ ਪ੍ਰਾਪਤ ਹੋਏ ਬਲ ਦੇ ਮੁਤਾਬਿਕ ਇਹ ਸੰਸਾਰ ਨੂੰ ਵਿਆਖਿਆ ਜਾ ਰਿਹਾ ਹੈ। ਕਈਆਂ ਵਿਦਵਾਨਾਂ ਦਾ ਇਹ ਮਤ ਹੈ ਕਿ ਇਹ ਸੰਸਾਰ ਪ੍ਰਮਾਣੂਆਂ ਤੋਂ ਉਤਪਤ ਹੋਇਆ ਹੈ ਅਤੇ ਕਈਆਂ ਦਾ ਮਤ ਹੈ ਕਿ ਇਹ ਸੰਸਾਰ ਈਸ਼ਵਰ ਦੀ ਸੱਤਾ ਪ੍ਰਾਪਤ ਕਰਕੇ ਮਾਇਆ ਤੋਂ ਉਤਪੰਨ ਹੋਇਆ ਹੈ। ਮਾਇਆ, ਈਸ਼ਵਰ ਅਤੇ ਜੀਵ ਸੱਤਾ ਨੂੰ ਕਈ ਵਿਦਵਾਨ ਭਿੰਨ-ਭਿੰਨ ਸਮਝਦੇ ਹੋਏ ਇਸ ਮਤ ਦੇ ਹਨ ਕਿ ਜਦੋਂ ਮਾਇਆ ਦੇ ਤਿੰਨ ਗੁਣਾਂ ਵਿਚ ਉਥੱਲ-ਪੁਥੱਲ ਹੋਈ ਤਾਂ ਜੀਵ ਇਸ ਮਾਇਆ ਵਿਚ ਫਸ ਗਿਆ ਤੇ ਮੋਹਿਤ ਹੋਇਆ ਹੋਇਆ ਕਰਮ ਕਰਕੇ ਇਹ ਦ੍ਰਿੜ੍ਹ ਨਿਸਚਾ ਰੱਖਦਾ ਹੈ ਕਿ ਕਰਮ ਮੈਂ ਕੀਤੇ ਹਨ। ਇਨ੍ਹਾਂ ਕਰਮਾਂ ਦਾ ਫਲ ਭੋਗਦਾ ਜਨਮ ਮਰਨ ਦੇ ਚੱਕਰ 'ਚ ਪਿਆ ਅਨੰਤ ਕਾਲ ਤੋਂ ਦੁੱਖੀ ਹੁੰਦਾ ਵਿਆਕੁਲ ਹੋ ਰਿਹਾ ਹੈ। ਇਨ੍ਹਾਂ ਸਿਆਣਿਆਂ ਨੇ ਇਸ ਜੀਵ ਨੂੰ ਮਾਇਆ ਤੋਂ ਭਿੰਨ ਕਰਨ ਲਈ ਯੋਗ ਸਾਧਨਾਂ ਦਾ ਬਹੁਤ ਹੀ ਵਿਸਥਾਰ ਪੂਰਵਕ ਵਰਣਨ ਕੀਤਾ ਹੈ ਜਿਸ ਵਿਚ ਵਾਸ਼ਨਾਵਾਂ ਨੂੰ ਕਾਬੂ ਕਰਕੇ ਕਰਮਾਂ ਤੋਂ ਅਕਰਤਾ ਭਾਵ ਉਤਪੰਨ ਕਰਕੇ ਨਿਸ਼ਕਾਮ ਕਰਮਾਂ ਰਾਹੀਂ ਅਭਿਆਸ (ਯੋਗ) ਦੇ ਬਲ ਨਾਲ ਸਮਾਧੀ ਵਿਚ ਲੀਨ ਹੋ ਕੇ, ਮਾਇਆ ਤੋਂ ਛੁੱਟ ਕੇ ਮੁਕਤ ਪਦ ਦੀ ਪ੍ਰਾਪਤੀ ਕਰ ਸਕਦਾ ਹੈ।

ਪਰ ਗੁਰਮਤਿ ਅਨੁਸਾਰ ਏਸ ਜੱਗ ਦੀ ਵੱਖਰੀ ਸਤੱਤਾ ਨੂੰ ਨਹੀਂ ਮੰਨਿਆ ਗਿਆ ਅਤੇ ਸਤਿ ਸਿਧਾਂਤ ਸੰਸਾਰ ਵਿਚ ਪ੍ਰਗਟ ਕੀਤਾ ਗਿਆ ਹੈ ਕਿ ਇਹ ਸੰਸਾਰ ਪ੍ਰਭੂ ਤੋਂ ਬਗੈਰ ਹੋਰ ਕੁਝ ਵੀ ਨਹੀਂ। ਵੈਸੇ ਇਸ ਸਿਧਾਂਤ ਨੂੰ ਵਰਨਣ ਕਰਨ ਲਈ ਕਈ ਥਾਵਾਂ ਤੇ ਵਿਆਖਿਆ ਵੀ ਕੀਤੀ ਗਈ ਹੈ।

ਭਾਈ ਗੁਰਦਾਸ ਜੀ, ਜਿਨ੍ਹਾਂ ਨੂੰ ਗੁਰੂ ਘਰ ਦੇ ਵੇਦ ਵਿਆਸ ਦੀ ਉਪਾਧੀ ਦੇ ਕੇ ਪ੍ਰਮੁਖ ਵਿਦਵਾਨ ਕਿਹਾ ਜਾਂਦਾ ਹੈ, ਆਪ ਜੀ ਦਾ ਫੁਰਮਾਨ ਹੈ ਕਿ ਸੰਸਾਰ ਦੀ ਉਤਪਤੀ ਤੋਂ ਪਹਿਲਾਂ 'ਸਤਿ' (being), ਆਪਣੇ ਆਪ ਵਿਚ ਸਮਾਧਿਸ਼ਟ ਅਵਸਥਾ ਨੂੰ ਉਹ ਆਪ ਹੀ ਜਾਣਦਾ ਸੀ। ਉਹ ਕੋਈ ਅਣਹੋਂਦ ਜਾਂ ਸੁੰਨ (nothing) ਨਹੀਂ ਸੀ ਪਰ ਇਸ ਦੀ ਥਾਂ ਤੇ ਅਗੰਮ, ਅਗੋਚਰ ਅਵਸਥਾ ਵਿਚ ਇਹ ਸਤਿ (being) ਆਪਣੀ ਮਹਿਮਾ ਨੂੰ ਆਪ ਹੀ ਜਾਣਦਾ ਹੈ। ਇਸ ਅਵਸਥਾ ਨੂੰ ਕਿਸੇ ਵੀ ਤਰੀਕੇ ਦੇ ਨਾਲ ਪ੍ਰਾਕ੍ਰਿਤਕ organs (ਇੰਦ੍ਰੀਆਂ) ਰਾਹੀਂ ਵਿਆਖਿਆ ਨਹੀਂ ਜਾ ਸਕਦਾ। ਉਸਦੀ ਭਿੰਨ-ਭਿੰਨ ਵਿਆਖਿਆ ਬੁਧੀਵਾਨਾਂ ਨੇ ਆਪਣੀ ਪਹੁੰਚ ਦੇ ਮੁਤਾਬਿਕ ਕਰਕੇ ਅਨੇਕ ਪ੍ਰਾਕ੍ਰਿਤਕ ਮਤ ਕਾਇਮ ਕੀਤੇ ਹਨ। ਗੁਰੂ ਦਸ਼ਮੇਸ਼ ਪਿਤਾ ਜੀ ਇਸ ਬਾਰੇ ਫੁਰਮਾਨ ਕਰਦੇ ਹਨ -

*ਆਪੁ ਆਪੁਨੀ ਬੁਧਿ ਹੈ ਜੇਤੀ।।*
*ਬਰਨਤ ਭਿੰਨ ਭਿੰਨ ਤੁਹਿ ਤੇਤੀ।।*
*ਤੁਮਰਾ ਲਖਾ ਨ ਜਾਇ ਪਸਾਰਾ।।*
*ਕਿਹ ਬਿਧਿ ਸਜਾ ਪ੍ਰਥਮ ਸੰਸਾਰਾ।।* **ਚੌਪਈ**

ਸਿੱਧਾਂ ਨੇ ਵੀ ਗੁਰੂ ਨਾਨਕ ਪਾਤਸ਼ਾਹ ਨੂੰ ਆਦਿ ਦੀ ਅਵਸਥਾ ਬਾਰੇ ਕੁਝ ਵਿਆਖਿਆ ਕਰਨ ਲਈ ਬੇਨਤੀ ਕੀਤੀ ਅਤੇ ਕਿਹਾ-

*ਆਦਿ ਕਉ ਕਵਨੁ ਬੀਚਾਰੁ ਕਥੀਅਲੇ*
*ਸੁੰਨ ਕਹਾ ਘਰ ਵਾਸੋ।।* ***ਪੰਨਾ - 940***

ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ -

*ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ*
*ਸੁੰਨ ਨਿਰੰਤਰਿ ਵਾਸੁ ਲੀਆ।।* ***ਪੰਨਾ - 940***

ਸੋ ਵਿਸਮਾਦਕ ਅਵਸਥਾ ਨੂੰ ਅਤੇ ਆਪਣੇ ਵਿਚ ਸਥਿਤ ਸਤਿ ਨੂੰ ਇਹ ਸਤਿ ਆਪ ਹੀ ਜਾਣਦਾ ਹੈ ਕਿਉਂਕਿ ਮਨੁੱਖ ਲਈ ਇਹ ਅਵਸਥਾ ਅਗੰਮ ਤੇ ਅਗੋਚਰ ਹੈ। ਸੋ ਇਸ ਅਵਸਥਾ ਨੂੰ ਨਿਰੰਕਾਰ ਦੀ ਆਪੇ ਆਪ ਜਾਨਣ ਵਾਲੀ ਅਵਸਥਾ ਹੀ ਕਹਿ ਸਕਦੇ ਹਾਂ ਪਰ ਸਮਝਣ ਵਾਸਤੇ ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ-

*ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ।।*
***ਭਾਈ ਗੁਰਦਾਸ ਜੀ - ਵਾਰ 26/2***

ਏਕੰਕਾਰ ਨਿਰੰਕਾਰ ਜੀ ਦਾ ਸਰਗੁਨ ਸਰੂਪ ਹੈ ਅਤੇ ਇਸ 'ਏਕੰਕਾਰ' ਤੋਂ -

*ਏਕੰਕਾਰਹੁੰ ਸਬਦ ਧੁਨਿ ਓਅੰਕਾਰ ਆਕਾਰੁ ਬਨਾਯਾ।।*
***ਭਾਈ ਗੁਰਦਾਸ ਜੀ - ਵਾਰ 26/2***

ਗੁਰੂ ਮਹਾਰਾਜ ਜੀ ਨੇ ਮੂਲਮੰਤ੍ਰ ਵਿਚ 'ਏਕੰਕਾਰ' ਅਤੇ 'ਓਅੰਕਾਰ' ਨੂੰ ਵੱਖੋ-ਵੱਖਰਾ ਨਹੀਂ ਦਰਸਾਇਆ, ਸਗਮਾਂ ਦੋਹਾਂ ਨੂੰ ਇਕੋ ਰੂਪ '੧ਓ' ਦਾ ਦਿਤਾ। '੧ਓ' ਹੀ ਇਸ ਰੂਪ ਵਿਚ 'ਸਤਿ' ਦੱਸਿਆ ਅਤੇ ਇਸ '੧ਓ' ਸ਼ਕਤੀ ਜਿਸਨੂੰ ਨਾਮ ਸ਼ਕਤੀ ਕਿਹਾ, ਤੋਂ ਕ੍ਰਿਆ ਸ਼ੁਰੂ ਹੋਈ ਅਤੇ ਇਸ ਸ਼ਬਦ ਤੋਂ ਅਨੰਤ ਧਾਰਾਂ ਦੇ ਵਿਚ ਅਨੰਤ ਰੂਪ ਰੇਖਾਵਾਂ ਵਾਲੀ, ਰਸਾਂ, ਰੰਗਾਂ ਵਾਲੀ ਸ੍ਰਿਸ਼ਟੀ ਮੌਲਣ ਲੱਗੀ ਅਤੇ ਨਿਰੰਤਰ ਮੌਲ ਰਹੀ ਹੈ। ਜਿਵੇਂ ਇਕ ਬਟਕ ਬੀਜ ਤੋਂ ਬਹੁਤ ਵਿਸਥਾਰ ਵਾਲਾ ਬ੍ਰਿਛ ਵਜੂਦ ਵਿਚ ਆ ਗਿਆ। ਇਹ ਬ੍ਰਿਛ ਉਸ ਨਿੱਕੇ ਜਿਹੇ ਬੀਜ ਦਾ ਹੀ ਸਰਗੁਨ ਸਰੂਪ ਹੈ। ਨਿਰਗੁਨ

ਪ੍ਰਮਾਤਮਾ ਦੇ ਆਸਰੇ ਹੋ ਕੇ ਇਹੋ ਬ੍ਰਹਮ, ਜਗਤ ਰੂਪ ਕਰਕੇ ਜਾਣਿਆ ਜਾਣ ਲੱਗਾ। ਜੇ ਥੋੜੇ ਵਿਸਥਾਰ ਨਾਲ ਹੋਰ ਸਮਝਣਾ ਹੋਵੇ ਤਾਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਸਿਧਾਂ ਦੇ ਪ੍ਰਸ਼ਨ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ - 946*

ਦੇ ਉਤਰ ਵਿਚ ਬਹੁਤ ਹੀ ਸੰਖੇਪ ਭਾਵ ਵਿਚ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥*
*ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ*
*ਹਉਮੈ ਸਬਦਿ ਜਲਾਏ॥*
*ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ॥*
*ਪੰਨਾ - 946*

ਨਾਲ ਇਸ ਜਗਤ ਦੀ ਉਤਪਤੀ ਦਾ ਕਾਰਨ ਆਗਿਆਨਤਾ ਹੀ ਦੱਸਿਆ। ਸੋ ਹਉਮੈ ਦੀ ਅਗਿਆਨਤਾ ਕਾਰਨ ਏਕੋ ਬ੍ਰਹਮ, ਜਗਤ ਹੋ ਕੇ ਭਾਸਣ ਲਗ ਗਿਆ। ਇਸ ਦੀ ਹੋਰ ਖੋਲ੍ਹ ਕੇ ਵਿਆਖਿਆ ਭੀ ਇਸ ਥਾਂ ਬੇਲੋੜੀ ਨਹੀਂ ਹੋਵੇਗੀ। ਉਹ ਇਸ ਤਰ੍ਹਾਂ ਹੈ ਕਿ ਵਿਸ਼ਿਸ਼ਟ ਚੇਤਨ 'ਈਸ਼ਰ' ਤੋਂ ਸ਼ਬਦ ਸੰਯੁਕਤ ਅਕਾਸ਼ ਦੀ ਉਤਪਤੀ ਹੁੰਦੀ ਹੈ। ਅਕਾਸ਼ ਵਿਚ ਕੇਵਲ ਇਕੋ ਸ਼ਬਦ ਗੁਣ ਹੈ। ਅਕਾਸ਼ ਤੋਂ ਸਪਰਸ਼ ਯੁਕਤ ਵਾਯੂ ਦੀ ਉਤਪਤੀ ਹੋਈ। ਵਾਯੂ ਵਿਚ ਦੋ ਗੁਣ ਹੁੰਦੇ ਹਨ – ਸਪਰਸ਼ ਦਾ ਗੁਣ ਤਾਂ ਉਸਦਾ ਆਪਣਾ ਹੈ ਤੇ ਸ਼ਬਦ ਦਾ ਗੁਣ ਅਕਾਸ਼ ਦਾ ਹੈ। ਵਾਯੂ ਤੋਂ ਰੂਪ (ਅਗਨ) ਦੀ ਉਤਪਤੀ ਹੁੰਦੀ ਹੈ। ਰੂਪ ਵਿਚ ਤਿੰਨ ਗੁਣ ਹਨ – ਰੂਪ ਉਸਦਾ ਆਪਣਾ ਗੁਣ ਹੈ ਅਤੇ ਸ਼ਬਦ, ਸਪਰਸ਼ ਇਹ ਗੁਣ ਪਹਿਲੇ ਤੱਤਾਂ ਦੇ ਹਨ। gasses ਤੋਂ ਰਸ, ਰੂਪ, ਜਲ ਦੀ ਉਤਪਤੀ ਹੋਈ। ਇਸ ਤਰ੍ਹਾਂ ਜਲ ਵਿਚ ਚਾਰ ਗੁਣ ਹੋਏ – ਰਸ ਜਲ ਦਾ ਆਪਣਾ ਰੂਪ; ਸ਼ਬਦ, ਸਪਰਸ਼ ਤੇ ਰੂਪ ਪਹਿਲੇ ਤਿੰਨਾਂ ਦੇ ਗੁਣ। ਜਲ ਤੋਂ ਗੰਧ ਸਹਿਤ ਧਰਤੀ ਦੀ ਉਤਪਤੀ ਹੋਈ – ਗੰਧ ਧਰਤੀ ਦਾ ਰੂਪ ਤੇ ਸ਼ਬਦ, ਸਪਰਸ਼ ਰੂਪ ਪਹਿਲੇ ਤੱਤਾਂ ਦੇ ਗੁਣ। ਇਨ੍ਹਾਂ ਗੁਣਾਂ ਦੇ ਸਤੋ ਗੁਣ ਅੰਸ਼ ਤੋਂ ਅੰਤਹਕਰਣ ਦੀ ਉਤਪਤੀ ਹੋਈ। ਇਹ ਅੰਤਹਕਰਣ, ਬਿਰਤੀ ਭੇਦ ਤੋਂ ਚਾਰ ਤਰ੍ਹਾਂ ਦਾ ਵਿਆਖਿਆ ਜਾਂਦਾ ਹੈ। ਇਨ੍ਹਾਂ ਦੇ ਨਾਮ ਕਰਮਵਾਰ ਮਨ, ਬੁੱਧ, ਚਿਤ ਤੇ ਅਹੰਭਾਵ ਹਨ। ਇਸੇ ਤਰ੍ਹਾਂ ਪੰਜਾਂ ਤੱਤਾਂ ਦੇ ਰਜੋ ਅੰਸ ਤੋਂ ਪੰਜ ਪ੍ਰਾਣ – ਪ੍ਰਾਣ, ਉਪਾਨ, ਸੁਮਾਨ, ਉਦਾਨ ਤੇ ਬਿਆਨ ਹਨ। ਇਹ ਵੀ ਇਕੋ ਪੌਣ ਦੇ ਸਥਾਨ ਭੇਦ ਕਰਕੇ ਪੰਜ ਨਾਮ ਪੈ ਗਏ ਜਿਵੇਂ ਕਿ ਹਿਰਦੇ ਸਥਾਨ ਵਿਚ 'ਪ੍ਰਾਣਾਂ' ਦਾ ਨਿਵਾਸ ਹੈ ਅਤੇ ਗੁਦਾ ਸਥਾਨ ਵਿਚ 'ਉਪਾਨ', ਨਾਭੀ ਵਿਚ 'ਸੁਮਾਨ', ਕੰਠ ਵਿਚ 'ਉਦਾਨ' ਅਤੇ ਸਾਰੇ ਸਰੀਰ ਵਿਚ ਨਿਵਾਸ ਰੱਖਣ ਵਾਲੇ ਦਾ ਨਾਮ 'ਬਿਆਨ' ਹੈ।

ਇਕੋ ਪੌਣ ਦੇ ਵੱਖ-ਵੱਖ ਸਥਾਨਾਂ ਤੇ ਨਿਵਾਸ ਕਰਨ ਕਰਕੇ ਇਨ੍ਹਾਂ ਪੰਜ ਪ੍ਰਾਣਾਂ ਦੇ ਧਰਮ ਵੀ ਵੱਖੋ-ਵੱਖਰੇ ਪ੍ਰਤੀਤ ਦੇਣ ਲੱਗੇ। ਜਿਸ ਤਰ੍ਹਾਂ ਭੁੱਖ, ਪਿਆਸ ਦਾ ਲੱਗਣਾ 'ਪ੍ਰਾਣ' ਦਾ ਧਰਮ ਹੈ, ਮਲਮੂਤਰ ਦਾ ਤਿਆਗਣਾ 'ਉਪਾਨ' ਦਾ ਧਰਮ ਹੈ, ਖਾਧੇ ਹੋਏ ਅੰਨ ਅਤੇ ਪੀਤੇ ਹੋਏ ਪਾਣੀ ਨੂੰ ਹਜ਼ਮ ਕਰਨਾ 'ਸਮਾਨ' ਦਾ ਧਰਮ ਹੈ, ਅੰਨ ਜਲ ਦੇ ਮੇਹਦੇ ਵਿਚ ਪ੍ਰਾਪਤ ਹੋਏ ਅਨੇਕ ਕਿਸਮ ਦੇ ਰਸਾਂ ਨੂੰ ਆਪੋ-ਆਪਣੇ ਸਥਾਨ ਪਹੁੰਚਾਉਣਾ 'ਉਦਾਨ' ਪ੍ਰਾਣ ਦਾ ਧਰਮ ਹੈ ਅਤੇ ਸਾਰੇ ਅੰਗਾਂ ਦੇ ਜੋੜਾਂ ਨੂੰ ਪ੍ਰੇਰਨਾ ਦੇ ਕੇ ਕੰਮ ਲੈਣ ਲਈ 'ਬਿਆਨ' ਪ੍ਰਾਣ ਦਾ ਧਰਮ ਹੈ। ਇਸੇ ਤਰ੍ਹਾਂ ਦੇ ਇਕ-ਇਕ ਤੱਤ ਦੇ ਸਤੋ ਅੰਸ਼ ਤੋਂ 25 ਪ੍ਰਕ੍ਰਿਤੀਆਂ ਬਣ ਕੇ ਗਿਆਨ ਇੰਦਰੀਆਂ ਦੀ ਉਤਪਤੀ ਹੁੰਦੀ ਹੈ। ਜਿਵੇਂ ਕਿ ਅਕਾਸ਼ ਤੋਂ ਸਤੋ ਅੰਸ਼ ਦੀ, ਕੰਨਾਂ ਦੀ, ਵਾਯੂ ਤੋਂ ਤਵੱਚਾ ਦੀ, ਰੂਪ ਤੋਂ ਅੱਖਾਂ ਦੀ, ਜਲ ਤੋਂ ਰਸਨਾ ਦੀ, ਧਰਤੀ ਤੋਂ ਨੱਕ ਦੀ ਉਤਪਤੀ ਹੁੰਦੀ ਹੈ। ਇਨ੍ਹਾਂ ਹੀ ਤੱਤਾਂ ਦੇ ਰਜੋ ਅੰਸ਼ ਤੋਂ ਕਰਮ ਇੰਦ੍ਰੀਆਂ ਦੀ ਉਤਪਤੀ ਹੁੰਦੀ ਹੈ ਜਿਵੇਂ ਕਿ ਅਕਾਸ਼ ਤੋਂ ਵਾਕਸੱਤਾ, ਵਾਯੂ ਤੋਂ ਹੱਥ ਸਕਤੀ, ਰੂਪ ਤੋਂ ਪੈਰਾਂ ਦੀ, ਜਲ ਤੋਂ ਉਪਸਥ 'ਲਿੰਗ ਇੰਦ੍ਰੇ' ਦੀ, ਧਰਤੀ ਤੋਂ ਗੁਦਾ ਦੀ ਉਤਪਤੀ ਹੁੰਦੀ ਹੈ। ਇਸ ਤਰ੍ਹਾਂ ਨਾਲ ਸੂਖਮ ਰਚਨਾ ਤੋਂ ਮਗਰੋਂ ਪ੍ਰਮਾਤਮਾ ਦੀ ਇੱਛਾ ਨਾਲ ਪੰਜਾਂ ਤੱਤਾਂ ਤੋਂ ਇਕ-ਇਕ ਤੱਤ ਦੇ ਦੋ-ਦੋ ਹਿੱਸੇ ਹੋ ਗਏ। ਉਨ੍ਹਾਂ ਵਿਚੋਂ ਇਕ ਹਿੱਸਾ ਤਾਂ ਜਿਉਂ ਦਾ ਤਿਉਂ ਰਿਹਾ ਅਤੇ ਦੂਜਾ ਹਿੱਸਾ ਆਪਣੇ ਪਹਿਲੇ ਹਿੱਸੇ ਨੂੰ ਛੱਡ ਕੇ ਦੋਹਾਂ ਦੇ ਨਾਲ ਮਿਲ ਗਿਆ। ਇਹੋ ਸਾਰੇ ਪੰਚੀਕਰਣ ਕਹਾਉਂਦੇ ਹਨ। ਇਸ ਪੰਚੀ ਕਿਰਤ ਪੰਜਾਂ ਤੱਤਾਂ ਤੋਂ ਹੀ ਸਥੂਲ ਬ੍ਰਹਿਮੰਡ ਪੈਦਾ ਹੋਇਆ, ਉਨ੍ਹਾਂ ਬ੍ਰਹਿਮੰਡਾਂ ਵਿਚ ਹੀ ਅਨੰਤ – ਮਾਤ ਲੋਕ, ਪਤਾਲ ਲੋਕ, ਸਵਰਗ ਲੋਕ ਵਜੂਦ ਵਿਚ ਆਏ। ਇਹ ਸਾਰਾ ਪ੍ਰਪੰਚ ਪ੍ਰਮੇਸ਼ਰ ਤੋਂ ਹੀ ਵਧਿਆ, ਫੁੱਲਿਆ, ਫਲਿਆ ਅਤੇ ਅਗਿਆਨ, ਮਾਇਆ ਦੀ ਅਮਿਟ ਸ਼ਕਤੀ ਕਰਕੇ ਪ੍ਰਮੇਸ਼ਰ ਤੋਂ ਵੱਖਰਾ ਭਾਸਦਾ ਵੱਖਰੇ-ਪੁਣ ਦਾ ਪੱਕਾ ਅਧਿਆਸ ਹੋ ਕੇ ਜਗਤ ਪ੍ਰਤੀਤ ਦੇਣ ਲੱਗਿਆ।

ਦਰਅਸਲ ਇਹ ਸਾਰਾ ਹੀ ਪਸਾਰਾ ਇਉਂ ਹੈ ਜਿਵੇਂ ਸਮੁੰਦਰ ਤੋਂ ਅਨੇਕਾਂ ਲਹਿਰਾਂ ਉਠ ਕੇ ਉਹ ਸਮੁੰਦਰ ਤੋਂ ਨਾ ਹੀ ਕਿਸੇ ਤਰ੍ਹਾਂ ਵੱਖ ਹੁੰਦੀਆਂ ਹਨ ਪਰ ਅਸੀਂ ਇਸ ਉਛਲਦੇ ਪਾਣੀ ਨੂੰ ਲਹਿਰਾਂ, ਝੱਗ, ਬੁਲਬਲਿਆਂ ਦੀ ਉਪਾਧੀ ਦੇ ਕੇ ਪਾਣੀ ਤੋਂ ਵੱਖ ਵੇਖਦੇ ਹਾਂ ਪਰ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥*
*ਪੰਨਾ - 485*

ਇਹ ਸਾਰਾ ਸਾਗਰ ਹੀ ਹੈ, ਸਾਗਰ ਆਪਣੀ ਮੌਜ ਵਿਚ ਆਪਣੀ ਖੇਲ੍ਹ ਖੇਲ੍ਹ ਰਿਹਾ ਅਨੇਕਾਂ ਰੂਪਾਂ ਵਿਚ ਨਜ਼ਰ ਆ ਕੇ ਵਖਰੇ-ਪੁਣ ਦਾ ਭਰਮ ਪੈਦਾ ਕਰਦਾ ਹੈ ਪਰ ਵਿਚਾਰਸ਼ੀਲ ਵਿਅਕਤੀ ਇਸ ਸਾਗਰ ਨੂੰ ਸਾਗਰ ਦੀ ਖੇਲ੍ਹ ਹੀ ਸਮਝਦਾ ਹੈ। ਇਹ ਇਕ ਭਰਮ ਮਾਤਰ ਮਾਨਸਿਕ ਸਥਿਤੀ ਹੈ।

ਇਕ ਹੋਰ ਤਰ੍ਹਾਂ ਵੀ ਇਹ ਗੱਲ ਸੁਖੈਨ ਹੀ ਸਮਝ ਵਿਚ ਆ ਜਾਂਦੀ ਹੈ ਕਿ ਮਟਕ ਚਾਨਣੇ ਰੂਪ ਹਨੇਰੇ ਵਿਚ ਇਕ ਰੱਸੀ ਘਰ ਦੇ ਦਰਵਾਜ਼ੇ ਅੱਗੇ ਪਈ ਹੋਵੇ ਤਾਂ ਉਸ ਨੂੰ ਦੇਖ ਕੇ ਦ੍ਰਿੜ੍ਹ ਅਧਿਆਸ ਹੋ ਜਾਂਦਾ ਹੈ ਕਿ ਇਹ ਸੱਪ ਪਿਆ ਹੈ। ਉਸਦਾ ਦੁਖਦਾਈ ਅਸਰ ਸਰੀਰ ਉਤੇ ਅਗਿਆਨ ਕਰਕੇ ਘਬਰਾਹਟ, ਡਰ ਦੇ ਰੂਪ ਦੇ ਵਿਚ ਪ੍ਰਗਟ ਹੋ ਕੇ ਮਾਨਸਿਕ ਸੋਚ ਨੂੰ ਉਥੱਲ-ਪੁਥੱਲ ਕਰ ਦਿੰਦਾ ਹੈ ਅਤੇ ਅਣਹੋਏ ਸੱਪ ਦਾ ਮਨ ਬੁੱਧੀ ਵਿਚ ਅਨੇਕ ਤਰ੍ਹਾਂ ਦੀਆਂ ਕਲਪਨਾਵਾਂ ਖੜ੍ਹੀਆਂ ਕਰ ਦਿੰਦਾ ਹੈ ਪਰ ਜਦੋਂ ਗਿਆਨ ਰੂਪ ਦਿਨ ਦਾ ਪ੍ਰਕਾਸ਼ ਹੋ ਜਾਵੇ ਤਾਂ ਇਹ ਭਰਮ ਰੂਪ ਸੱਪ ਉਸੇ ਰੱਸੀ ਵਿਚ ਵਿਲੀਨ ਹੋ ਜਾਂਦਾ ਹੈ ਕਿਉਂਕਿ ਰੱਸੀ ਵਿਚ ਤਿੰਨ ਕਾਲ ਕਦੇ ਵੀ ਸੱਪ ਨਹੀਂ ਹੋਇਆ। ਇਹ ਇਕ ਭਰਮ ਵਸ ਅਗਿਆਨਮਈ ਕਲਪਨਾ ਹੀ ਸੀ। ਇਸੇ ਤਰ੍ਹਾਂ ਦੇ ਨਾਲ ਚੰਦ ਚਾਂਦਨੀ ਵਿਚ ਪਈ ਚਮਕ ਰਹੀ ਸਿੱਪੀ ਚਾਂਦੀ ਪ੍ਰਤੀਤ ਦਿੰਦੀ ਹੈ।

ਸੋ ਅਸਲੀਅਤ, ਗੁਰੂ ਮਹਾਰਾਜ ਜੀ ਦੇ ਫੁਰਮਾਨ ਦੇ ਮੁਤਾਬਿਕ ਜੋ ਗੁਰਮਤਿ ਸਿਧਾਂਤ ਰਾਹੀਂ ਪ੍ਰਗਟ ਹੁੰਦੀ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*

*ਪੰਨਾ - 846*

*ਸਰਬ ਭੂਤ ਆਪਿ ਵਰਤਾਰਾ॥*
*ਸਰਬ ਨੈਨ ਆਪਿ ਪੇਖਨਹਾਰਾ॥* *ਪੰਨਾ - 294*

ਸਾਰਿਆਂ ਨੇਤਰਾਂ ਦੇ ਰਾਹੀਂ ਆਪ ਹੀ ਦੇਖ ਰਿਹਾ ਹੈ। ਆਪ ਹੀ ਦ੍ਰਿਸ਼ ਹੈ, ਆਪ ਹੀ ਦ੍ਰਿਸ਼ਟ ਸ਼ਕਤੀ ਹੈ। ਜਦ ਸਾਰੇ ਆਪਣਾ ਹੀ ਰੂਪ ਹੀ ਦਿਸ ਰਿਹਾ ਹੈ ਤਾਂ ਇਥੇ ਦੂਸਰੇ ਦੀ ਕਲਪਨਾ ਕਰਨਾ ਅਣਹੋਈ ਬਾਤ ਹੈ। ਇਹ ਸਾਰਾ ਸੰਸਾਰ 'ਵਾਹਿਗੁਰੂ' ਹੀ ਹੈ। ਪੰਜ ਕਿਸਮ ਦੇ ਭਰਮ ਪੈਣ ਕਰਕੇ ਇਹ ਵਾਹਿਗੁਰੂ ਜਗਤ ਰੂਪ ਹੋ ਕੇ ਦਿਸ ਰਿਹਾ ਹੈ ਅਤੇ ਦੇਖਣ ਵਾਲੇ ਨੇਤਰ, ਘੋਰ ਅੰਧਕਾਰ ਵਿਚ ਹੋਣ ਕਰਕੇ ਅੰਧੇ ਹਨ। ਜਦੋਂ ਗੁਰੂ ਰਾਹੀਂ ਸ਼ਬਦ ਦੀ ਪ੍ਰਾਪਤੀ ਹੋ ਜਾਵੇ ਅਤੇ ਉਸਦਾ ਵਿਧੀ ਪੂਰਵਕ ਅਭਿਆਸ ਕਰਕੇ ਦਿਬਯ-ਦ੍ਰਿਸ਼ਟ ਦੀ ਪ੍ਰਾਪਤੀ ਹੋ ਜਾਵੇ ਤਾਂ ਗੁਰੂ ਮਹਾਰਾਜ ਜੀ ਦੇ ਫੁਰਮਾਨ ਦੇ ਮੁਤਾਬਿਕ ਇਹ ਸਾਰਾ ਜਗਤ ਹਰੀ ਦਾ ਰੂਪ ਹੀ ਨਜ਼ਰ ਆਉਂਦਾ ਹੈ ਜਿਵੇਂ ਕਿ ਫੁਰਮਾਨ ਹੈ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*

*ਪੰਨਾ - 922*

ਪਰ ਇਹ ਦਿਬਯ ਦ੍ਰਿਸ਼ਟੀ ਪ੍ਰਾਪਤ ਕਰਨ ਲਈ ਕਰਮ, ਉਪਾਸ਼ਨਾ, ਗਿਆਨ ਦੀਆਂ ਮੰਜ਼ਲਾਂ ਰਾਹੀਂ ਅੰਤਸ਼ਕਰਣ ਵਿਚ ਪਈ ਹੋਈ ਜਨਮਾਂ-ਜਨਮਾਂਤਰਾਂ ਦੀ ਕਾਲੀ ਸਿਆਹ ਮੈਲ ਦੂਰ ਕਰਕੇ, ਅੰਤਸ਼ਕਰਣ ਪ੍ਰਕਾਸ਼ਮਈ ਹੋ ਜਾਂਦਾ ਹੈ ਤਾਂ ਝੂਠੀ 'ਮੈਂ' ਦਾ ਅਧਿਆਸ ਖਤਮ ਹੋ ਜਾਂਦਾ ਹੈ ਅਤੇ ਸੱਚੀ 'ਮੈਂ' 'ਆਤਮਾ' ਜਿਉਂ ਦੀ ਤਿਉਂ ਪ੍ਰਕਾਸ਼ਮਈ ਆਪਣੇ ਸਰੂਪ ਵਿਚ ਸਥਿਤ ਨਜ਼ਰੀ ਪੈਂਦੀ ਹੈ। ਜਦੋਂ ਤਕ ਗਿਆਨ ਅੰਜਨ ਗੁਰੂ ਤੋਂ ਪ੍ਰਾਪਤ ਨਹੀਂ ਹੁੰਦਾ, ਓਨੇ ਸਮੇਂ ਤਾਂਈ ਬੁੱਧੀ ਸ਼ਕਤੀ ਰਾਹੀਂ ਜਾਣਿਆ ਗਿਆਨ ਅਗਿਆਨ ਹੀ ਹੋਇਆ ਕਰਦਾ ਹੈ। ਜਦੋਂ ਗਿਆਨ ਦਾ ਸੂਰਜ ਉਦੈ ਹੋ ਜਾਂਦਾ ਹੈ ਤਾਂ 'ਮੈਂ' ਤੇ 'ਤੂੰ' ਦਾ ਭੇਦ ਮਿਟ ਕੇ ਆਪੇ ਆਪ ਹੀ ਆਪਣੀ ਮਹਿਮਾ ਵਿਚ ਸਥਿਤ 'ਇਕੰਕਾਰ' ਅਨੇਕਾਂ ਰੂਪਾਂ, ਰੰਗਾਂ ਵਿਚ ਖੇਲ੍ਹਦਾ ਆਪਣੇ ਆਪ ਨੂੰ ਆਪੇ ਹੀ ਭਾਸਣ ਲੱਗ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਵਾਹਿਗੁਰੂ ਜੀ, ਭਰਮ ਕਰਕੇ ਜਗਤ ਪ੍ਰਤੀਤ ਦਿੰਦਾ ਸੀ ਅਤੇ ਜਦੋਂ ਭਰਮ ਦਾ ਨਾਸ ਹੋ ਗਿਆ ਤਾਂ ਹਉਮੈ ਦੀ ਸੁਰਤ ਮਰ ਗਈ, ਇਹ ਆਪੇ ਆਪ ਹਰ ਰੰਗ ਵਿਚ ਖੇਲ੍ਹਦਾ ਆਪਣੀ ਮਹਿਮਾਂ ਵਿਚ ਆਪ ਹੀ ਸਥਿਤ ਹੁੰਦਾ ਹੈ।

**ਪ੍ਰਸ਼ਨ -2. ਕਈ ਸ਼ਾਸ਼ਤਰਾਂ ਦਾ ਮਤ ਹੈ ਕਿ ਪਹਿਲਾਂ ਕਰਮ ਕਰੇ, ਫੇਰ ਉਪਾਸ਼ਨਾ ਦਾ ਦਰਜਾ ਆਉਂਦਾ ਹੈ। ਜਦੋਂ ਉਪਾਸ਼ਨਾ ਸਿੱਧ ਹੋ ਜਾਵੇ ਤਾਂ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਇਸ ਦਾ ਕੀ ਪ੍ਰੋਜਨ ਹੈ?**

**ਉਤਰ** - ਕਰਮ ਦੋ ਤਰ੍ਹਾਂ ਦੇ ਹੋਇਆ ਕਰਦੇ ਹਨ। ਇਕ ਕਰਮ ਕਾਮਨਾ ਕਰਕੇ ਕੀਤੇ ਜਾਂਦੇ ਹਨ ਅਤੇ ਕਰਮ ਦਾ ਫਲ ਅਸੀਂ ਸੁਖ ਦੀ ਪ੍ਰਾਪਤੀ ਮੰਗਦੇ ਹਾਂ। ਸੁਕਾਮ ਕਰਮ ਕਰਨ ਦੇ ਨਾਲ ਆਦਮੀ ਨੂੰ ਫਲ ਭੋਗਣਾ ਪੈਂਦਾ ਹੈ। ਇਹ ਫਲ ਸੰਸਾਰ ਵਿਚ ਵੀ ਭੋਗਣੇ ਪੈਂਦੇ ਹਨ ਅਤੇ ਸੰਸਾਰ ਤਿਆਗਣ ਤੋਂ ਪਿਛੋਂ ਸਵਰਗ ਲੋਕਾਂ ਵਿਚ ਜਾ ਕੇ ਵੀ ਭੋਗਣੇ ਪੈਂਦੇ ਹਨ। ਜਿਸ ਤਰ੍ਹਾਂ ਫੁਰਮਾਨ ਹੈ -

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥*

*ਪੰਨਾ - 1414*

ਇਸੇ ਤਰ੍ਹਾਂ ਪਾਪ ਕਰਮਾਂ ਦਾ ਫਲ ਵੀ ਕੁਝ ਇਸ ਸੰਸਾਰ ਵਿਚ ਭੋਗਿਆ ਜਾਂਦਾ ਹੈ ਅਤੇ ਕੁਛ ਮਰਨ ਉਪਰੰਤ ਕਰੜੀਆਂ ਸਜ਼ਾਵਾਂ ਦੇ ਰੂਪ ਵਿਚ ਦਰਗਾਹ ਵਿਚ ਭੋਗਦੇ ਹਾਂ, ਜਿਵੇਂ ਕਿ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥* *ਪੰਨਾ - 315*

ਵੈਸੇ ਜੇ ਕਰਮਾਂ ਨੂੰ ਹੋਰ ਵਿਸਥਾਰ ਨਾਲ ਦੇਖੀਏ ਤਾਂ ਇਹ ਕਈ ਕਿਸਮ ਦੇ ਹੁੰਦੇ ਹਨ ਜਿਸ ਤਰ੍ਹਾਂ ਕਿ ਹਰ ਰੋਜ਼ ਕਰਨ ਵਾਲੇ ਕਰਮ-

**ਕਾਇਕ ਕਰਮ** - ਇਸ਼ਨਾਨ ਕਰਨਾ, ਦੰਦਾਂ ਦੀ ਸਫਾਈ ਵਾਸਤੇ ਦਾਤਨ, ਸਰੀਰ ਦੀ ਤੰਦਰੁਸਤੀ ਵਾਸਤੇ ਵਰਜਿਸ਼, ਅਤੇ ਸੰਤਾਂ ਦੀ ਸੇਵਾ।

**ਵਾਚਕ ਕਰਮ** - ਪੰਜ ਬਾਣੀਆਂ ਦਾ ਪਾਠ ਕਰਨਾ, ਚਿਤ ਬਿਰਤੀ ਇਕਾਗਰ ਕਰਕੇ ਨਾਮ ਸਿਮਰਨਾ, ਸੱਚ ਬੋਲਣਾ, ਸਤਸੰਗ ਵਿਚ ਜਾ ਕੇ ਕੀਰਤਨ ਕਰਨਾ ਤੇ ਮਿੱਠਾ ਬੋਲਣਾ।

**ਮਾਨਸਿਕ ਕਰਮ** -

1. ਸਰਬ ਜੀਵਾਂ ਨੂੰ ਤਨ ਮਨ ਧਨ ਨਾਲ ਸੁਖ ਦੇਣਾ।
2. (ਏਕਾ ਨਾਰੀ ਸਦਾ ਜਤੀ) ਰੂਪ ਬ੍ਰਹਮਚਰਜ ਧਾਰਨ ਕਰਨਾ।
3. ਧੀਰਜ ਵਿਚ ਰਹਿਣਾ।
4. ਸੰਤੋਖ ਵਾਲੀ ਬਿਰਤੀ ਦ੍ਰਿੜ ਰੱਖਣੀ ਅਤੇ ਸਭ ਕਿਸੇ ਨੂੰ ਪ੍ਰੇਮ ਕਰਨਾ।

ਇਨ੍ਹਾਂ ਤੋਂ ਇਲਾਵਾ ਪ੍ਰਸ਼ਚਿਤ ਕਰਮ, ਨਮਿਤ ਕਰਮ ਆਦਿ ਅਨੇਕ ਕਰਮ ਹੋਇਆ ਕਰਦੇ ਹਨ। ਸੁਕਾਮ ਕਰਮ ਕਰਨ ਨਾਲ ਜੀਵ ਨੂੰ ਬੰਧਨ ਪੈ ਜਾਂਦਾ ਹੈ ਅਤੇ ਫਲ ਭੋਗਣ ਲਈ ਉਸਨੂੰ ਜਨਮ ਧਾਰਨੇ ਪੈਂਦੇ ਹਨ।

**ਨਿਸ਼ਕਾਮ ਕਰਮ** - ਇਹ ਸ਼ੁਭ ਕਰਮ ਨਿਸ਼ਕਾਮ ਸੇਵਾ ਕਰਕੇ, ਗੁਰੂ ਦੇ ਅਰਪਣ ਕਰ ਦੇਣ ਨਾਲ ਅੰਤਸ਼ਕਰਣ ਦੀ ਮੈਲ ਉਤਰ ਕੇ ਪ੍ਰਕਾਸ਼ ਹੋ ਜਾਂਦਾ ਹੈ। ਇਨ੍ਹਾਂ ਕਰਮਾਂ ਵਿਚ ਸੱਚ ਬੋਲਣਾ, ਵਿਅਰਥ ਬਚਨ ਨਾ ਕਰਨੇ, ਮੂਲਮੰਤ੍ਰ ਦਾ ਜਪ ਕਰਦੇ ਰਹਿਣਾ, ਸੰਗਤ ਨਾਲ ਰਲ ਕੇ ਕੀਰਤਨ ਕਰਨਾ, ਸਤਿ ਉਪਦੇਸ਼ ਦੀ ਕਥਾ ਸਰਵਣ ਕਰਦੇ ਰਹਿਣਾ ਅਤੇ ਗੁਰੂ, ਗੁਰਸੰਗਤ ਅਤੇ ਪ੍ਰਭੂ ਦੀ ਸ੍ਰਿਸ਼ਟੀ ਦੀ ਨਿਸ਼ਕਾਮ ਸੇਵਾ ਕਰਨੀ।

ਮਨੁੱਖੀ ਸਰੀਰ ਵਿਚ ਤਿੰਨ ਕਰਮ ਕੀਤੇ ਜਾਂਦੇ ਹਨ ਇਕ ਇੰਦਰਿਆਂ ਨੂੰ ਸ਼ੁਧ ਕਰਨ ਵਾਸਤੇ, ਦੂਜਾ ਅੰਤਸ਼ਕਰਣ ਨੂੰ ਸ਼ੁਧ ਕਰਨ ਵਾਸਤੇ, ਤੀਸਰਾ ਜੀਵ ਆਤਮਾ ਦੀ ਸ਼ੁੱਧਤਾ ਵਾਸਤੇ। ਸਰੀਰਕ ਨਿਸ਼ਕਾਮ ਕਰਮਾਂ ਦੇ ਕਰਨ ਨਾਲ ਇੰਦ੍ਰੇ ਸ਼ੁੱਧ ਹੁੰਦੇ ਹਨ ਅਤੇ ਜਗਿਆਸੂ, ਉਪਾਸ਼ਨਾ ਦਾ ਅਧਿਕਾਰੀ ਬਣ ਜਾਂਦਾ ਹੈ। ਉਪਾਸ਼ਨਾ ਕਰਨ ਦੇ ਨਾਲ ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਕਾਲੀ ਸਿਆਹ ਮੈਲ ਉਤਰ ਜਾਇਆ ਕਰਦੀ ਹੈ। ਉਪਾਸ਼ਨਾ ਦੋ ਪ੍ਰਕਾਰ ਦੀ ਹੁੰਦੀ ਹੈ -

1. ਅੰਤਰੀਵ ਉਪਾਸ਼ਨਾ
2. ਬਾਹਰਲੀ ਉਪਾਸ਼ਨਾ

ਅੰਦਰਲੀ ਉਪਾਸ਼ਨਾ ਗੁਰੂ ਦੇ ਧਿਆਨ ਨੂੰ ਅਕਾਸ਼ੀ ਹਿਰਦੇ ਵਿਚ ਧਾਰਨ ਕਰਕੇ ਪਿਆਰ ਨਾਲ ਹਜ਼ੂਰੀ ਵਿਚ ਬੈਠ ਕੇ ਬਾਣੀ ਪੜ੍ਹਨੀ, ਨਾਮ ਜਪਣਾ ਅਤੇ ਮਨ ਦੇ ਫੁਰਨਿਆਂ ਨੂੰ ਰੋਕ ਕੇ ਗੁਰੂ ਦੇ ਸਾਕਾਰ ਧਿਆਨ ਵਿਚ ਜਾਂ ਗੁਰਮੰਤ੍ਰ ਰੂਪੀ ਸ਼ਬਦ ਦੀ ਧੁਨ ਵਿਚ ਲੀਨ ਕਰਨਾ, ਕੋਈ ਫੁਰਨਾ ਨਾ ਆਉਣ ਦੇਣਾ, ਬਾਣੀ ਦੀ ਵਿਚਾਰ ਹਿਰਦੇ ਵਿਚ ਧਾਰਨ ਕਰਨੀ ਤੇ ਉਸ ਬਾਣੀ ਦੇ ਸਿਧਾਂਤ ਨੂੰ ਧਾਰਨ ਕਰਕੇ ਜੀਵਨ ਵਿਚ ਵਰਤੋਂ ਕਰਨੀ। ਇਸ ਨਾਲ ਅੰਤਸ਼ਕਰਣ ਸ਼ੁਧ ਹੋ ਜਾਇਆ ਕਰਦਾ ਹੈ।

ਨਿਸ਼ਕਾਮ ਕਰਮ ਕਰਨ ਦੇ ਨਾਲ 'ਮਲ ਦੋਸ਼' ਦੂਰ ਹੋ ਜਾਇਆ ਕਰਦਾ ਹੈ। ਜਦੋਂ ਇਹ ਦੋਸ਼ ਦੂਰ ਹੋ ਜਾਵੇ ਤਾਂ ਭਜਨ ਵਿਚ ਮਨ ਫੁਰਨੇ ਛੱਡ ਕੇ ਲੀਨ ਹੋਣਾ ਸ਼ੁਰੂ ਕਰ ਦਿੰਦਾ ਹੈ ਅਤੇ ਸੰਕਲਪ ਛੱਡ ਕੇ ਨਾਮ ਰਸ ਵਿਚ ਮਗਨ ਹੋਣਾ ਸ਼ੁਰੂ ਕਰਦਾ ਹੈ। ਉਪਾਸ਼ਨਾ ਰਾਹੀਂ ਬਿਰਤੀ ਆਪਣੇ ਧੇਅ ਉਪਰ ਕੇਂਦਰਿਤ ਹੋ ਕੇ ਰਸ ਅਨੁਭਵ ਕਰਦੀ ਹੈ ਅਤੇ ਸ਼ਬਦ ਸਿਧਾਂਤ ਰਸ ਵਿਚ ਅਨੰਦ ਰੂਪ ਹੋ ਜਾਇਆ ਕਰਦੀ ਹੈ। ਇਸ ਤਰ੍ਹਾਂ ਵਿਖਸ਼ੇਪਤਾ ਦਾ ਦੋਸ਼ ਦੂਰ ਹੋ ਜਾਇਆ ਕਰਦਾ ਹੈ।

ਤੀਸਰਾ ਗਿਆਨ ਵਿਚਾਰ ਨਾਲ ਜੀਵ ਸ਼ੁਧ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਆਪਣੇ ਸਰੂਪ ਦੀ ਨੇਸ਼ਟਾ ਵਿੱਚ ਵਿਸ਼ਵਾਸ਼ ਉਤਪੰਨ ਹੋ ਕੇ ਬਿਰਤੀ ਵਿਵੇਕਮਈ ਹੋ ਜਾਂਦੀ ਹੈ ਅਤੇ ਜੀਵ ਨੂੰ ਆਪਣਾ ਜੀਵ ਭਾਵ ਤਿਆਗ ਕੇ ਆਤਮ ਵਿਸ਼ੈਣੀ ਬੁੱਧ ਪ੍ਰਾਪਤ ਹੋ ਜਾਂਦੀ ਹੈ, ਗੁਰੂ ਦੀ ਕ੍ਰਿਪਾ ਦਾ ਪਾਤਰ ਬਣ ਕੇ ਗਿਆਨ ਦਾ ਅਧਿਕਾਰੀ ਹੋ ਜਾਂਦਾ ਹੈ। ਇਉਂ ਸਮਝੋ ਕਿ ਸ਼ੁਭ ਕਰਮਾਂ ਅਤੇ ਉਪਾਸ਼ਨਾ ਸਿੱਧ ਦਾ ਫਲ ਗਿਆਨ ਦੀ ਸਥਿਤੀ ਹੋਇਆ ਕਰਦੀ ਹੈ। ਇਸ ਤਰ੍ਹਾਂ ਨਾਲ ਨਿਸ਼ਕਾਮ ਕਰਮ ਅਤੇ ਉਪਾਸ਼ਨਾ, ਗਿਆਨ ਪ੍ਰਾਪਤੀ ਦੇ ਸਹਾਇਕ ਹਨ। ਆਤਮ ਚਿੰਤਨ ਕਰਕੇ ਚਿਤ ਇਕਾਗਰ ਹੋ ਜਾਂਦਾ ਹੈ ਅਤੇ ਨਿਰੁੱਧ ਅਵਸਥਾ ਨੂੰ ਪ੍ਰਾਪਤ ਕਰਕੇ ਜੀਵਨ ਮੁਕਤੀ ਦਾ ਅਨੰਦ ਭੋਗਣ ਦਾ ਅਧਿਕਾਰੀ ਹੋ ਜਾਂਦਾ ਹੈ।

ਹੁਣ ਜਗਿਆਸੂ ਨੂੰ ਚਾਹੀਦਾ ਹੈ ਕਿ ਪੂਰਬ ਕਰੇ ਹੋਏ ਸ਼ੁਭ ਕਰਮਾਂ ਦਾ ਅਭਿਆਸ ਕਰਕੇ ਅੰਤਸ਼ਕਰਣ ਨੂੰ ਸ਼ੁੱਧ ਕਰੇ ਅਤੇ ਮਾਨਸਿਕ ਕਰਮਾਂ ਦਾ ਅਭਿਆਸ ਕਰਕੇ ਗਿਆਨ ਮੰਡਲ ਵਿਚ ਪ੍ਰਵੇਸ਼ ਕਰੇ। ਗਿਆਨ ਦਾ ਸਬੰਧ ਮਨ ਨਾਲ ਹੈ। ਕਾਇਆਂ ਅਤੇ ਬਾਣੀ, ਮਨ ਦੇ ਅਧੀਨ ਹਨ। ਜਦੋਂ ਮਨ ਸ਼ੁੱਧ ਹੋ ਜਾਵੇਗਾ, ਬਾਣੀ ਅਤੇ ਕਾਇਆਂ ਆਪਣੇ ਆਪ ਹੀ ਸ਼ੁੱਧ ਹੋ ਜਾਣਗੇ। ਤਾਂ ਤੇ ਚਾਹੀਦਾ ਹੈ ਕਿ ਮਨ ਦੀ ਸ਼ੁੱਧਤਾ ਦਾ ਅਭਿਆਸ ਕਰੇ। ਅੰਤਸ਼ਕਰਣ ਸ਼ੁੱਧ ਹੋਏ ਬਿਨਾਂ ਗਿਆਨ ਪ੍ਰਫੁੱਲਤ ਨਹੀਂ ਹੋਇਆ ਕਰਦਾ। ਇਸ ਕਰਕੇ ਆਤਮ ਜਗਿਆਸੂਆਂ ਲਈ ਸ਼ੁਭ ਕਰਮ, ਉਪਾਸ਼ਨਾ ਅਤਿਅੰਤ ਜ਼ਰੂਰੀ ਹੈ।

**ਪ੍ਰਸ਼ਨ - 3. ਸ਼ੁਭ ਕਰਮਾਂ ਦੀ ਪ੍ਰਾਪਤੀ ਅਤੇ ਅਸ਼ੁਭ ਕਰਮਾਂ ਦੀ ਨਵਿਰਤੀ ਵਾਸਤੇ ਕੀ ਉਪਾਅ ਕਰਨੇ ਚਾਹੀਦੇ ਹਨ?**

**ਉਤਰ** - ਜਗਿਆਸੂ ਨੂੰ ਉਚਿਤ ਹੈ ਕਿ ਉਹ ਆਪਣੇ ਆਪ ਦੀ, ਆਪਣੇ ਕਰਮਾਂ ਦੀ ਨਿਤਪ੍ਰਤ ਵਿਚਾਰ ਕਰਕੇ ਸ਼ੁਭ ਕਰਮਾਂ ਨੂੰ ਦ੍ਰਿੜ੍ਹ ਤੇ ਪਰਪੱਕ ਕਰਨ ਦਾ ਦ੍ਰਿੜ੍ਹਤਾ ਪੂਰਵਕ ਜਤਨ ਕਰਦਾ ਰਹੇ ਅਤੇ ਅਸ਼ੁਭ ਕਰਮਾਂ ਦੇ ਕੀਤੇ ਜਾਣ ਦਾ ਪ੍ਰਾਸਚਿਤ ਸੱਚੇ ਦਿਲ ਦੀ ਕੀਤੀ ਹੋਈ ਅਰਦਾਸ ਤੇ ਪਸ਼ਚਾਤਾਪ ਨਾਲ ਕਰੇ। ਨਿਰੰਤਰ ਮਨ ਦੇ ਅੰਦਰ ਸ਼ੁੱਭ ਕਰਮਾਂ ਦੀ ਵਿਚਾਰ ਕਰਦਾ ਰਹੇ। ਇਸ ਤਰ੍ਹਾਂ ਕਰਨ ਦੇ ਨਾਲ ਹੌਲੀ-ਹੌਲੀ ਉਹ ਅਸ਼ੁੱਭ ਕਰਮ ਕਰਨ ਤੋਂ ਹਟ ਜਾਵੇਗਾ ਅਤੇ ਸ਼ੁੱਭ ਕਰਮਾਂ ਦੇ ਬਲ ਨਾਲ ਆਤਮ ਗਿਆਨ ਦਾ ਅਧਿਕਾਰੀ ਹੋ ਜਾਵੇਗਾ। ਇਸ ਤਰ੍ਹਾਂ ਨਾਲ ਅਸ਼ੁਭ ਕਰਮਾਂ ਦਾ ਨਾਸ਼ ਹੋਣਾ ਸ਼ੁਰੂ ਹੋ ਜਾਵੇਗਾ। ਪਰ ਇਸ ਵਿਚ ਇਕ ਜ਼ਰੂਰੀ ਕਰਮ, ਜੋ ਹਰ ਕੀਮਤ ਉਤੇ ਕਰਨਾ ਉਚਿਤ ਹੈ, ਉਹ ਹੈ - ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ, ਗਿਆਨਵਾਨ ਮਹਾਂਪੁਰਸ਼ਾਂ ਦੀ ਸੰਗਤ ਹਰ ਰੋਜ਼ ਕਰਨ ਦਾ ਜਤਨ ਕਰਦਾ ਰਹੇ। ਗੁਰੂ ਦੀ ਬਾਣੀ ਨੂੰ ਵਿਚਾਰ ਕੇ ਹਿਰਦੇ ਵਿਚ ਧਾਰਨ ਕਰਕੇ ਆਪਣੇ ਮਨ ਨੂੰ ਗੁਰਮਤਿ ਦੇ ਸਿਧਾਤਾਂ ਦੀ ਰੌਸ਼ਨੀ ਵਿਚ ਮਨਾਵੇ ਅਤੇ ਆਪਣਾ ਜੀਵਨ ਉਸ ਪ੍ਰਕਾਸ਼ ਦੀ ਗਿਆਨ ਜੋਤੀ ਵਿਚ ਗੁਜ਼ਾਰੇ।

**ਪ੍ਰਸ਼ਨ - 4. ਮਨੁੱਖ ਸਾਰੀਆਂ ਪਦਾਰਥਕ ਪ੍ਰਾਪਤੀਆਂ ਹੁੰਦਿਆਂ ਹੋਇਆਂ ਵੀ ਕਿਉਂ ਕਲੇਸ਼ ਵਿੱਚ ਦੁਖੀ ਹੋ ਰਿਹਾ ਹੈ?**

**ਉਤਰ** - ਇਹ ਸਰੀਰ ਨਾਸ਼ਵੰਤ ਹੈ। ਇਹ ਕੋਈ ਨਿਸ਼ਚੇ ਪੂਰਵਕ ਅਨੁਮਾਨ ਨਹੀਂ ਕਿ ਕਦੋਂ ਸਰੀਰ ਦਾ ਨਾਸ਼ ਹੋ ਜਾਵੇ। ਜੋ ਵਿਵਹਾਰ ਇਸਨੇ ਫੈਲਾਅ ਰੱਖੇ ਹਨ, ਉਹ ਕਦੇ ਵੀ ਪੂਰਨ ਨਹੀਂ ਹੋਇਆ ਕਰਦੇ। ਗ੍ਰਿਹਸਤ ਦਾ ਮੋਹ ਦਿਨੋਂ-ਦਿਨ, ਜਿਉਂ-ਜਿਉਂ ਉਮਰ ਲੰਘਦੀ ਜਾਂਦੀ ਹੈ, ਇਹ ਵਧਦਾ ਹੀ ਤੁਰਿਆ ਜਾਂਦਾ ਹੈ, ਜਿਸ ਤਰ੍ਹਾਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਸਤਵੈ ਸੰਜਿ ਕੀਆ ਘਰ ਵਾਸੁ॥* ਪੰਨਾ - 137

ਸਤਿਗੁਰੂ ਦਾ ਉਪਦੇਸ਼ ਇਨ੍ਹਾਂ ਵਿਵਹਾਰਾਂ ਦੇ ਫੈਲਾਓ ਕਰਕੇ ਬਿਲਕੁਲ ਹੀ ਨਹੀਂ ਠਹਿਰਦਾ ਅਤੇ ਇਸਦਾ ਹਾਲ ਕੋਹਲੂ ਚਲ ਰਹੇ ਬੈਲ ਵਰਗਾ ਹੋ ਜਾਂਦਾ ਹੈ, ਜੋ ਚਲਦਾ ਤਾਂ ਸਾਰਾ ਦਿਨ ਹੈ ਪਰ ਮੰਜ਼ਿਲ ਕੋਈ ਵੀ ਤਹਿ ਨਹੀਂ ਹੁੰਦੀ। ਜਦੋਂ ਖੋਪੇ ਖੁਲ੍ਹਦੇ ਹਨ ਤਾਂ ਕੀ ਦੇਖਦਾ ਹੈ ਕਿ ਉਸੇ ਪੈੜ ਵਿਚ ਸਾਰਾ ਦਿਨ ਘੁੰਮਦਾ ਰਿਹਾ ਤੇ ਉਥੇ ਹੀ ਖੜ੍ਹਾ ਹੈ। ਇਸ ਤਰ੍ਹਾਂ ਦੇ ਨਾਲ ਇਹ ਜੀਵ ਮਰਨ ਤਕ ਕੋਹਲੂ ਦੇ ਬੈਲ ਵਾਂਗੂੰ ਖਪ ਕੇ ਹਾਰ ਜਾਂਦਾ ਹੈ ਅਤੇ ਵਿਪਰਜੇ ਗਤੀ ਨੂੰ ਪ੍ਰਾਪਤ ਹੁੰਦਾ ਹੈ। ਨਿਰਾਰਥਕ ਜਤਨ, ਚਿੰਤਾ, ਦੀਨਤਾ ਅਤੇ ਬੰਧਨਾਂ ਵਿਚ ਬੰਨ੍ਹਿਆ ਹੋਇਆ, ਕੁੜਮ-ਕਬੀਲਿਆਂ ਵਿਚ ਘਿਰਿਆ ਹੋਇਆ, ਦੁਨੀਆਂ ਦੀ ਦੌੜ ਵਿਚ ਦੌੜਦਾ ਹੋਇਆ, ਅਧੂਰੇ ਕੰਮਾਂ ਵਿਚ ਫਸਿਆ ਹੋਇਆ ਆਯੂ ਬਤੀਤ ਕਰਦਾ, ਹਉਕੇ-ਹਾਵਿਆਂ ਦੇ ਵਿਚ ਜ਼ਿੰਦਗੀ ਬਤੀਤ ਕਰਦਾ, ਚਿੰਤਾ, ਦੀਨਤਾ, ਆਸ਼ੇ, ਅੰਦੇਸ਼ੇ ਇਸ ਦੇ ਮਨ ਨੂੰ ਪੀੜ ਰਹੇ ਹਨ ਅਤੇ ਤ੍ਰਿਸ਼ਨਾ ਦੀ ਅੱਗ ਇਸ ਦੀ ਸ਼ਾਂਤੀ ਨੂੰ ਭਾਂਬੜ ਬਣ ਕੇ ਸੁਆਹ ਬਣਾ ਰਹੀ ਹੈ। ਇਸਨੂੰ ਇਸ ਹਾਲਤ ਵਿਚ, ਨਾ ਹੀ ਸਤਿਸੰਗ ਵਿਚ ਸਥਿਤ ਹੋਣ ਦੀ ਪ੍ਰਾਪਤੀ ਕਰਕੇ ਅਗਿਆਨ ਨੂੰ ਨਾਸ਼ ਕਰਨ ਦਾ ਸਮਾਂ ਮਿਲਦਾ ਹੈ ਅਤੇ ਨਾ ਹੀ ਸਤਿਗੁਰੂ ਦੇ ਉਪਦੇਸ਼ ਨੂੰ ਰਿਦੇ ਵਿਚ ਧਾਰਨ ਕਰਦਾ ਹੈ। ਇਸਦੇ

ਵਿਪਰੀਤ ਧਨ ਦੇ, ਇਸਤਰੀ ਦੇ, ਪੁੱਤਰ-ਪੋਤਰੇ ਦੇ, ਜਾਇਦਾਦ ਦੇ, ਪ੍ਰਭਤਾ ਦੇ ਮੋਹ ਵਿਚ ਪੂਰੀ ਤਰ੍ਹਾਂ ਬੰਨ੍ਹਿਆ ਜਾਣ ਕਰਕੇ ਸਤਿਗੁਰੂ ਅਤੇ ਸੰਤਾਂ ਤੋਂ ਬੇ-ਮੁੱਖ ਹੋ ਜਾਂਦਾ ਹੈ। ਅਨੇਕ ਕਿਸਮ ਦੀਆਂ ਵਾਸ਼ਨਾਵਾਂ ਜਿਵੇਂ ਧਨ ਵਾਸ਼ਨਾ, ਪੁੱਤਰ ਵਾਸ਼ਨਾ, ਲੋਕ ਵਾਸ਼ਨਾ, ਪ੍ਰਭਤਾ ਵਾਸ਼ਨਾ, ਸ਼ਾਸ਼ਤਰ ਵਾਸ਼ਨਾ ਆਦਿ ਨਾਲ ਬੰਨ੍ਹਿਆ ਹੋਇਆ ਅਨੇਕ ਕਿਸਮ ਦੇ ਕਲੇਸ਼ ਸਹਿੰਦਾ ਹੈ। ਇਸ ਦੇ ਵਿਪਰੀਤ ਇਹ ਬੁੱਧਹੀਣ ਆਪਣੇ ਆਪ ਨੂੰ ਚਤੁਰ, ਬੁੱਧਮਾਨ, ਮਾਨਧਾਰੀ ਸਮਝਦਾ ਹੈ। ਵਾਸਤਵ ਵਿਚ ਐਸੇ ਪੁਰਸ਼ ਨੂੰ ਗੁਰਬਾਣੀ ਫਿਟਕਾਰਾਂ ਪਾਉਂਦੀ ਹੈ, ਮੂੜ-ਮਤ ਅਤੇ ਬੁੱਧਹੀਨ ਦੱਸਦੀ ਹੈ ਕਿਉਂਕਿ ਜਿਸ ਕੰਮ ਨੂੰ ਕਰਨ ਵਾਸਤੇ ਇਸਨੂੰ ਮਾਨਸ ਜਨਮ ਦੀ ਪ੍ਰਾਪਤੀ ਹੋਈ ਸੀ, ਉਸ ਕਰਮ ਤੋਂ ਤਾਂ ਸਾਰੀ ਜ਼ਿੰਦਗੀ ਬਿਪਰੀਤ ਚਲਦਾ ਰਿਹਾ ਅਤੇ ਜਿਨ੍ਹਾਂ ਕਰਮਾਂ ਨੇ ਇਸਨੂੰ ਦੁੱਖਾਂ ਵਿਚ ਫਸਾਉਣਾ ਸੀ, ਉਨ੍ਹਾਂ ਨਾਲ ਪ੍ਰੀਤ ਪਾ ਰੱਖੀ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ-

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥*
*ਬਲੂਆ ਕੇ ਗ੍ਰਿਹ ਭੀਤਰਿ ਬਸੈ॥*
*ਅਨਦ ਕੇਲ ਮਾਇਆ ਰੰਗਿ ਰਸੈ॥ ਪੰਨਾ - 267*

ਜੀਵ ਦੀ ਐਸੀ ਅਵਸਥਾ ਦੇਖ ਕੇ ਮਹਾਂਪੁਰਸ਼ ਦਇਆ ਵਸ ਹੁੰਦੇ ਹੋਏ ਇਸਨੂੰ ਆਪਣੀ ਬਾਣੀ ਅਤੇ ਲਿਖਤ ਰਾਹੀਂ ਉਪਦੇਸ਼ ਕਰਦੇ ਹਨ ਪਰ ਉਨ੍ਹਾਂ ਉਪਦੇਸ਼ਾਂ ਨੂੰ ਨਾ ਸੁਣਦਾ ਹੋਇਆ, ਕੰਨ ਹੁੰਦੇ ਹੋਏ ਵੀ ਬੰਦ ਰੱਖਦਾ ਹੈ, ਬੁਧੀ ਹੁੰਦੇ ਹੋਏ ਵੀ ਬੁਧੀਹੀਨ ਰਹਿੰਦਾ ਹੈ ਅਤੇ ਮਹਾਂਪੁਰਸ਼ਾਂ ਦੇ ਉਪਦੇਸ਼ ਉਪਰ ਇਹ ਮੂੜ, ਕਿੰਤੂ ਕਰਕੇ ਹਾਸੀ ਕਰਦਾ ਹੈ ਅਤੇ ਮਹਾਂਪੁਰਸ਼ਾਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਦਾ ਹੈ ਤੇ ਉਨ੍ਹਾਂ ਵਿਚ ਦੋਸ਼ ਢੂੰਡਣ ਦਾ ਜਤਨ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਇਹ ਮੂੜ-ਗਤੀ ਪੁਰਸ਼ ਸੰਸਾਰ ਦੇ ਸੁੰਨੇ ਬਣ ਵਿਚ ਅੰਨ੍ਹੇ ਮਿਰਗ ਵਾਂਗੂੰ ਭਟਕ-ਭਟਕ ਕੇ ਪੰਜਾਂ ਕਲੇਸ਼ਾਂ ਦੇ ਦੁੱਖ ਸਹਿੰਦਾ, ਹਉਕੇ-ਹਾਵਿਆਂ ਵਿਚ ਜੀਵਨ ਬਤੀਤ ਕਰਕੇ ਘੋਰ ਨਰਕਾਂ ਦਾ, ਆਪਣੇ ਆਪ ਨੂੰ ਅਧਿਕਾਰੀ ਬਣਾਉਂਦਾ ਹੈ।

**ਪ੍ਰਸ਼ਨ - 5. ਦੇਖਿਆ ਗਿਆ ਹੈ ਕਿ ਬਹੁਤ ਸਾਰੇ ਪ੍ਰੇਮੀ ਜਨ, ਸੰਤਾਂ ਨੂੰ ਅਕਾਰਨ ਦੁੱਖ ਦਿੰਦੇ ਹਨ ਅਤੇ ਨਿੰਦਿਆ ਕਰਦੇ ਹਨ। ਐਸੀ ਸਥਿਤੀ ਵਿਚ ਸੰਤਾਂ ਨੂੰ ਜੀਵਨ ਚਾਲ ਵਿਚ ਕਿਸ ਤਰ੍ਹਾਂ ਨਾਲ ਵਰਤਣਾ ਚਾਹੀਦਾ ਹੈ?**

ਉਤਰ - ਜਦੋਂ ਕੋਈ ਪੁਰਖ ਅਕਾਰਨ ਦੁੱਖ ਦੇਵੇ, ਨਿੰਦਿਆ ਕਰੇ ਜਾਂ ਈਰਖਾ ਵਸ ਹੋ ਕੇ ਹੋਰ ਕੋਈ ਨੁਕਸਾਨ ਪਹੁੰਚਾਉਣ ਦਾ ਜਤਨ ਕਰੇ ਤਾਂ ਸੰਤਾਂ ਨੂੰ ਉਚਿਤ ਹੈ ਕਿ ਉਸਨੂੰ ਸਮਝਾਉਣ ਦਾ ਜਤਨ ਕਰੇ। ਸ਼੍ਰੇਸ਼ਟ ਪੁਰਸ਼ਾਂ ਨੂੰ ਕਹਿ ਕੇ ਉਸਦੇ ਅਕਾਰਨ ਭਰਮ ਜੋ ਈਰਖਾ ਦੇ ਬਣ ਰਹੇ ਹਨ, ਦੂਰ ਕਰਨ ਦਾ ਜਤਨ ਕਰੇ। ਜੇ ਤਾਂ ਇਸ ਤਰ੍ਹਾਂ ਕਰਨ ਨਾਲ ਮਲੀਨ ਸੁਭਾਅ ਵਾਲਾ ਪੁਰਸ਼ ਆਪਣੇ ਮਾੜੇ ਸੁਭਾਅ ਦਾ ਤਿਆਗ ਕਰ ਦੇਵੇ ਤਾਂ ਭਲਾ, ਜੇ ਨਹੀਂ ਕਰਦਾ ਤਾਂ ਨਿਆਏ ਧਰਮ ਅਤੇ ਰਾਜਨੀਤਕ ਧਰਮ ਅਨੁਸਾਰ ਉਸ ਨਾਲ ਵਰਤੇ। ਜੇ ਹੋ ਸਕਦਾ ਹੋਵੇ ਤਾਂ ਉਸਦਾ ਕਲੇਸ਼ ਨਵਿਰਤ ਕਰ ਦੇਵੇ। ਆਪ ਕਿਸੇ ਤਰ੍ਹਾਂ ਵੀ ਵਿਰੋਧੀ ਭਾਵ ਧਾਰਨ ਕਰਕੇ ਸ਼੍ਰੇਸ਼ਟ ਚਲਨ ਦੇ ਵਿਰੁੱਧ ਕੋਈ ਕਰਮ ਨਾ ਕਰੇ, ਨਾ ਹੀ ਧੀਰਜ ਦਾ ਤਿਆਗ ਕਰੇ, ਕ੍ਰੋਧਵਾਨ ਕਿਸੇ ਹਾਲਤ ਵਿਚ ਨਾ ਹੋਵੇ ਤੇ ਆਪਣੇ ਸ਼ਾਂਤ ਸੁਭਾਅ ਨੂੰ ਕਦੀ ਵਿਗੜਨ ਨਾ ਦੇਵੇ। ਗੁਰਬਾਣੀ ਦੇ ਚਾਨਣੇ ਵਿਚ ਜਿਵੇਂ ਕਿ -

*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥ ਪੰਨਾ - 278*

ਵਿਚ ਆਪਣੀ ਵਰਤੋਂ ਰੱਖੇ ਅਤੇ ਅਗਿਆਨ ਦਾ ਪਰਛਾਵਾਂ ਆਪਣੇ ਅੰਤਸ਼ਕਰਣ ਵਿਚ ਨਾ ਆਉਣ ਦੇਵੇ। ਇਸ ਦੇ ਵਿਪਰੀਤ ਗੁਰਬਾਣੀ ਵਿਚ ਜਿਵੇਂ ਕਿ -

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*
*ਪੰਨਾ - 1381*

ਇਸ ਸਿਧਾਂਤ ਨੂੰ ਹਿਰਦੇ ਵਿਚ ਧਾਰ ਕੇ ਵਰਤੇ ਅਤੇ ਆਪਣੇ ਸਰੂਪ ਦਾ ਵਾਸਤਵ ਵਿਚ ਵਿਚਾਰ ਕਰੇ। ਆਪਣੇ ਆਪ ਨੂੰ ਆਤਮਕ ਸਰੂਪ ਸਮਝ ਕੇ ਸਭਨਾਂ ਵਿਚ ਇਕ ਪਾਰਬ੍ਰਹਮ ਪ੍ਰਮੇਸ਼ਰ ਹੀ ਦੇਖੇ ਅਤੇ ਸਮਝੇ ਕਿ ਇਹ ਵਾਹਿਗੁਰੂ ਦੇ ਹੁਕਮ ਵਿਚ ਜੋ ਕੁਛ ਹੋ ਰਿਹਾ ਹੈ, ਸਭ ਭਲਾ ਕਰਕੇ ਮੰਨੇ ਅਤੇ ਬੁਰੇ ਦਾ ਭਲਾ ਕਰਨ ਦਾ ਉਤਸ਼ਾਹ ਮਨ ਵਿਚ ਰੱਖੇ। ਆਪਣੇ ਹਿਰਦੇ ਤੋਂ ਕਿਸੇ ਨੂੰ ਸ਼ਤਰੂ ਨਾ ਮੰਨੇ, ਸਭਨਾਂ ਨੂੰ ਇਕੋ ਆਤਮਾ ਨਿਸ਼ਚੇ ਕਰੇ। ਬੁਰਾ ਕਰਨ ਵਾਲੇ ਨੂੰ ਦੇਖ ਕੇ ਨਫ਼ਰਤ, ਈਰਖਾ, ਕ੍ਰੋਧ, ਗਿਲਾਨਤਾ ਨਾ ਕਰੇ। ਸ਼ਾਂਤ ਆਤਮਾ, ਗੰਭੀਰ ਮਤੀ, ਸੁਮਿੱਤਰ, ਸੁਹਿਰਦ ਮੂਰਤ ਅਤੇ ਪ੍ਰਸੰਨ ਚਿਤ ਰਹੇ। ਕਿਸੇ ਤਰ੍ਹਾਂ ਵੀ ਦੂਸਰੇ ਦੇ ਕਰਮਾਂ ਨੂੰ ਦੇਖ ਕੇ ਆਪਣੇ ਸੁਭਾਅ ਨੂੰ ਨਾ ਵਿਗਾੜੇ। ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ -

*ਹਰਿ ਜਨੁ ਰਾਮ ਨਾਮ ਗੁਨ ਗਾਵੈ॥*
*ਜੋ ਕੋਈ ਨਿੰਦ ਕਰੇ ਹਰਿ ਜਨ ਕੀ*
*ਅਪੁਨਾ ਗੁਨੁ ਨ ਗਵਾਵੈ॥ ਪੰਨਾ - 720*

ਸੋ ਇਸ ਤਰ੍ਹਾਂ ਨਾਲ ਆਪਣਾ ਸੁਭਾਅ ਸ਼ੁਧ ਰੱਖੇ।

**ਪ੍ਰਸ਼ਨ - 6. ਐਸੀ ਅਵਸਥਾ ਵਿਚ ਗੁਰਮੁਖਾਂ ਨੂੰ ਕਿਸ ਪ੍ਰਕਾਰ ਵਰਤਾਰਾ ਕਰਨਾ ਚਾਹੀਦਾ ਹੈ?**

ਉੱਤਰ - ਗੁਰਮੁਖਾਂ ਦਾ ਜੋ ਸੁਭਾਅ ਹੈ ਉਸ ਵਿਚੋਂ, 'ਮੈਂ', 'ਹਉਮੈ' ਦਾ ਪੂਰੀ ਤਰ੍ਹਾਂ ਅਭਾਵ ਹੋ ਚੁੱਕਿਆ ਹੁੰਦਾ ਹੈ ਅਤੇ ਉਨ੍ਹਾਂ ਨੂੰ ਸਭਨਾਂ ਦੇ ਅੰਦਰੋਂ ਇਕੋ ਪ੍ਰਮੇਸ਼ਰ ਦ੍ਰਿਸ਼ਟੀ ਆਉਂਦਾ ਹੈ ਜਿਸ ਤਰ੍ਹਾਂ ਭਾਈ ਘਨਈਆ ਜੀ ਨੇ ਆਪਣੇ ਅਤੇ ਬੇਗਾਨਿਆਂ ਨੂੰ ਇਕ ਰਸ ਗੁਰੂ ਰੂਪ ਜਾਣ ਕੇ ਪਾਣੀ ਪਿਲਾਇਆ। ਇਸ ਵਰਤਾਰੇ ਨੂੰ ਗੁਰੂ ਦਸ਼ਮੇਸ਼ ਪਿਤਾ ਨੇ ਪਿਆਰ ਦੇ ਕੇ ਬ੍ਰਹਮਗਿਆਨੀ ਕਹਿ ਕੇ ਅਸੀਸ ਦਿਤੀ ਅਤੇ ਹੁਕਮ ਕੀਤਾ ਕਿ ਅੱਗੇ ਵਾਸਤੇ ਮੇਰੇ ਜ਼ਖਮਾਂ ਉਤੇ ਮਲ੍ਹਮ ਲਾ ਕੇ ਪੱਟੀ ਵੀ ਬੰਨ੍ਹਿਆ ਕਰ। ਇਹ advanced stage (ਉਚੀ ਅਵਸਥਾ) ਦੇ ਗੁਰਸਿੱਖਾਂ ਦੀ ਸਮਤਾ ਭਰੀ ਬਿਰਤੀ ਹੈ ਜੋ ਹਰ ਘਟ ਵਿਚ ਪ੍ਰਭੂ ਦੇਖਦੀ, ਸਭ ਨਾਲ ਪਿਆਰ-ਪ੍ਰੇਮ ਨਾਲ ਵਰਤਦੀ, ਵੈਰੀ ਤੇ ਬੇਗਾਨੇ ਦੇ ਭਾਵਾਂ ਤੋਂ ਅਛੋਹ ਰਹਿੰਦੀ, ਧੀਰਜ ਤੇ ਸ਼ਾਂਤ ਰੱਖਦੀ ਹੈ ਕਿਉਂਕਿ ਗੁਰਮੁਖਾਂ ਦਾ ਮਨ, ਗਿਆਨ ਅਗਨ ਵਿਚ ਭਸਮ ਹੋ ਕੇ ਅ-ਮਨ ਹੋ ਚੁਕਿਆ ਹੁੰਦਾ ਹੈ ਅਤੇ ਸਾਰੀਆਂ ਵਾਸ਼ਨਾਵਾਂ 'ਖੈ' ਹੋ ਕੇ ਤੱਤ ਗਿਆਨ ਦੀ ਪ੍ਰਤੱਖ ਪ੍ਰਾਪਤੀ ਹੋ ਚੁੱਕੀ ਹੁੰਦੀ ਹੈ। ਸੋ ਸੁਖ ਦੇਣ ਵਾਲਾ, ਪੀੜਾ ਕਰਨ ਵਾਲਾ, ਮਾਨ ਦੇਣ ਵਾਲਾ, ਅਪਮਾਨ ਕਰਨ ਵਾਲਾ ਹੋਰ ਕੋਈ ਨਹੀਂ ਹੁੰਦਾ, ਆਪਣਾ ਹੀ ਆਤਮਾ ਹੋਇਆ ਕਰਦਾ ਹੈ ਅਤੇ ਸਾਰਿਆਂ ਦੇ ਨਾਲ ਸਮਾਨ

ਵਰਤਾਰਾ ਕਰਦੇ ਹਨ। ਸੱਚ ਦੀ ਪ੍ਰਾਪਤੀ ਕਰ ਲੈਣਾ, ਸਤਿ ਮੰਡਲ ਵਿਚ ਸਥਿਤੀ ਪ੍ਰਾਪਤ ਕਰਕੇ ਸੱਚ ਦੇ ਅਚਾਰ ਵਿਚ ਸੰਸਾਰ ਨਾਲ ਵਰਤਣਾ ਪਰਮ ਪਦ ਦੀ ਪੂਰਨ ਅਵਸਥਾ ਹੈ, ਜਿਥੇ ਆਪਣੇ ਬੇਗਾਨੇ ਦਾ ਭੇਦ ਖਤਮ ਹੋ ਜਾਇਆ ਕਰਦਾ ਹੈ। ਦੁੱਖ-ਸੁੱਖ ਸਭ ਨੂੰ ਪ੍ਰਮੇਸ਼ਰ ਦੀ ਦਾਤ ਸਮਝ ਕੇ ਉਸਦੇ ਹੁਕਮ ਵਿਚ ਪ੍ਰਵਾਨ ਕਰਕੇ ਸਦਾ ਹੀ ਅਨੰਦਮਈ ਅਵਸਥਾ ਵਿਚ ਰਹਿੰਦੇ ਹਨ। ਉਨ੍ਹਾਂ ਦੇ ਜੀਵਨ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਦੇ ਨਾਲ ਪ੍ਰਤੱਖ ਰੂਪ ਵਿਚ ਸਮਝ ਆ ਜਾਵੇਗੀ ਜਿਵੇਂ ਕਿ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।।*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ।। ਰਹਾਉ।।*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ।।*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ।।*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ।।*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ।।*
*ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ।।*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।।*
*ਪੰਨਾ - 633-34*

ਇਸ ਤਰ੍ਹਾਂ ਜੀਵਨ ਸ਼ਕਤੀ ਦਾ ਪ੍ਰੇਮ ਅਨੰਦ ਮਾਣਦੇ ਹੋਏ ਆਪਣਾ ਜੀਵਨ ਨੂੰ ਹੁਕਮ ਦੇ ਵਿਚ ਇਕਤਾਰ ਪਰੋਤਾ ਹਾਨ-ਲਾਭ, ਮਾਨ-ਅਪਮਾਨ, ਵੈਰੀ-ਮਿੱਤਰ, ਆਪਣੇ-ਬੇਗਾਨੇ ਤੋਂ ਅਛੋਹ ਰਹਿੰਦੇ ਹੋਏ ਇਉਂ ਪ੍ਰਤੀਤ ਕਰਦੇ ਹਨ ਜਿਵੇਂ ਜਲ ਵਿਚ ਕਮਲ ਫੁੱਲ ਪਾਣੀ ਦੀਆਂ ਲਹਿਰਾਂ ਦੀਆਂ ਥਪੇੜਾਂ ਖਾਂਦਾ ਹੋਇਆ ਸਦਾ ਹੀ ਵਿਗਾਸ ਵਿਚ ਰਹਿੰਦਾ ਹੈ। ਗੁਰਮੁਖਿ ਦਾ ਹਿਰਦਾ ਕਦੇ ਵੀ ਨਿਰਾਸ਼ਾ ਵਿਚ ਨਹੀਂ ਜਾਂਦਾ ਅਤੇ ਨਾ ਹੀ ਦੁੱਖਾਂ ਨੂੰ ਦੇਖ ਕੇ ਮਲੀਨਤਾ ਧਾਰਨ ਕਰਦਾ ਹੈ। ਉਸ ਸੰਸਾਰ ਵਿਚ ਇਉਂ ਰਹਿੰਦਾ ਹੈ ਜਿਵੇਂ ਪਾਣੀ ਵਿਚ ਤਾਰੀਆਂ ਲਾਉਂਦੀ ਮੁਰਗਾਬੀ ਆਪਣੇ ਫੰਘਾਂ ਨੂੰ ਭਿੱਜਣ ਤੋਂ ਅਛੋਹ ਰੱਖਦੀ ਹੈ। ਪ੍ਰਭੂ ਪਿਆਰ ਵਿਚ ਆਪਣੇ ਆਪ ਨੂੰ ਉਸਦਾ ਰੂਪ ਜਾਣਦਾ ਹੋਇਆ ਆਪਣੀ ਵਿਕਲੋਤਰੀ ਹਉਂ ਤੋਂ ਮੁਕਤ ਰਹਿੰਦਾ ਜੀਵਨ ਬਤੀਤ ਕਰਦਾ ਹੈ। ਜਿਵੇਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ।।*
*ਜੀਵਨ ਮੁਕਤਿ ਸੋਊ ਕਹਾਵੈ।।*
*ਤੈਸਾ ਹਰਖੁ ਤੈਸਾ ਉਸੁ ਸੋਗੁ।।*
*ਸਦਾ ਅਨੰਦੁ ਤਹ ਨਹੀ ਬਿਓਗੁ।।*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ।।*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ।।*
*ਤੈਸਾ ਮਾਨੁ ਤੈਸਾ ਅਭਿਮਾਨੁ।।*
*ਤੈਸਾ ਰੰਕੁ ਤੈਸਾ ਰਾਜਾਨੁ।।*
*ਜੋ ਵਰਤਾਏ ਸਾਈ ਜੁਗਤਿ।।*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ।। ਪੰਨਾ - 275*

**ਪ੍ਰਸ਼ਨ - 7. ਆਦਮੀ ਨੂੰ ਹਰ ਵਕਤ ਸੰਕਲਪ ਆਉਂਦੇ ਰਹਿੰਦੇ ਹਨ। ਇਨ੍ਹਾਂ ਤੋਂ ਕਿਸ ਤਰ੍ਹਾਂ ਨਾਲ ਖਹਿੜਾ ਛੁਡਾਇਆ ਜਾ ਸਕਦਾ ਹੈ?**

ਉੱਤਰ - ਲੰਘ ਗਏ ਸਮੇਂ ਦੀ ਵਿਅਰਥ ਯਾਦ, ਸਮਾਂ ਬਰਬਾਦ ਕਰਦੀ ਹੈ। ਜੋ ਕੁਛ ਭੂਤਕਾਲ ਵਿਚ ਹੋ ਚੁਕਿਆ ਹੈ, ਉਹ ਹੋ ਹੀ ਚੁੱਕਿਆ ਹੈ, ਉਹ ਸਮਾਂ ਕਦੇ ਵੀ ਹੱਥ ਵਿਚ ਨਹੀਂ ਆਇਆ ਕਰਦਾ। ਸੋ ਲੰਘ ਗਏ ਸਮੇਂ ਦੀਆਂ ਘਟਨਾਵਾਂ ਨੂੰ ਸਿਮ੍ਰਿਤੀ ਵਿਚ ਲਿਆ ਕੇ ਘਾਟੇ ਹੀ ਘਾਟੇ ਹਨ। ਪਹਿਲਾਂ ਤਾਂ ਰਿਦੇ ਵਿਚ ਰਾਗ - ਦਵੈਸ਼ ਧਾਰਨ ਕਰਦਾ ਹੈ, ਦੂਸਰਾ ਲੰਘ ਚੁੱਕੀਆਂ ਵਿਅਕਤੀਆਂ ਦੇ ਨਾਲ ਵੈਰ ਧਾਰਨ ਕਰਦਾ ਹੈ, ਜੋ ਮਹਾਂਮੂਰਖਾਂ ਵਾਲਾ ਵਰਤਾਰਾ ਹੈ।

ਭਵਿਖਤ ਕਾਲ ਦੀ ਚਿੰਤਾ ਕਰਕੇ ਵਿਅਰਥ ਸਮਾਂ ਬਰਬਾਦ ਕਰਦਾ ਹੈ ਕਿਉਂਕਿ ਇਸਨੂੰ ਕੋਈ ਪਤਾ ਨਹੀਂ ਕਿ ਅਗਲੇ ਪਲ ਮੇਰੇ ਨਾਲ ਕੀ ਹੋਣ ਵਾਲਾ ਹੈ ਅਤੇ ਨਾ ਹੀ ਇਸ ਦੇ ਸੋਚਿਆਂ ਇਸਦੀ ਮਰਜ਼ੀ ਦੇ ਮੁਤਾਬਿਕ ਕੋਈ ਕੰਮ ਹੋ ਸਕਦਾ ਹੈ ਕਿਉਂਕਿ ਮਹਾਰਾਜ ਦਾ ਫੁਰਮਾਨ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ।।*
*ਕਰਨ ਕਰਾਵਨ ਸਰਬ ਕੋ ਨਾਥ।। ਪੰਨਾ - 277*

ਸੱਤਤਾ ਇਹ ਹੈ ਕਿ ਇਥੇ ਸਾਰੀ ਖੇਲ੍ਹ ਹੁਕਮ ਦੇ ਅਧੀਨ ਹੋ ਰਹੀ ਹੈ ਤਾਂ ਚਿੰਤਾ ਕਰਨ ਦਾ ਕੀ ਫਾਇਆ ਹੈ? ਜੋ ਕੁਛ ਵਿਧਾਤਾ ਨੇ ਕਰਨਾ ਹੈ, ਉਹ ਤਾਂ ਹੋ ਹੀ ਰਿਹਾ ਹੈ। ਹਾਂ, ਇਕ ਹੱਲ ਹੈ ਕਿ ਸ਼ੁੱਧ ਹਿਰਦੇ ਨਾਲ ਅਰਦਾਸ ਕੀਤੀ ਜਾਵੇ ਜੋ ਅਸੀਂ ਹਰ ਰੋਜ਼ ਨਿਤਨੇਮ ਪਿਛੋਂ ਅਰਦਾਸ ਕਰਕੇ ਕਹਿੰਦੇ ਹਾਂ ਕਿ ਹੇ ਪ੍ਰਭੂ! ਚਾਰ ਪਹਿਰ ਦਿਨ ਆਇਆ ਹੈ, ਚਾਰ ਪਹਿਰ ਰਾਤ ਆਈ ਹੈ ਆਪਣੇ ਪਿਆਰ ਵਿਚ ਰਖਦਿਆਂ, ਆਪਣੀ ਕ੍ਰਿਪਾ ਦਾ ਪਾਤਰ ਬਣਾਉਂਦਿਆਂ ਸੁਖ ਨਾਲ ਬਤੀਤ ਹੋਵੇ। ਜੋ ਪ੍ਰੇਮੀ ਐਸੀ ਬਿਰਤੀ ਧਾਰਨ ਕਰਦਾ ਹੈ, ਉਸ ਦੇ ਮਨ ਵਿਚ ਨਿਰਾਰਥਕ ਸੰਕਲਪ ਨਹੀਂ ਉਠਿਆ ਕਰਦੇ।

---

(ਪੰਨਾ 5 ਦੀ ਬਾਕੀ)

ਸਲਾਹ ਮਸ਼ਵਰੇ ਤੇ ਗੁਰਮਤੇ ਸਮੇਂ ਉਨ੍ਹਾਂ ਦੀ ਸਲਾਹ ਲੈਣੀ ਜ਼ਰੂਰੀ ਸਮਝੀ। ਫਿਰ ਜਦੋਂ ਉਹ ਇਸ ਸੰਸਾਰ ਤੋਂ ਜਾਣ ਲੱਗੇ ਤਦ ਵੀ ਸਤਿਗੁਰਾਂ ਨੇ ਫੁਰਮਾਇਆ ਸੀ, "ਭਾਈ ਦਿਆ ਸਿੰਘ! ਪ੍ਰਦੇਸ ਅੰਦਰ ਇਕੱਲੇ ਹੀ ਛੱਡ ਕੇ ਚਲ ਪਏ ਹੋ। ਅੱਛਾ ਚਲੋ ਸਾਡੇ ਪਿਆਰੇ ਨੂੰ ਕਹਿਣਾ, ਉਹ ਜੋ ਵੀ ਕਰੇ, ਸਾਨੂੰ ਉਸਦੀ ਰਜ਼ਾ ਅੰਦਰ ਹਰ ਸਮੇਂ ਅਨੰਦ ਹੀ ਰਹਿਣਾ ਹੈ, ਅਸਾਂ ਪਿਆਰ ਪਾ ਕੇ ਪਿਛੇ ਨਹੀਂ ਮੁੜਨਾ।"

ਇਸ ਤਰ੍ਹਾਂ ਭਾਈ ਦਿਆ ਸਿੰਘ ਮਹਾਨ ਘਾਲਣਾ ਘਾਲ ਕੇ, ਸਾਧਨ ਕਰਕੇ, ਆਪਾ ਵਾਰ ਕੇ, ਗੁਰੂ ਆਧਾਰਤ ਤੇ ਗੁਰੂ ਪ੍ਰਾਇਣ ਹੋ ਕੇ ਫਿਰ ਜੋਤ ਅੰਦਰ ਇਕ-ਮਿਕ ਹੋ ਕੇ ਹਰ ਸਵਾਸ ਨਿਬਾਹਿਆ ਤੇ ਆਖਰੀ ਦਮਾਂ ਤਕ ਉਸ ਪ੍ਰੰਪਰਾ ਅੰਦਰ ਕੋਈ ਫਰਕ ਨਹੀਂ ਪਿਆ। ਭਾਈ ਸਾਹਿਬ ਇਕ ਮਹਾਨ ਤਪੀ, ਪੂਰਨ ਯੋਗੀ, ਮਹਾਨ ਲੋਕ ਸੇਵਕ ਤੇ ਇਕ ਪ੍ਰਜਾ ਤੰਤਰਵਾਦ ਤੇ ਮਹਾਨ ਸਥੰਭ ਸਨ। ਉਹ ਮਨੁਖ ਮਾਤਰ ਦੀ ਏਕਤਾ ਤੇ ਮਨੁਖ ਮਾਤਰ ਦੀ ਭਲਾਈ ਹਿਤ ਲੜਨਾ ਧਰਮ ਸਮਝਦੇ ਸਨ। ਇਹ ਸਵਾਸ ਸਵਾਸ ਸਿਮਰਨ ਤੇ ਹਰ ਘੜੀ ਫਰਜ਼ ਦੀ ਪੂਰਨਤਾ ਹਿਤ ਯੁੱਧ ਕਰਦੇ ਰਹੇ ਤੇ ਉਸੇ ਅੰਦਰ ਆਪਾ ਵਾਰ ਗਏ। ਉਨ੍ਹਾਂ ਦੇ ਪ੍ਰਤਾਪ ਕਰਕੇ ਹੀ ਸਿਖ ਪੰਥ ਵਿਚ ਮਹਾਨ ਸੰਪ੍ਰਦਾਏ ਨੇ ਜਨਮ ਲਿਆ।

(ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)

# ਆਦਰਸ਼ ਸੇਵਕ

## (ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦੇ ਚਾਨਣ ਵਿਚ)

*ਡਾ. ਸ਼ਮਸ਼ੇਰ ਸਿੰਘ*

ਸਿੱਖ ਧਰਮ ਵਿਚ ਆਦਰਸ਼ ਸਿੱਖ ਦਾ ਮਨੋਰਥ ਇਕ ਨਿਸ਼ਕਾਮ ਸੇਵਕ ਬਣਨਾ ਹੈ। ਅਜਿਹਾ ਸੇਵਕ ਬਣਨਾ ਹੀ ਉਸ ਦੇ ਜੀਵਨ ਦਾ ਨਿਸ਼ਾਨਾ ਹੈ। ਗੁਰਮਤਿ ਦੇ ਮਹਲ ਅੰਦਰ ਸੇਵਾ ਅਤੇ ਸਿਮਰਨ ਦੋ ਵੱਡੇ ਥੰਮ੍ਹ ਹਨ। ਇਨ੍ਹਾਂ ਦੋਨਾਂ ਮੂਲਕ ਸਿਧਾਂਤਾਂ ਤੋਂ ਬਿਨਾਂ ਗੁਰਮਤਿ ਦੀ ਵਿਆਖਿਆ ਅਧੂਰੀ ਹੈ। ਸਿੱਖੀ ਦੇ ਇਤਿਹਾਸ ਅੰਦਰ ਸੇਵਕ ਦਾ ਇਕ ਖਾਸ ਸਥਾਨ ਵਰਣਨ ਕੀਤਾ ਗਿਆ ਹੈ। ਗੁਰਮਤਿ ਵਿਚ ਸੇਵਕ ਨੂੰ ਉਚੀ ਪਦਵੀ ਪ੍ਰਾਪਤ ਹੈ। ਗੁਰੂ ਸਾਹਿਬ ਨੇ ਸਿੱਖੀ ਮਿਸ਼ਨ ਨੂੰ ਅੱਗੇ ਤੋਰਨ ਲਈ ਜਦੋਂ ਆਪਣੇ ਉਤਰਾਧਿਕਾਰੀ ਦੀ ਚੋਣ ਕੀਤੀ, ਉਸ ਵਕਤ ਵੀ ਸੇਵਕ ਸਿੱਖ ਦੀ ਨਿਸ਼ਕਾਮ ਸੇਵਾ ਨੂੰ ਹੀ ਮੁੱਖ ਰਖਿਆ। ਸੇਵਕ ਦਾ ਇਹ ਇਮਤਿਹਾਨ ਸਭ ਤੋਂ ਵੱਡਾ ਇਮਤਿਹਾਨ ਹੁੰਦਾ ਸੀ।

ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਮਨੁੱਖੀ ਸ਼ਖਸ਼ੀਅਤ ਦੀ ਬਹੁਪੱਖੀ ਉਸਾਰੀ ਅਤੀ ਨਵੀਂ ਘਾੜਤ ਸੀ, ਇਕ ਪਰਿਵਰਤਨ ਸੀ। ਮਨੁੱਖ ਨੂੰ ਆਪੇ ਦੀ ਸੋਝੀ ਕਰਵਾਉਣਾ ਅਤੇ ਇਸ ਜੀਵਨ ਦੀ ਸਫ਼ਲਤਾ ਲਈ ਇਕ ਉਪਰਾਲਾ ਸੀ। ਸੇਵਕ ਦੀ ਸ਼ਖਸ਼ੀਅਤ ਨੂੰ ਹਰ ਪੱਖ ਤੋਂ ਪੂਰਨਤਾ ਦੇਣੀ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਉਦੇਸ਼ ਸੀ। ਇਸ ਮਨੁੱਖੀ ਸ਼ਖਸ਼ੀਅਤ ਦੇ ਨਵ-ਉਸਾਰੀ ਦੇ ਸਿਧਾਂਤ ਨੂੰ ਗੁਰੂ ਸਾਹਿਬਾਨ ਨੇ ਸਿਰਫ ਬਿਆਨਿਆ ਹੀ ਨਹੀਂ, ਸਗੋਂ ਆਪ ਜੀਵਿਆ ਭੀ ਸੀ, ਜੋ ਸਾਡੇ ਲਈ ਇਕ ਆਦਰਸ਼ਕ ਮਿਸਾਲ ਹੈ, ਚਾਨਣ ਮੁਨਾਰਾ ਹੈ। ਲਗ-ਭਗ ਸਾਰੇ ਗੁਰੂ ਸਾਹਿਬਾਨ ਨੇ ਪਹਿਲਾਂ ਸੇਵਕ ਦੇ ਰੂਪ ਵਿਚ ਸੇਵਾ ਕੀਤੀ।

ਗੁਰੂ ਰਾਮਦਾਸ ਜੀ ਦੀ ਬਾਣੀ ਅੰਦਰ ਇਕ ਆਦਰਸ਼ ਸੇਵਕ ਦੀ ਸ਼ਖਸ਼ੀਅਤ ਦਾ ਝਲਕਾਰਾ ਪੈਂਦਾ ਹੈ। ਗੁਰੂ ਜੀ ਨੇ ਸੇਵਕ ਦੇ ਸਮਾਨਅਰਥੀ ਸ਼ਬਦਾਂ ਦੀ ਵਰਤੋਂ ਭੀ ਕੀਤੀ ਹੈ। ਜਿਵੇਂ-

1. ਲਾਲੇ ਗੋਲੇ - ਜਨ ਨਾਨਕ ਗੁਰ ਕੇ ਲਾਲੇ ਗੋਲੇ
ਲਗਿ ਸੰਗਤਿ ਕਰੂਆ ਮੀਠਾ॥ ਪੰਨਾ - 171
2. ਗੋਲੀ - ਅਪੁਨੇ ਹਰਿ ਪ੍ਰਭ ਕੀ ਹਉ ਗੋਲੀ॥ ਪੰਨਾ - 69
3. ਜਨ - ਜਨ ਕੀ ਪੈਜ ਸਵਾਰੇ॥ ਪੰਨਾ - 982
4. ਇਵੇਂ ਹੀ ਸ਼ਬਦ ਗੁਲਾਮ, ਦਾਸ ਅਤੇ ਚੇਰੀ ਦੀ ਵਰਤੋਂ ਭੀ ਮਿਲਦੀ ਹੈ। ਕਿਤੇ ਕਿਤੇ ਸ਼ਬਦ ਵੇਗਾਰਿ ਅਤੇ ਵੇਗਾਰੀਆ ਦਾ ਜ਼ਿਕਰ ਕੀਤਾ ਮਿਲਦਾ ਹੈ।

ਇਹ ਸਾਰੇ ਸ਼ਬਦ ਨਿਮਰਤਾ ਦੇ ਸੂਚਕ ਹਨ। ਨਿਮਰ ਭਾਵ ਵਿਚ ਰਹਿ ਕੇ ਸੇਵਾ ਹੋ ਸਕਦੀ ਹੈ। ਅਜਿਹਾ ਸੇਵਕ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ। ਸੇਵਕ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਪੂਰੀ ਆਸਥਾ ਅਤੇ ਸ਼ਰਧਾ ਨਾਲ ਸੇਵਾ ਕਰਨ ਲਈ ਆਪਾ ਸਮਰਪਣ ਕਰਨ ਦੀ ਭਾਵਨਾ ਮਨ ਵਿਚ ਹੋਵੇ। ਸੇਵਕ ਆਪਣਾ ਤਨ, ਮਨ ਅਤੇ ਧਨ ਸਭ ਗੁਰੂ ਨੂੰ ਸੌਂਪ ਕੇ ਸੇਵਾ ਕਰੇ। ਇਸ ਤਰ੍ਹਾਂ ਪੂਰਨ ਰੂਪ ਵਿਚ ਸਵੈ ਅਰਪਣ ਕਰਨ ਨਾਲ ਹੀ ਸੇਵਕ ਦੀ ਸੇਵਾ ਪੁੱਗਦੀ ਹੈ। ਗੁਰੂ ਦੇ ਹੁਕਮ ਅੰਦਰ ਚਲਣ ਨਾਲ ਹਉਮੈ ਦਾ ਅਭਾਵ ਹੁੰਦਾ ਹੈ। ਅਜਿਹੀ ਸੇਵਾ ਕਾਮਨਾ ਰਹਿਤ ਹੀ ਉਸ ਦੇ ਆਦਰਸ਼ ਦੀ ਪੂਰਤੀ ਵਿਚ ਸਹਾਈ ਹੋ ਸਕਦੀ ਹੈ। ਸੇਵਕ ਅਜਿਹਾ ਕਰਨ ਤੇ ਕੁਝ ਦਿੰਦਾ ਨਹੀਂ, ਕੋਈ ਅਹਿਸਾਸ ਨਹੀਂ ਕਰਦਾ; ਸਿਰਫ ਪ੍ਰਭੂ ਵੱਲੋਂ ਦਿਤੀ ਹੋਈ ਅਮਾਨਤ ਹੀ ਵਾਪਸ ਕਰਦਾ ਹੈ। ਜੈਸਾ ਕਿ ਭਗਤ ਕਬੀਰ ਜੀ ਨੇ ਇਸ ਸਿਧਾਂਤ ਨੂੰ ਸਪਸ਼ਟ ਕਰਦਿਆਂ ਕਿਹਾ ਹੈ -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥*

*ਪੰਨਾ - 1375*

ਸ਼ਰਧਾ ਅਤੇ ਆਸਥਾ ਨਾਲ ਕੀਤੀ ਸੇਵਾ ਕਰਨ ਤੇ ਹੀ ਪ੍ਰਭੂ ਆਪਣੇ ਸੇਵਕਾਂ ਨੂੰ ਪਿਆਰ ਕਰਦਾ ਹੈ। ਨਾਮ ਦਾ ਸਹਾਰਾ ਦਿੰਦਾ ਹੈ ਅਤੇ ਅੰਗ ਸੰਗ ਸਹਾਈ ਹੋ ਕੇ ਡੋਲਣ ਤੋਂ ਬਚਾਉਂਦਾ ਹੈ। ਨਿਸ਼ਕਾਮ ਸੇਵਕ ਨੂੰ ਸਭ ਥਾਂ ਇਕੋ ਪ੍ਰਭੂ, ਜੋਤਿ ਰੂਪ ਵਿਚ ਨਜ਼ਰ ਆਉਂਦਾ ਹੈ। ਗੁਰੂ ਰਾਮਦਾਸ ਜੀ ਕਥਨ ਕਰਦੇ ਹਨ -

*ਪ੍ਰਭ ਕੇ ਸੇਵਕ ਬਹੁਤੁ ਅਤਿ ਨੀਕੇ ਮਨਿ ਸਰਧਾ ਕਰਿ ਹਰਿ ਧਾਰੇ॥*
*ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ ਜਨ ਕੀ ਪੈਜ ਸਵਾਰੇ॥*
*ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ ਦੇਖੈ ਬ੍ਰਹਮ ਪਸਾਰੇ॥*
*ਏਕੁ ਪੁਰਖੁ ਇਕੁ ਨਦਰੀ ਆਵੈ ਸਭ ਏਕਾ ਨਦਰਿ ਨਿਹਾਰੇ॥*

*ਪੰਨਾ - 982*

ਸੇਵਕ ਨੂੰ ਆਪਣੇ ਦਿਆਲ ਅਤੇ ਮਿਹਰਬਾਨ ਪ੍ਰਭੂ ਤੇ ਗੁਰੂ ਉਤੇ ਪੂਰਨ ਭਰੋਸਾ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਸੇਵਕਾਂ ਤੇ ਸਦਾ ਮਿਹਰ ਕਰਦਾ ਆਇਆ ਹੈ ਅਤੇ ਕਰਦਾ ਰਹੇਗਾ। ਇਹ ਸਿਰਫ ਇਸ ਜੁਗ ਦੀ ਹੀ ਗੱਲ ਨਹੀਂ, ਸਗੋਂ ਹਰ ਜੁਗ ਅੰਦਰ ਭਗਤ ਜੋ ਵਾਹਿਗੁਰੂ ਤੋਂ ਵਰੋਸਾਏ ਹੋਏ ਸਨ, ਪ੍ਰਭੂ ਨੇ ਮਿਹਰ ਕੀਤੀ ਅਤੇ ਪੈਜ ਰੱਖੀ, ਨਿਕਟੀ ਹੋਇ ਕੇ ਦਿਖਾਇਆ, ਕਾਰਜ-ਕਿਰਤ ਵਿਚ ਸੇਵਕ ਦੇ ਅੰਗ ਸੰਗ ਹੋ ਨਿਬੜਿਆ। ਹਰ ਖੇਤਰ ਵਿਚ ਸਹੂਲਤਾ ਲਈ ਸੇਧ ਦਿਤੀ ਅਤੇ ਨਾਲ ਹੀ ਦੁਸ਼ਟਾਂ ਦੀ ਖੈ ਕੀਤੀ, ਹੰਕਾਰੀਆਂ ਅਤੇ ਨਿੰਦਕਾਂ ਵੱਲ ਪਿੱਠ ਕਰ ਛੱਡੀ ਅਤੇ ਆਪਣੇ ਭਗਤਾਂ ਨੂੰ ਮਾਣ ਤੇ ਪ੍ਰਤਿਸ਼ਠਤਾ ਦੀ ਬਖਸ਼ਿਸ਼ ਕੀਤੀ।

ਗੁਰੂ ਰਾਮਦਾਸ ਜੀ 'ਮਾਰੂ ਰਾਗ' ਵਿਚ ਇਸ ਖਿਆਲ ਨੂੰ ਬੜੇ ਸਪਸ਼ਟ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਵਰਣਨ ਕਰਦੇ ਹਨ-

*ਜਨ ਕਉ ਆਪਿ ਅਨੁਗ੍ਰਹੁ ਕੀਆ ਹਰਿ ਅੰਗੀਕਾਰੁ ਕਰੇ॥*
*ਸੇਵਕ ਪੈਜ ਰਖੈ ਮੇਰਾ ਗੋਵਿੰਦੁ ਸਰਣਿ ਪਰੇ ਉਧਰੇ॥*
*ਜਨ ਨਾਨਕ ਹਰਿ ਕਿਰਪਾ ਧਾਰੀ ਉਰ ਧਰਿਓ ਨਾਮੁ ਹਰੇ॥*

*ਪੰਨਾ - 995*

ਸੇਵਕ ਦੀ ਗੁਰੂ ਉਤੇ ਸ਼ਰਧਾ ਅਤੇ ਅਟੁੱਟ ਵਿਸ਼ਵਾਸ਼ ਹੀ ਉਸ ਨੂੰ ਇਸ ਸੰਸਾਰ ਸਮੁੰਦਰ ਤੋਂ ਪਾਰ ਉਤਾਰਨ ਲਈ ਸਹਾਈ ਹੁੰਦਾ ਹੈ। ਪ੍ਰਭੂ, ਗੁਰੂ ਅਤੇ ਗੁਰੂ ਦੇ ਸ਼ਬਦ-ਬਾਣੀ ਵਿਚ ਇਕਸੁਰਤਾ ਹੈ। ਗੁਰੂ, ਪ੍ਰਭੂ ਦਾ ਭੇਜਿਆ ਹੋਇਆ ਪ੍ਰਤੀਨਿਧ ਹੁੰਦਾ ਹੈ। ਸੇਵਕ ਅਤੇ ਗੁਰੂ ਦਾ ਰਿਸ਼ਤਾ ਇਕ ਰਹੱਸਮਈ ਹੈ ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ, ਸਿਰਫ ਅਨੁਭਵ ਹੀ ਕੀਤਾ ਜਾ ਸਕਦਾ ਹੈ। ਇਹ ਦੁਨਿਆਵੀ ਰਿਸ਼ਤਾ ਨਹੀਂ। ਗੁਰੂ ਦੀ ਰਚਨਾ, ਬੋਲ, ਇਕ ਰੱਬੀ ਪੈਗਾਮ

ਹੈ, ਇਲਾਹੀ ਗੀਤ ਹਨ, ਦਿਲ, ਦਿਮਾਗ ਅਤੇ ਆਤਮਾ ਤਿੰਨਾਂ ਨੂੰ ਅਪੀਲ ਕਰਨ ਵਾਲੇ ਹਨ। ਗੁਰੂ ਦੀ ਬਾਣੀ ਇਕ ਪਰਮਾਰਥ ਦਾ ਰਸਤਾ ਹੈ, ਸੇਵਕ ਲਈ ਕਲਿਆਣਕਾਰੀ ਹੈ, ਹਲਤ-ਪਲਤ ਲਈ ਸਹਾਈ ਹੈ। ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਹੈ। ਜਿਹੜਾ ਸੇਵਕ ਇਸ ਨੂੰ ਹਿਰਦੇ ਵਿਚ ਸਾਂਭ ਕੇ ਰਖਦਾ ਹੈ, ਗੁਰੂ ਯਕੀਨੀ ਤੌਰ ਤੇ ਸੇਵਕ ਨੂੰ ਸੰਸਾਰ ਤੋਂ ਪਾਰ ਲੰਘਾ ਦਿੰਦਾ ਹੈ। ਗੁਰੂ ਰਾਮਦਾਸ ਜੀ ਨੇ ਇਸ ਪਰਥਾਇ ਹੇਠ ਲਿਖੇ ਸ਼ਬਦ ਬੜੀ ਸ਼ਰਧਾ ਅਤੇ ਵਿਸ਼ਵਾਸ਼ ਨਾਲ ਕਹੇ ਹਨ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*ਪੰਨਾ - 982*

ਗੁਰੂ ਰਾਮਦਾਸ ਪਾਤਸ਼ਾਹ ਨੇ ਇਕ ਆਦਰਸ਼, ਸੇਵਕ ਦੀ ਹੈਸੀਅਤ ਵਿਚ ਦ੍ਰਿੜ੍ਹ ਕਰਾਇਆ ਹੈ ਕਿ ਸੇਵਕ ਦੀ ਸੇਵਾ ਉਹੀ ਸਫਲ ਹੈ ਜੋ ਗੁਰਮੁਖਿ ਬਣ ਕੇ ਕੀਤੀ ਜਾਂਦੀ ਹੈ। ਗੁਰਮੁਖਿ ਤੋਂ ਸੇਵਾ ਦਾ ਭਾਵ, ਨਿਸ਼ਕਾਮ ਸੇਵਾ ਹੈ। ਸੇਵਾ ਕੋਈ ਬੰਧਨ ਨਹੀਂ, ਠੋਸੀ ਹੋਈ ਮਜ਼ਬੂਰੀ ਅਧੀਨ ਕਾਰਜ ਨਹੀਂ, ਸਗੋਂ ਕਾਮਨਾ ਰਹਿਤ ਚਾਈਂ-ਚਾਈਂ ਅਪਣਾਇਆ ਪਰਉਪਕਾਰੀ ਕਾਰਜ ਹੈ। ਸੇਵਾ ਉਹੀ ਸਫਲ ਹੈ ਜਿਸ ਤੇ ਗੁਰੂ ਦਾ ਮਨ ਸੰਤੁਸ਼ਟ ਹੁੰਦਾ ਹੈ। ਅਜਿਹੀ ਸੇਵਾ ਪਾਪ ਨਾਸ਼ਕ ਹੁੰਦੀ ਹੈ। ਪ੍ਰਭੂ ਅਤੇ ਜੀਵ ਵਿਚਕਾਰ ਪਈ ਹਉਮੈ ਦੀ ਵਿਥ ਨੂੰ ਦੂਰ ਕਰ ਸਕਦੀ ਹੈ। ਅਜਿਹੀ ਸੇਵਾ ਦੀ ਘਾਲ ਥਾਇ ਪੈਂਦੀ ਹੈ ਭਾਵ ਮੰਜ਼ੂਰ ਹੁੰਦੀ ਹੈ, ਤਦ ਹੀ ਸੇਵਕ ਦਾ ਆਉਣਾ ਸੰਸਾਰ ਤੇ ਸਫਲ ਹੈ, ਭਾਵ ਉਸ ਦਾ ਜੀਵਨ ਸਫਲ ਹੈ। ਮਨਮੁਖ ਹੋ ਕੇ ਸੇਵਾ ਨਹੀਂ ਹੋ ਸਕਦੀ। ਨਿਸ਼ਕਾਮ ਸੇਵਾ ਨਾਲ ਹੀ ਸੇਵਕ ਦੀ ਤ੍ਰਿਸ਼ਨਾ ਭੁੱਖ ਲਹਿ ਸਕਦੀ ਹੈ। ਦੁਨਿਆਵੀ ਸੁਆਦਾਂ ਵੱਲ ਮਨ ਨਹੀਂ ਭਟਕਦਾ, ਸਿਰਫ਼ ਪ੍ਰਭੂ ਸੇਵਾ ਦਾ ਚਾਅ ਹੀ ਮਾਨਸਿਕ ਤ੍ਰਿਪਤੀ ਪ੍ਰਦਾਨ ਕਰਦਾ ਹੈ ਅਤੇ ਆਤਮਿਕ ਪੱਧਰ ਤੇ ਸਿਮਰਨ ਦਾ ਚਾਉ ਪੈਦਾ ਹੁੰਦਾ ਹੈ। ਗੁਰੂ ਜੀ ਨੇ ਇਸ ਵਿਸ਼ਵਾਸ਼ ਨੂੰ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਹੈ -

*ਐਸਾ ਹਰਿ ਸੇਵੀਐ ਨਿਤ ਧਿਆਈਐ*
*ਜੋ ਖਿਨ ਮਹਿ ਕਿਲਵਿਖ ਸਭਿ ਕਰੇ ਬਿਨਾਸਾ॥*
*ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ*
*ਤਾ ਹਰਿ ਨਿਹਫਲ ਸਭ ਘਾਲ ਗਵਾਸਾ॥*
*ਮੇਰੇ ਮਨ ਹਰਿ ਸੇਵਿਹੁ ਸੁਖਦਾਤਾ ਸੁਆਮੀ*
*ਜਿਸੁ ਸੇਵਿਐ ਸਭ ਭੁਖ ਲਹਾਸਾ॥*
*ਮੇਰੇ ਮਨ ਹਰਿ ਊਪਰਿ ਕੀਜੈ ਭਰਵਾਸਾ॥*
*ਜਹ ਜਾਈਐ ਤਹ ਨਾਲਿ ਮੇਰਾ ਸੁਆਮੀ*
*ਹਰਿ ਅਪਨੀ ਪੈਜ ਰਖੈ ਜਨ ਦਾਸਾ॥* *ਪੰਨਾ - 860*

ਮਨੋਵਿਗਿਆਨਕ ਪੱਖ ਤੋਂ ਸੇਵਕ ਦੇ ਮਨ ਵਿਚ ਸੇਵਾ ਦੀ ਅਮਿੱਟ ਛਾਪ ਉਲੀਕਣ ਲਈ ਗੁਰੂ ਜੀ ਨੇ ਵੱਖੋ-ਵੱਖਰੇ ਸ਼ਬਦਾਂ ਰਾਹੀਂ ਇਸਨੂੰ ਅਸਰਦਾਇਕ ਬਨਾਉਣ ਲਈ ਭਰਪੂਰ ਵਿਆਖਿਆ ਕੀਤੀ ਹੈ। ਅਸੀਂ ਪਹਿਲਾਂ ਇਸ ਦਾ ਵਰਣਨ ਕਰ ਚੁੱਕੇ ਹਾਂ ਕਿ ਸੱਚਾ ਸੇਵਕ ਆਪਣਾ ਤਨ, ਮਨ ਅਤੇ ਧਨ ਸਭ ਗੁਰੂ ਤਾਈਂ ਅਰਪਣ ਕਰ ਦਿੰਦਾ ਹੈ। ਸੇਵਕ ਜਦੋਂ ਇਕ ਅਜਿਹੀ ਭਾਵਆਤਮਕ ਅਵਸਥਾ ਤੇ ਪਹੁੰਚ ਜਾਂਦਾ ਹੈ ਤਾਂ ਆਪਣੇ ਪ੍ਰਾਨ ਤਕ ਵੀ ਗੁਰੂ ਪ੍ਰਤੀ ਸੇਵਾ ਲਈ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਕਿਤਨਾ ਅਨੰਦ ਹੈ ਇਸ ਆਪਾ ਤਿਆਗਣ ਵਿਚ, ਜਿਥੇ ਜਾ ਕੇ 'ਮੈਂ ਮੇਰੀ' ਖਤਮ ਹੋ ਜਾਂਦੀ ਹੈ, ਸਿਰਫ 'ਤੂੰ ਹੀ ਤੂੰ' ਰਹਿ ਜਾਂਦਾ ਹੈ। ਇਹ ਸਿਧਾਂਤ ਗੁਰੂ ਗ੍ਰੰਥ ਸਾਹਿਬ ਦੇ ਯੋਗਦਾਨੀਆਂ ਦੀ ਇਕ ਮੌਲਿਕ ਦੇਣ ਹੈ।

ਗੁਰੂ ਪਾਤਸ਼ਾਹ ਲਿਖਦੇ ਹਨ ਕਿ ਹੇ ਪ੍ਰਭੂ, ਮੇਰੇ ਪ੍ਰਾਣ ਭੀ ਤੇਰੇ ਵਸ ਵਿਚ ਹੀ ਹਨ, ਮੇਰੀ ਜਿੰਦ ਅਤੇ ਮੇਰਾ ਸਰੀਰ ਸਭ ਤੇਰੇ ਦਿਤੇ ਹੋਏ ਹਨ, ਸਾਰਾ ਸੰਸਾਰ ਪ੍ਰਭੂ ਦੇ ਵਸ ਵਿਚ ਹੈ। ਅਜਿਹੇ ਸੇਵਕ ਨੂੰ ਇਹ ਗਿਆਨ ਹੈ ਕਿ ਇਹ ਸਰੀਰ, ਸਰੀਰ ਦੇ ਕਰਮ ਇੰਦਰੇ, ਗਿਆਨ ਇੰਦਰੇ ਸਭ ਪ੍ਰਭੂ ਦੀ ਦੇਣ ਹਨ ਅਤੇ ਇਨ੍ਹਾਂ ਦੀ ਯੋਗ ਵਰਤੋਂ ਹੀ ਜੀਵਨ ਨਿਸ਼ਾਨੇ ਦੀ ਪੂਰਤੀ ਵੱਲ ਪੁੱਟੇ ਕਦਮ ਹਨ। ਜੇ ਕਰ ਇਨ੍ਹਾਂ ਦੀ ਗਲਤ ਵਰਤੋਂ ਕਰਦੇ ਹਾਂ ਤਾਂ ਜੀਵ ਦਾ ਆਉਣਾ ਨਿਸਫਲ ਹੈ ਅਤੇ ਅਖੀਰ ਪੱਲੇ ਪਛਤਾਵਾ ਹੀ ਪਛਤਾਵਾ ਰਹਿ ਜਾਂਦਾ ਹੈ। ਗੁਰੂ ਕਥਨ ਹੈ -

*ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ ਮੇਰਾ ਜੀਉ ਪਿੰਡੁ ਸਭ ਤੇਰੀ॥*
*ਦਇਆ ਕਰਹੁ ਹਰਿ ਦਰਸੁ ਦਿਖਾਵਹੁ ਮੇਰੈ ਮਨਿ ਤਨਿ ਲੋਚ ਘਣੇਰੀ॥*
*ਰਾਮ ਮੇਰੈ ਮਨਿ ਤਨਿ ਲੋਚ ਮਿਲਣ ਹਰਿ ਕੇਰੀ॥*
*ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ ਹਰਿ ਮਿਲਿਆ ਆਇ ਪ੍ਰਭੁ ਮੇਰੀ॥*
*ਜੋ ਹਮਰੈ ਮਨ ਚਿਤਿ ਹੈ ਸੁਆਮੀ ਸਾ ਬਿਧਿ ਤੁਮ ਹਰਿ ਜਾਨਹੁ ਮੇਰੀ॥*
*ਅਨਦਿਨੁ ਨਾਮੁ ਜਪੀ ਸੁਖੁ ਪਾਈ ਨਿਤ ਜੀਵਾ ਆਸ ਹਰਿ ਤੇਰੀ॥*
*ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ ਹਰਿ ਮਿਲਿਆ ਆਇ ਪ੍ਰਭੁ ਮੇਰੀ॥*
*ਅਨਦਿਨੁ ਅਨਦੁ ਭਇਆ ਵਡਭਾਗੀ ਸਭ ਆਸ ਪੁਜੀ ਜਨ ਕੇਰੀ॥*
*ਜਗੰਨਾਥ ਜਗਦੀਸੁਰ ਕਰਤੇ ਸਭ ਵਸਗਤਿ ਹੈ ਹਰਿ ਕੇਰੀ॥*
*ਜਨ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਪੈਜ ਜਨ ਕੇਰੀ॥*
*ਪੰਨਾ - 170*

ਗੁਰੂ ਸਾਹਿਬਾਨ ਨੇ, ਭਾਰਤੀ ਧਾਰਮਿਕ ਪਰੰਪਰਾਗਤ ਅਪਣਾਈ ਗਈ ਸੇਵਕ ਦੀ ਪਰਿਭਾਸ਼ਾ ਨੂੰ ਬਦਲ ਕੇ ਇਕ ਨਵੀਂ ਸੇਧ, ਆਦਰਸ਼ਕ ਰੂਪ ਅਤੇ ਅਧਿਆਤਮਕ ਪ੍ਰਵਿਰਤੀ ਪ੍ਰਦਾਨ ਕੀਤੀ। ਗੁਰਮਤਿ ਦਾ ਸੇਵਕ ਨਾ ਤਾਂ ਤਨਖਾਹਦਾਰ ਨੌਕਰ ਹੀ ਹੈ ਅਤੇ ਨਾ ਹੀ ਪਦਾਰਥਕ ਲਾਲਚ ਨੂੰ ਮੁੱਖ ਰੱਖ ਕੇ ਸੇਵਾ ਕਰਦਾ ਹੈ। ਗੁਰੂ ਜੀ ਨੇ ਸ਼ਬਦਾਵਲੀ ਭਾਵੇਂ ਪਰੰਪਰਾਗਤ ਗੁਲਾਮ, ਗੋਲਾ, ਲਾਲਾ-ਗੋਲਾ, ਚਾਕਰ, ਚੇਰੀ, ਦਾਸ, ਜਨ ਆਦਿ ਵਰਤੀ ਹੈ ਪਰੰਤੂ ਇਥੇ ਇਨ੍ਹਾਂ ਸ਼ਬਦਾਂ ਦਾ ਭਾਵ ਨਿਮਰਤਾ ਦਾ ਸੂਚਕ ਹੈ। ਸੇਵਕ, ਦੁਨਿਆਵੀ ਦ੍ਰਿਸ਼ਟੀਕੋਣ ਤੋਂ ਨੀਵਾਂ ਸਮਝਿਆ ਜਾਣ ਵਾਲਾ ਕਾਰਜ ਨਿਮਰਤਾ ਅਤੇ ਸ਼ਰਧਾ ਨਾਲ ਕਰਨ ਵਿਚ ਮਾਣ ਸਮਝਦਾ ਹੈ। ਅਜਿਹੀ ਸੇਵਾ ਦਾ ਮੁੱਲ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਲੋਕ ਪ੍ਰਲੋਕ ਦੋਹਾਂ ਵਿਚ ਪੈਂਦਾ ਹੈ। ਇਸ ਦਾ ਪਿਆ ਮੁੱਲ ਸੇਵਕ ਤਕ ਹੀ ਸੀਮਿਤ ਨਹੀਂ ਰਹਿੰਦਾ ਸਗੋਂ ਹੋਰਨਾਂ ਤਕ ਭੀ ਲਾਭਕਾਰੀ ਸਾਬਤ ਹੁੰਦਾ ਹੈ। ਗੁਰੂ ਰਾਮਦਾਸ ਪਾਤਸ਼ਾਹ ਜਦੋਂ ਕਹਿੰਦੇ ਹਨ ਕਿ ਜਿਹੜਾ ਸੇਵਕ ਮੇਰੇ ਪ੍ਰਭੂ ਦਾ ਸੁਨੇਹਾ ਦਿੰਦਾ ਹੈ, ਮੈਂ ਉਸ ਤਾਈਂ ਆਪਣਾ ਤਨ ਮਨ ਵੇਚਣ ਲਈ ਤਿਆਰ ਹਾਂ -

*ਜੋ ਹਰਿ ਪ੍ਰਭ ਕਾ ਮੈ ਦੇਇ ਸੁਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ॥*
*ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ॥*
*ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ॥*
*ਪੰਨਾ - 561*

ਗੁਰਮਤਿ ਅੰਦਰ ਸੇਵਕ ਦੀ ਸੇਵਾ ਪੁੱਗਣ ਤੇ ਸੇਵਕ ਅਤੇ ਮਾਲਕ ਦੀ ਵਿਥ ਖਤਮ ਹੋ ਜਾਂਦੀ ਹੈ। ਇਸ ਸਮੀਪਤਾ ਦੀ ਅਵਸਥਾ ਨੇ ਧਾਰਮਿਕ ਇਤਿਹਾਸ ਅੰਦਰ ਇਕ ਨਵਾਂ ਮੋੜ ਦਿਤਾ, ਜਗਿਆਸੂ ਨੂੰ ਇਕ ਨਵੀਂ ਸੇਧ ਮਿਲੀ। ਇਨ੍ਹਾਂ ਪਰੰਪਰਾਗਤ ਪ੍ਰਚਲਿਤ ਸ਼ਬਦਾਂ

ਨੂੰ ਗੁਰਮਤਿ ਨੇ ਜੋ ਨਵੀਂ ਰੰਗਤ ਦਿਤੀ, ਇਹ ਗੁਰੂ ਸਾਹਿਬਾਨ ਦੀ ਇਕ ਮੌਲਿਕ ਦੇਣ ਸੀ -

*ਹਰਿ ਕਾ ਸੇਵਕੁ ਸੋ ਹਰਿ ਜੇਹਾ॥*
*ਭੇਦੁ ਨ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ॥* *ਪੰਨਾ - 1076*

ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਨ ਉਪਰੰਤ ਸੇਵਕ ਦਾ ਵਣਜ ਵਪਾਰ ਅਤੇ ਗੁਣ, ਦੁਨਿਆਵੀ ਆਮ ਮਨੁੱਖਾਂ ਨਾਲੋਂ ਵੱਖਰਾ, ਅਮਰ ਅਤੇ ਆਤਮਿਕ ਨਿਸ਼ਠਾ ਵਾਲਾ ਹੋ ਜਾਂਦਾ ਹੈ। ਗੁਰੂ, ਸ਼ਬਦ ਰਾਹੀਂ ਆਪਣੇ ਸੇਵਕ ਨੂੰ ਅੰਦਰੋਂ ਬਾਹਰੋਂ ਸੁਆਰ ਦਿੰਦਾ ਹੈ। ਉਸ ਦਾ ਵਿਅਕਤੀਤਵ ਇਕ ਪੂਰਨ ਮਨੁੱਖ ਦਾ ਹੋ ਨਿਬੜਦਾ ਹੈ। ਇਥੇ ਸੇਵਕ. ਅਤੇ ਮਾਲਕ ਗੁਰੂ ਦਾ ਰਿਸ਼ਤਾ ਪਿਆਰ ਵਾਲਾ ਹੁੰਦਾ ਹੈ, ਨਾ ਕਿ ਗੁਲਾਮ ਤੇ ਮਾਲਕ ਵਾਲਾ। ਗੁਰੂ ਜੀ ਸਿਧਾਂਤ ਦੀ ਪੁਸ਼ਟੀ ਥਾਂ ਥਾਂ ਕਰਦੇ ਹਨ ਪਰੰਤੂ ਇਥੇ ਇਕ ਜਾਂ ਦੋ ਟੂਕਾਂ ਰਾਹੀਂ ਹੀ ਪੁਸ਼ਟੀ ਕਰਨੀ ਠੀਕ ਰਹੇਗੀ। ਜਿਵੇਂ -

*ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ*
*ਤਿਸੁ ਕਾਰਜ ਸਭਿ ਸਵਾਰੇ॥* *ਪੰਨਾ - 307*
*ਸਚੁ ਸੇਵਕ ਸਚੁ ਵਣੰਜਿ ਲੈਹਿ*
*ਗੁਣ ਕਥਹ ਨਿਰਾਰੇ॥*
*ਸੇਵਕ ਭਾਇ ਸੇ ਜਨ ਮਿਲੇ*
*ਗੁਰ ਸਬਦਿ ਸਵਾਰੇ॥* *ਪੰਨਾ - 308*

ਗੁਰਮਤਿ ਨੇ ਤਾਂ ਸੇਵਕ ਅਤੇ ਗੁਰੂ ਦੇ ਸਬੰਧ ਨੂੰ ਅੱਗੇ ਤੋਰਦਿਆਂ ਇਕ ਰਹੱਸਵਾਦ ਦੀ ਅਵਸਥਾ ਤਕ ਪਹੁੰਚਾ ਦਿਤਾ ਹੈ। ਇਹ ਅਵਸਥਾ ਬਿਆਨ ਕਰਨ ਤੋਂ ਬਾਹਰ ਹੈ। ਪਰਮ ਨਿਧਾਨ ਦੀ ਅਵਸਥਾ ਇਕ ਰਹੱਸ, ਅਨੁਭੂਤੀ ਹੈ ਜਿਸ ਦਾ ਅਨੰਦ ਮਾਣਿਆ ਹੀ ਜਾ ਸਕਦਾ ਹੈ, ਬਿਆਨਿਆ ਨਹੀਂ ਜਾ ਸਕਦਾ। ਇਹ ਅਵਸਥਾ ਸਤਿਗੁਰੂ ਦੀ ਮਿਹਰ ਹੋਣ ਤੇ ਹੀ ਪ੍ਰਾਪਤ ਹੁੰਦੀ ਹੈ। ਗੁਰੂ ਕਥਨ ਹੈ-

*ਜਿਸ ਨੋ ਹਰਿ ਸੁਪ੍ਰਸੰਨੁ ਹੋਇ ਸੋ ਹਰਿ ਗੁਣਾ ਰਵੈ*
*ਸੋ ਭਗਤੁ ਸੋ ਪ੍ਰਵਾਨੁ॥*
*ਤਿਸ ਕੀ ਮਹਿਮਾ ਕਿਆ ਵਰਨੀਐ*
*ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ॥* *ਪੰਨਾ - 734*

ਸੱਚੇ ਅਤੇ ਸੁੱਚੇ ਆਦਰਸ਼ ਸੇਵਕ ਤੇ ਜਦੋਂ ਗੁਰੂ ਬਖਸ਼ਿਸ਼ ਕਰਦਾ ਹੈ ਤਾਂ ਸੇਵਕ ਦੇ ਸਿਰਫ ਪਿਛੋਕੜ ਦੇ ਪਾਪ ਹੀ ਨਹੀਂ ਧੋਤੇ ਜਾਂਦੇ ਸਗੋਂ ਵਰਤਮਾਨ ਅਤੇ ਭਵਿੱਖ ਭੀ ਰੋਸ਼ਨ ਹੋ ਜਾਂਦੇ ਹਨ। ਇਥੇ ਹੀ ਵਸ ਨਹੀਂ, ਸਗੋਂ ਸੇਵਕ ਦੀਆਂ ਕਈ ਪੁਸ਼ਤਾਂ ਭੀ ਤਰ ਜਾਂਦੀਆਂ ਹਨ। ਜਿਸ ਤਰ੍ਹਾਂ ਗੁਰਮੁਖ ਆਪ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ਅਤੇ ਆਪਣੀਆਂ ਕਈ ਪੁਸ਼ਤਾਂ ਦਾ ਭੀ ਉਧਾਰ ਕਰ ਦਿੰਦਾ ਹੈ। ਸੇਵਕ ਅਤੇ ਗੁਰਮੁਖ ਦੀ ਇਹ ਅਵਸਥਾ ਇਕ ਸਮਾਨ ਹੈ। ਸੇਵਕ ਨੂੰ ਜਮਰਾਜ ਫਿਰ ਨਹੀਂ ਪੁੱਛਦਾ ਭਾਵ ਉਸਦਾ ਆਵਾਗਵਨ ਦਾ ਚੱਕਰ ਸਮਾਪਤ ਹੋ ਜਾਂਦਾ ਹੈ। ਗੁਰੂ ਪਾਤਸ਼ਾਹ ਇਸ ਪ੍ਰਥਾਇ ਲਿਖਦੇ ਹਨ -

*ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰਹਰਿ*
*ਜਿਤੁ ਸੇਵੀਐ ਲੇਖਾ ਛੁਟੀਐ॥* *ਪੰਨਾ - 170*

*ਅੱਗੇ ਹੋਰ ਵਰਣਨ ਕਰਦੇ ਹੋਏ ਲਿਖਦੇ ਹਨ ਕਿ ਸੇਵਕ ਦਾ ਪੰਜ ਚੋਰਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਜੀਵਨ ਦੇ ਹਰ ਖੇਤਰ ਵਿਚ ਮਾਨ ਪ੍ਰਤਿਸ਼ਠਾ ਮਿਲਦੀ ਹੈ -*

*ਆਪੇ ਸਤਿਗੁਰੁ ਮੇਲਿ ਸੁਖੁ ਦੇਵੈ*
*ਆਪਣਾ ਸੇਵਕੁ ਆਪਿ ਹਰਿ ਭਾਵੈ॥*
*ਆਪਣਿਆ ਸੇਵਕਾ ਦੀ ਆਪਿ ਪੈਜ ਰਖੈ*
*ਆਪਣਿਆ ਭਗਤਾ ਕੀ ਪੈਰੀ ਪਾਵੈ॥* *ਪੰਨਾ - 555*

ਜਿਸ ਤਰ੍ਹਾਂ ਪਹਿਲਾਂ ਵਰਨਣ ਕੀਤਾ ਗਿਆ ਹੈ ਕਿ ਸੇਵਕ ਦੀ ਇਹ ਸੇਵਾ ਵਾਲੀ ਘਾਲ ਬੜੀ ਔਖੀ ਹੈ, ਅਤਿ ਕਠਿਨ ਹੈ। ਇਸ ਰਸਤੇ ਤੇ ਤੁਰਨ ਲਈ ਸਿਰ ਨੂੰ ਤਲੀ ਤੇ ਧਰਨਾ ਪੈਂਦਾ ਹੈ, ਪੈਰ ਅੱਗੇ ਧਰ ਕੇ ਫਿਰ ਪਿਛੇ ਪਰਤਣ ਵਾਲੀ ਗਲ ਨਹੀਂ। ਇਹ ਪਿਆਰ ਦਾ ਰਿਸ਼ਤਾ ਤਦ ਹੀ ਸਿਰੇ ਚੜ੍ਹ ਸਕਦਾ ਹੈ ਜੇਕਰ ਪ੍ਰਭੂ ਦੀ ਨਦਰਿ ਸਵੱਲੀ ਹੋਵੇ। ਇਹ ਅਲੂਣੀ ਸਿਲ ਹੈ, ਚੱਟਣੀ ਔਖੀ ਹੈ। ਗੁਰੂ ਕਥਨ ਇਸ ਸਿਧਾਂਤ ਦੀ ਪੁਸ਼ਟੀ ਭਲੀ-ਭਾਂਤ ਕਰਦਾ ਹੈ। ਇਹ ਵਿਆਖਿਆ ਸਿਰਫ ਸਿਧਾਂਤਕ ਨਹੀਂ, ਸਗੋਂ ਗੁਰੂ ਸਾਹਿਬਾਨ ਦੇ ਜੀਵਨ ਦੇ ਅਮਲੀ ਤਜਰਬਿਆਂ ਦਾ ਅਸਲ ਪ੍ਰਗਟਾਵਾ ਹੈ -

*ਗੁਰ ਪੀਰਾਂ ਦੀ ਚਾਕਰੀ ਮਹਾ ਕਰੜੀ ਸੁਖ ਸਾਰੁ॥*
*ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ॥*
*ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ॥*
*ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ॥*
*ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ*
*ਸਭੁ ਦੂਖ ਨਿਵਾਰਣਹਾਰੁ॥* *ਪੰਨਾ - 1422*

ਅਜਿਹੇ ਆਦਰਸ਼ ਸੇਵਕ ਦਾ ਖਾਣਾ, ਪੀਣਾ, ਪਹਿਨਣਾ ਸਭ ਪਵਿੱਤਰ ਹੈ ਅਤੇ ਉਨ੍ਹਾਂ ਦੇ ਘਰ ਮੰਦਰ, ਮਾਇਆ ਸਭ ਪਵਿੱਤਰ ਅਤੇ ਪ੍ਰਾਹੁਣਚਾਰੀ ਨਾਲ ਦੂਸਰੇ ਘਰ ਭੀ ਪਵਿੱਤਰ ਕਰ ਦਿੰਦੇ ਹਨ। ਗੁਰੂ ਰਾਮਦਾਸ ਪਾਤਸ਼ਾਹ 'ਸੋਰਠ ਰਾਗ' ਅੰਦਰ ਇਹ ਖਿਆਲ ਅੰਕਿਤ ਕਰਦੇ ਹਨ -

*ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ*
*ਜੋ ਨਾਮਿ ਹਰਿ ਰਾਤੇ॥*
*ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ*
*ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥*
*ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ*
*ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥*
*ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ*
*ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥*
*ਪੰਨਾ - 648*


**ਰਿਧਿ ਸਿਧਿ ਸਭੁ ਮੋਹੁ ਹੈ**
**ਨਾਮੁ ਨ ਵਸੈ ਮਨਿ ਆਇ ॥**
**ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ**
**ਅਗਿਆਨੁ ਅੰਧੇਰਾ ਜਾਇ ॥**

# ਗੁਰਮੁਖਿ ਦਾਸਨ ਦਾਸ

*ਪ੍ਰੋ. ਗੁਰਦੇਵ ਸਿੰਘ*

ਵਿਸ਼ਵ ਵਿਚ ਜਿੰਨੇ ਵੀ ਵੱਡੇ ਵੱਡੇ ਫਿਲਾਸਫਰ, ਮਹਾਨ ਨੇਤਾ, ਸਿੱਧ ਪੁਰਸ਼, ਸਾਧੂ, ਸੰਤ, ਮਹਾਤਮਾ ਹੋਏ ਹਨ, ਉਨ੍ਹਾਂ ਦੀ ਸਫਲਤਾ ਤੇ ਮਹਾਨਤਾ ਪਿਛੇ ਕੋਈ ਜ਼ਰੂਰ ਗੁੱਝਾ, ਅਛੋਪਲਾ ਭੇਦ ਹੁੰਦਾ ਹੈ, ਜਿਸ ਕਰਕੇ ਉਨ੍ਹਾਂ ਦੀ ਮਹਿਮਾ, ਪੜ੍ਹੇ ਲਿਖੇ, ਸੋਝੀਵਾਨ ਤੇ ਪਾਰਖੂ ਬੰਦਿਆਂ ਦੁਆਰਾ ਅਕਸਰ ਅਨੇਕਾਂ ਮੰਚਾਂ, ਭਾਵੇਂ ਉਹ ਧਾਰਮਕ, ਸਭਿਆਚਕ, ਕੌਮ ਉਸਾਰੂ ਜਾਂ ਨੀਤੀ ਨਾਲ ਸਬੰਧਤ ਹੋਣ, ਜ਼ਰੂਰ ਹੁੰਦੀ ਰਹਿੰਦੀ ਹੈ। ਖਾਸ ਕਰਕੇ ਗ੍ਰਿਹਸਤ ਜੀਵਨ ਵਿਚ ਰਹਿੰਦਿਆਂ ਹੋਇਆਂ, ਪ੍ਰਵਾਰਿਕ, ਸਮਾਜਿਕ ਜ਼ਿੰਮੇਵਾਰੀ ਨਿਭਾਉਂਦਿਆਂ ਹੋਇਆਂ, 'ਗੁਰਮਤਿ ਗਾਡੀ ਰਾਹ' ਦੀ ਪਾਲਨਾ ਕਰਦੇ ਹੋਏ - 'ਹਸੰਦਿਆਂ ਖੇਲੰਦਿਆਂ ਪੈਨੰਦਿਆ ਖਾਵੰਦਿਆਂ ਵਿਚੇ ਹੋਵੈ ਮੁਕਤਿ॥' ਜੀਵਨ ਮੁਕਤੀ ਦੇ ਆਦਰਸ਼ਾਂ ਨੂੰ ਸਾਕਾਰ ਕਰਕੇ ਹੋਰਨਾਂ ਲਈ ਪ੍ਰੇਰਨਾਂ ਦਾ ਸਰੋਤ ਬਣਨਾ, ਇਕ ਬਹੁਤ ਵੱਡੀ ਘਾਲ ਕਮਾਈ ਵਾਲੀ ਗੱਲ ਹੈ। ਇਸ ਸਫਲਤਾ ਦੇ ਪਿਛੋਕੜ ਵਿਚ ਇਕ ਚੰਗੇ, ਸੁਚੱਜੇ, ਸੁਲਝੇ ਹੋਏ ਜੀਵਨ ਸਾਥੀ ਦਾ ਸ਼ੁਭ ਇਛਾਵਾਂ ਸਹਿਤ ਅਰਦਾਸਾਂ ਕਰਦਾ ਤੇ ਪ੍ਰੇਰਨਾ ਭਰਿਆ ਹੱਥ ਹੁੰਦਾ ਹੈ, ਉਹ ਭਾਵੇਂ ਮਾਂ, ਭੈਣ ਜਾਂ ਪਤਨੀ ਦੇ ਰੂਪ ਵਿਚ ਹੋਵੇ।

ਸੰਖੇਪ ਤੌਰ ਤੇ ਗੁਰਮਤਿ ਇਤਿਹਾਸ ਨੂੰ ਵਾਚਿਆਂ ਇਸ ਦੀ ਸਪਸ਼ਟਤਾ ਹੋਰ ਵੀ ਨਿਖਰ ਕੇ ਸਾਹਮਣੇ ਆ ਜਾਂਦੀ ਹੈ। ਬਾਬਾ ਫਰੀਦ ਜੀ ਨੂੰ ਨਾਮ ਤੇ ਬੰਦਗੀ ਦੀ ਲਗਨ ਤੇ ਪ੍ਰੇਰਨਾ ਦੇਣ ਵਾਲੀ ਉਨ੍ਹਾਂ ਦੀ ਪੂਜਯ ਮਾਤਾ ਸੀ ਜਿਸ ਨੇ ਬਚਪਨ ਤੋਂ ਹੀ ਉਸ ਨੂੰ ਮਹਾਂਪੁਰਸ਼ਾਂ ਤੇ ਸਤਪੁਰਸ਼ਾਂ ਦੀਆਂ ਕਥਾ ਕਹਾਣੀਆਂ ਸੁਣਾ ਕੇ ਉਸ ਦਾ ਨਿਸਚਾ ਦ੍ਰਿੜ ਕਰਵਾ ਦਿਤਾ ਸੀ ਕਿ ਖੁਦਾ ਦੀ ਬੰਦਗੀ ਕਰਨ ਨਾਲ ਸਾਰੀਆਂ ਬਰਕਤਾਂ ਦੇ ਭੰਡਾਰ ਖੁਲ੍ਹ ਜਾਂਦੇ ਹਨ। ਨੌਵੇਂ ਗੁਰੂ ਨਾਨਕ, ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਜਦੋਂ ਬਾਬੇ ਬਕਾਲੇ ਗੁਪਤ ਤੌਰ ਤੇ ਭੋਰੇ ਵਿਚ ਬੈਠ ਕੇ ਤਪ ਕਰਦੇ ਸੀ ਤਾਂ ਮਾਤਾ ਗੁਜਰੀ ਜੀ ਨੇ ਵੀ ਉਨ੍ਹਾਂ ਦੇ ਦਰਵਾਜ਼ੇ ਅੱਗੇ ਬੈਠ ਕੇ ਤਪ ਕੀਤਾ ਅਤੇ ਗੁਰੂ ਮਹਾਰਾਜ ਜੀ ਦੀ ਸੇਵਾ, ਲੰਗਰ ਪਰਸ਼ਾਦੇ ਦਾ ਬੰਦੋਬਸਤ, ਬਸਤਰ ਧੋਣ ਦੀ ਸੇਵਾ ਆਦਿ ਕਰਦੇ ਰਹੇ ਜਿਸ ਦਾ ਸਦਕਾ ਗੁਰੂ ਮਹਾਰਾਜ ਜੀ ਦੀ ਸਾਧਨਾ ਭਗਤੀ ਨੂੰ ਚਾਰ-ਚੰਨ ਲੱਗੇ ਤੇ ਚਮਕਦੇ ਸੂਰਜ ਵਾਂਗ ਉਨ੍ਹਾਂ ਦੀ ਮਹਿਮਾ ਸੰਸਾਰ ਤੇ ਪ੍ਰਗਟ ਹੋਈ ਅਤੇ ਕੁਮਲਾ ਰਹੀ, ਸੁੱਕ ਰਹੀ ਮਨੁਖਤਾ ਨੂੰ ਆਪਣੀ ਪਾਵਨ ਸ਼ਹਾਦਤ ਦਾ ਖ਼ੂਨ ਦੇ ਕੇ ਸਿੰਚਿਆ ਤੇ ਹਰਾ ਕੀਤਾ। ਇਹ ਬਰਕਤ, ਇਹ ਰਹਿਮਤ, ਇਹ ਸ਼ਹਿਨਸ਼ੀਲਤਾ, ਇਹ ਸਰਬੱਤ ਦੇ ਭਲੇ ਲਈ ਘਾਲ ਕਮਾਈ ਲਈ ਮਾਤਾ ਜੀ ਦਾ ਪੂਰਨ ਸਾਥ ਤੇ ਪੂਰਨ ਹੌਸਲਾ ਹਫਜਾਈ ਸੀ ਜਿਨ੍ਹਾਂ ਨੇ ਸਾਰੀਆਂ ਮੁਸੀਬਤਾਂ ਤੇ ਕਸ਼ਟਾਂ ਨੂੰ ਖਿੜੇ ਮੱਥੇ ਸਹਿ ਕੇ ਆਖਰੀ ਸਵਾਸਾਂ ਤਕ ਚੜ੍ਹਦੀ ਕਲਾ ਦਾ ਜੀਵਨ ਬਤੀਤ ਕੀਤਾ।



ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੇ ਬਾਨੀ ਤੇ ਮੁਖੀ, ਸੰਤ ਬਾਬਾ ਵਰਿਆਮ ਸਿੰਘ ਜੀ ਦੀ ਧਰਮ ਸੁਪਤਨੀ ਬੀਬੀ ਰਣਜੀਤ ਕੌਰ, ਜਿਨ੍ਹਾਂ ਨੂੰ ਪਿਆਰ ਨਾਲ ਸਾਰੀ ਸੰਗਤ 'ਬੀਜੀ' ਦੇ ਨਾਂ ਨਾਲ ਸੰਬੋਧਨ ਕਰਦੀ ਹੈ, ਦਾ ਜਨਮ ਸੰਨ 1918 ਵਿਚ, ਪਿੰਡ ਦਾਉਦਪੁਰ (ਨਜ਼ਦੀਕ ਖੰਨਾ) ਜ਼ਿਲਾ ਲੁਧਿਆਣਾ, ਬਾਬਾ ਹੀਰਾ ਸਿੰਘ ਜੀ ਦੇ ਗ੍ਰਿਹ ਵਿਖੇ ਹੋਇਆ। ਆਪ ਦੇ ਪਿਤਾ ਜੀ ਪੂਰਨ ਗੁਰਮੁਖਿ, ਨਾਮਰਸੀਏ, ਗੁਰੂ ਘਰ ਤੇ ਗੁਰਸਿਖੀ ਨਾਲ ਪਿਆਰ ਕਰਨ ਵਾਲੇ, ਤਿਆਗ ਬਿਰਤੀ ਰੱਖਣ ਵਾਲੇ, ਆਮ ਸਾਧਾਰਨ ਜੀਵਨ ਬਤੀਤ ਕਰਨ ਵਾਲੇ ਮਹਾਂਪੁਰਸ਼ ਸਨ। ਉਨ੍ਹਾਂ ਦਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲਿਆਂ ਨਾਲ ਅਤੁੱਟ ਤੇ ਅਥਾਹ ਪ੍ਰੇਮ ਸੀ। ਬਾਬਾ ਹੀਰਾ ਸਿੰਘ ਜੀ ਦੀ ਉਚੀ ਆਤਮਿਕ ਅਵਸਥਾ ਦਾ ਜ਼ਿਕਰ ਕਰਦਿਆਂ ਭਾਈ ਸਾਹਿਬ ਨੇ ਆਪਣੀ ਪੁਸਤਕ 'ਰੰਗਲੇ ਸਜਨ' ਵਿਚ ਇਨ੍ਹਾਂ ਨੂੰ 'ਸੰਤ' ਉਪਾਧੀ ਨਾਲ ਜ਼ਿਕਰ ਕਰਕੇ ਨਿਵਾਜਿਆ ਹੈ। ਨਾਮ ਤੇ ਭਜਨ ਬੰਦਗੀ ਦਾ ਪ੍ਰਤਾਪ ਹੋਣ ਕਰਕੇ ਸਹਿਜ-ਸੁਭਾਵ ਹੀ ਬੀਜੀ ਦੇ ਪਿਤਾ ਜੀ ਵਿਚ ਅਨੇਕਾਂ ਸਿਧੀਆਂ ਤੇ ਸ਼ਕਤੀਆਂ ਸਨ ਜਿਨ੍ਹਾਂ ਦਾ ਜ਼ਿਕਰ ਮਹਾਂਪੁਰਖ (ਸੰਤ ਬਾਬਾ ਵਰਿਆਮ ਸਿੰਘ ਜੀ) ਆਮ ਤੌਰ ਤੇ ਆਪਣੇ ਦੀਵਾਨਾਂ ਵਿਚ ਕਰਿਆ ਕਰਦੇ ਹਨ ਜਿਵੇਂ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰਾਂ ਦੇ ਨਾਲ ਖਾਲਸਾ ਸਕੂਲ ਲੁਧਿਆਣੇ ਵਿਖੇ, ਫਲ੍ਹੇਆਲ ਦੇ ਇਕ ਵਿਦਿਆਰਥੀ ਨੂੰ ਪੂਰੇ ਤੇਜ ਨਾਲ ਅੰਮ੍ਰਿਤ ਦਾ ਛਿਟਾ ਮਾਰਨਾ ਤੇ ਉਸਦੀ ਸਮਾਧੀ 56 ਘੰਟੇ ਲਈ ਲੱਗ ਜਾਣੀ ਤੇ ਉਸ ਤੋਂ ਬਾਦ ਧਰਤੀ ਤੋਂ balance ਛੱਡ ਕੇ ਸੰਗਤ ਦੇ ਉਤੋਂ ਦੀ ਮੱਛੀ ਵਾਂਗ ਤੈਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਡੰਡਵਤ ਪ੍ਰਨਾਮ ਕਰਨਾ ਤੇ ਬਾਬਾ ਹੀਰਾ ਸਿੰਘ ਜੀ

ਦੇ ਕਹਿਣ ਤੇ ਲਾਵਾਂ ਦੇ ਪਾਠ ਉਪਰੰਤ ਸਮਾਧੀ ਖੋਲ੍ਹਣੀ ਅਤੇ ਉਸ ਬੱਚੇ ਨੂੰ ਉਚੀ ਆਤਮਕ ਅਵਸਥਾ ਦਾ ਪ੍ਰਾਪਤ ਹੋ ਜਾਣਾ।

ਇਸੇ ਤਰ੍ਹਾਂ ਪਿੰਡ ਵਿਚ ਰਹਿੰਦਿਆਂ ਹੋਇਆਂ ਜਦੋਂ ਉਨ੍ਹਾਂ ਨੇ ਬਾਹਰੋਂ ਪੱਠਿਆਂ ਦੀ ਪੰਡ ਜਾਂ ਭਰੀ ਲੈ ਕੇ ਆਉਣਾ ਤਾਂ ਪਿੰਡ ਵਾਲੇ ਆਪਣੇ ਘਰੋ ਘਰੀ ਖਲੋ ਕੇ ਵੇਖਣ ਲੱਗ ਜਾਂਦੇ ਤੇ ਬਾਦ ਵਿਚ ਆਪਸ ਵਿਚ ਗੱਲਾਂ ਕਰਦੇ ਕਿ 'ਹੀਰਾ ਸਿੰਘ ਦੀ ਪੰਡ ਸਿਰ ਤੋਂ ਇਕ ਗਿੱਠ ਜਾਂ ਇਕ ਹੱਥ ਉੱਚੀ ਉਠੀ ਹੁੰਦੀ ਹੈ।' ਇਕ ਦਿਨ ਉਨ੍ਹਾਂ ਦੀ ਚਾਚੀ ਨੇ ਬੜੇ ਪਿਆਰ ਸਤਿਕਾਰ ਨਾਲ ਬੇਨਤੀ ਕੀਤੀ ਕਿ ਬੇਟਾ ਹੀਰਾ ਸਿੰਘ! ਹੋਰ ਤਾਂ ਤੂੰ ਸਭ ਦਾ ਨਾਮ ਚਲਾ ਦਿੰਦਾ ਹੈਂ ਜੋ ਵੀ ਬੇਨਤੀ ਕਰਦਾ ਹੈ, ਕਦੀ ਮੇਰੇ ਸਿਰ ਤੇ ਵੀ ਹੱਥ ਰੱਖ ਦਿਉ ਤੇ ਮੇਰਾ ਵੀ ਨਾਮ ਚਲ ਪਵੇ।' ਦਿਆਲੂ ਸੁਭਾਅ ਹੋਣ ਕਰਕੇ ਉਨ੍ਹਾਂ ਨੇ ਸਿਰ ਤੇ ਹੱਥ ਰੱਖ ਦਿਤਾ ਤੇ ਉਨ੍ਹਾਂ ਦੀ ਚਾਚੀ ਜੀ ਦੀ ਸਮਾਧੀ ਲੱਗ ਗਈ ਤੇ 48 ਘੰਟੇ ਬਾਦ ਉਸਦੀ ਸਮਾਧੀ ਖੁਲ੍ਹੀ ਤੇ ਉਚੀ ਅਵਸਥਾ ਪ੍ਰਾਪਤ ਹੋ ਗਈ।

ਬੀਜੀ ਦੇ ਮਾਤਾ ਜੀ ਦਾ ਸੁਭਾਅ ਵੀ ਬਹੁਤ ਸਰਲ, ਨਿਸ਼ਕਪਟ ਸੀ ਤੇ ਉਨ੍ਹਾਂ ਦੇ ਦੱਗ-ਦੱਗ ਕਰਦੇ ਲਾਲ ਚਿਹਰੇ ਤੋਂ ਮੁਸਕਰਾਹਟ ਭਰੇ ਬੁੱਲ੍ਹ ਹਰ ਵਕਤ ਹਿਲਦੇ ਰਹਿੰਦੇ ਤੇ ਵਾਹਿਗੁਰੂ ਦਾ ਜਾਪ ਚਲਦਾ ਰਹਿੰਦਾ ਸੀ ਤੇ ਆਪ ਗਲਬਾਤ ਘਟ ਹੀ ਕਰਿਆ ਕਰਦੇ ਸਨ। ਸਾਧੂ ਸੰਤਾਂ ਤੇ ਗੁਰਮੁਖਾਂ ਨਾਲ ਪਿਆਰ ਹੋਣ ਕਰਕੇ, ਘਰ ਵਿਚ ਇਨ੍ਹਾਂ ਦੀ ਆਵਾਜਾਈ ਲੱਗੀ ਰਹਿੰਦੀ ਸੀ ਤੇ ਨਾਮ ਬਾਰੇ ਗੋਸ਼ਟੀਆਂ ਤੇ ਵਿਚਾਰਾਂ ਚਲਦੀਆਂ ਰਹਿੰਦੀਆਂ ਸਨ। ਭੈਣੀ ਸਾਹਿਬ ਵਾਲੇ ਬਾਬਾ ਕਿਸ਼ਨ ਸਿੰਘ ਜੀ, ਜਿਨ੍ਹਾਂ ਨੂੰ ਆਮ ਕਰਕੇ 'ਬਾਬਾ ਲੋਹਗੜ੍ਹੀਆ' ਕਹਿੰਦੇ ਸਨ, ਉਨ੍ਹਾਂ ਦਾ ਬੀਜੀ ਦੇ ਪਿਤਾ (ਸੰਤ ਹੀਰਾ ਸਿੰਘ ਜੀ) ਨਾਲ ਬਹੁਤ ਪਿਆਰ ਸੀ। ਅੰਤ ਸਮਾਂ ਆਉਣ ਵੇਲੇ ਉਨ੍ਹਾਂ ਨੇ ਸਾਰੇ ਪ੍ਰਵਾਰ ਨੂੰ ਦੱਸ ਦਿਤਾ ਸੀ ਕਿ ਅਸੀਂ ਫਲਾਣੇ ਦਿਨ ਫਲਾਣੇ ਟਾਈਮ ਸਰੀਰ ਛੱਡਣਾ ਹੈ। ਅੰਤਮ ਸਮੇਂ ਬਾਬਾ ਲੋਹਗੜ੍ਹੀਏ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਤੇ ਕਿਹਾ ਕਿ ਉਹ ਆ ਜਾਂਦੇ ਤਾਂ ਚੰਗਾ ਸੀ, ਮਿਲ ਲੈਂਦੇ। ਇਹ ਫੁਰਨਾ ਕਰਨ ਦੀ ਦੇਰ ਸੀ, ਕੀ ਦੇਖਦੇ ਹਨ ਕਿ ਥੋੜ੍ਹੀ ਦੇਰ ਬਾਦ ਬਾਬਾ ਲੋਹਗੜ੍ਹੀਆ ਜੀ ਪਹੁੰਚ ਗਏ। ਆਪ ਦੇ ਪਿਤਾ ਜੀ ਨੇ ਹੱਸ ਕੇ ਕਿਹਾ ਕਿ ਬਾਬਾ ਜੀ ਬੜੀ ਦੇਰ ਕਰ ਦਿਤੀ। ਤਾਂ ਉਨ੍ਹਾਂ ਨੇ ਮੁਸਕਰਾ ਕੇ ਕਿਹਾ ਕਿ ਤੁਸੀਂ ਯਾਦ ਹੀ ਹੁਣ ਕੀਤਾ ਹੈ, ਅਸੀਂ ਆ ਗਏ। ਕਹਿਣ ਲੱਗੇ, ਬਾਬਾ ਜੀ ਐਸ ਵੇਲੇ ਕਿਥੋਂ ਆ ਰਹੇ ਹੋ? ਕਹਿੰਦੇ, ਲਾਲਾ ਮੂਸਾ ਤੋਂ (ਜੋ ਕਿ ਲਾਹੌਰ ਤੋਂ ਕਈ ਮੀਲਾਂ ਦੀ ਵਿਥ ਤੇ ਹੈ ਐਨੀ ਦੂਰੋਂ ਬਾਬਾ ਲੋਹਗੜ੍ਹੀਆ ਜੀ ਫੁਰਨੇ ਨਾਲ ਹੀ ਸ਼ਬਦ ਦੀ ਸਵਾਰੀ ਦੁਆਰਾ ਪਹੁੰਚੇ ਸਨ)। ਨਾਮ ਅਭਿਆਸ ਤੇ ਸੱਤਤਾ ਦਾ ਜੀਵਨ ਬਤੀਤ ਕਰਨ ਸਦਕਾ ਪੁਰਾਤਨ ਗੁਰਸਿਖਾਂ ਵਿਚ ਸਹਿਜ ਸੁਭਾਅ ਇਹ ਸ਼ਕਤੀਆਂ ਸਨ।

ਪਾਠਕਾਂ ਦੇ ਗਿਆਤ ਲਈ ਇਥੇ ਵਰਨਣ ਯੋਗ ਹੈ ਕਿ ਬੀਜੀ ਦੇ ਪਿਤਾ ਜੀ ਨੇ ਆਪਦੇ ਜਨਮ ਲੈਣ ਤੋਂ ਪਹਿਲਾਂ ਹੀ ਦੱਸ ਦਿਤਾ ਸੀ ਕਿ ਸਾਡੇ ਘਰ ਇਕ ਲੜਕੀ ਨੇ ਜਨਮ ਲੈਣਾ ਹੈ ਤੇ ਧਮੋਟ ਵਿਖੇ ਮਹਾਂਪੁਰਸ਼ਾਂ ਦੇ ਪਿਤਾ ਜੀ ਦਾ ਨਾਂ ਲੈ ਕੇ ਕਿਹਾ ਕਿ ਉਨ੍ਹਾਂ ਦੇ ਘਰ ਇਕ ਬਾਲਕ ਨੇ ਜਨਮ ਲੈਣਾ ਹੈ ਤੇ ਉਨ੍ਹਾਂ ਦੋਹਾਂ ਰੂਹਾਂ ਦਾ ਧੁਰ ਦਰਗਾਹ ਦਾ ਸੰਜੋਗ ਹੈ। ਰਾੜੇ ਵਾਲੇ ਵੱਡੇ ਸੰਤ ਮਹਾਰਾਜ ਜੀ ਨੇ ਵੀ ਇਸ ਉਤੇ ਮੋਹਰ ਲਾ ਦਿਤੀ ਸੀ ਤੇ ਮਹਾਂਪੁਰਖਾਂ ਨੂੰ ਅਗੰਮੀ ਖਿੱਚ ਦੁਆਰਾ ਜਦੋਂ ਧਮੋਟ ਦੀਵਾਨ ਲੱਗਦੇ ਸਨ, ਖਿੱਚ ਲਿਆ ਸੀ ਤੇ ਆਪ ਨੂੰ ਇਹ ਪਰਪੱਕ ਕਰਵਾਇਆ ਸੀ ਕਿ ਆਪ ਦੋਨਾਂ ਦਾ ਧੁਰ ਦਾ ਸੰਜੋਗ ਹੈ ਕਿਉਂਕਿ ਇਹ ਬੀਬੀ (ਰਣਜੀਤ ਕੌਰ) ਪਿਛਲੇ ਜਨਮ ਵਿਚ ਵੀ ਤੁਹਾਡੀ ਸੇਵਾ ਕਰਿਆ ਕਰਦੀ ਸੀ ਜਦੋਂ ਤੁਸੀਂ ਵਿਰਕਤ ਸਾਧੂ ਦੇ ਰੂਪ ਵਿਚ ਹਿਮਾਚਲ ਦੇ ਜੰਗਲੀ ਪਹਾੜਾਂ ਵਿਚ ਤਪੱਸਿਆ ਕਰਦੇ ਸੀ।

ਵਿਰਸੇ ਵਿਚੋਂ ਹੀ ਬੀਜੀ ਨੂੰ ਗੁਰਸਿਖੀ ਦੇ ਸੁਨਹਿਰੀ ਪਰਪੱਕ ਅਸੂਲਾਂ ਨੂੰ ਅਪਨਾਉਣ ਤੇ ਹੋਰਨਾਂ ਨੂੰ ਇਸ ਉਤੇ ਚਲਣ ਲਈ ਪ੍ਰੇਰਨਾ ਕਰਨ ਵਾਲਾ ਸੁਭਾਅ ਪ੍ਰਾਪਤ ਹੋਇਆ ਹੈ। ਪੁਰਾਣੇ ਸਮੇਂ ਮੁਤਾਬਕ ਛੋਟੀ ਉਮਰ ਵਿਚ ਹੀ ਸ਼ਾਦੀ ਦਾ ਰਿਵਾਜ ਹੋਣ ਕਰਕੇ, ਮਹਾਂਪੁਰਖਾਂ ਨਾਲ ਸ਼ਾਦੀ ਹੋਣ ਉਪਰੰਤ ਆਪ ਧਮੋਟ ਵਿਖੇ ਆ ਗਏ ਸਨ। ਸਹੁਰੇ ਪਰਵਾਰ ਵਿਚ ਆਪਣੇ ਸੁਘੜ ਤੇ ਧੀਰਜਮਈ ਸੁਭਾਵ ਦੁਆਰਾ ਆਪਣੇ ਆਪ ਨੂੰ ਹਰਮਨ ਪਿਆਰਾ ਬਣਾ ਲਿਆ ਸੀ। ਘਰੇਲੂ ਕਾਰਜਾਂ ਨੂੰ ਕੁਸ਼ਲਤਾ, ਨਿਪੁੰਨਤਾ ਤੇ ਜ਼ਿੰਮੇਵਾਰੀ ਨਾਲ ਨਿਭਾਉਣ ਸਦਕਾ ਆਪ ਪਰਵਾਰ ਵਿਚ ਇਸ ਤਰ੍ਹਾਂ ਘੁਲ ਮਿਲ ਜਾਂਦੇ ਕਿ ਆਪਨੂੰ ਮਹਾਂਪੁਰਖਾਂ ਦਾ ਪਤਾ ਨਹੀਂ ਸੀ ਰਹਿੰਦਾ ਕਿ ਕਿਥੇ ਗਏ ਹਨ ਕਿਉਂਕਿ ਮਹਾਂਪੁਰਖ ਬਚਪਨ ਤੋਂ ਹੀ ਸੁਤੰਤਰ ਬਿਰਤੀ ਹੋਣ ਕਰਕੇ, ਨਾਮ ਅਭਿਆਸ ਤੇ ਇਕਾਂਤ ਨੂੰ ਪਸੰਦ ਕਰਦੇ ਸਨ ਤੇ ਅਕਸਰ ਕਈ-ਕਈ ਮਹੀਨੇ, ਘਰੋਂ ਬਾਹਰ ਰਹਿੰਦੇ ਸਨ। ਬੀਜੀ ਨੇ ਕਦੇ ਵੀ ਉਨ੍ਹਾਂ ਦੀ ਇਸ ਇੱਛਿਆ ਦੀ ਵਿਰੋਧਤਾ ਨਹੀਂ ਸੀ ਕੀਤੀ ਸਗੋਂ ਇਸ ਵਿਚ ਖੁਸ਼ੀ ਮਹਿਸੂਸ ਕਰਦਿਆਂ ਹੋਇਆਂ ਖਿੜੇ ਮੱਥੇ ਰਹਿੰਦੇ ਸਨ ਅਤੇ ਆਪਣੇ ਆਪ ਨੂੰ ਵਡਭਾਗੀ ਸਮਝਦੇ ਸਨ ਕਿ ਉਨ੍ਹਾਂ ਦੇ ਜੀਵਨ ਸਾਥੀ ਨਾਮ ਰਸੀਏ, ਉਚੀ ਆਤਮਕ ਅਵਸਥਾ ਵਾਲੇ ਪਰਉਪਕਾਰੀ ਅਤੇ ਗੁਰਮਤਿ ਗਾਡੀ ਰਾਹ ਦੇ ਪੰਧਾਊ ਹਨ। ਮਹਾਂਪੁਰਸ਼ਾਂ ਦੇ ਕੀਰਤਨ-ਰਸ ਮਾਨਣ ਵਿਚ ਆਪਨੂੰ ਜੋ ਪ੍ਰਸੰਨਤਾ ਮਹਿਸੂਸ ਉਦੋਂ ਹੁੰਦੀ ਸੀ, ਉਹ ਹੁਣ ਵੀ ਉਸੇ ਤਰ੍ਹਾਂ ਮਹਿਸੂਸ ਕਰਦੇ ਹਨ ਅਤੇ ਅਕਸਰ ਕਿਹਾ ਕਰਦੇ ਹਨ ਕਿ ਇਨ੍ਹਾਂ ਦਾ ਕੀਰਤਨ ਤਾਂ ਰੱਬੀ ਕੀਰਤਨ ਹੁੰਦਾ ਹੈ।

1937 ਵਿਚ ਜਦੋਂ ਮਹਾਂਪੁਰਖ ਨਵਾਬਸ਼ਾਹ ਸਿੰਧ ਵਿਖੇ ਨੌਕਰੀ ਦੀ ਤਲਾਸ਼ ਵਿਚ ਗਏ ਤਾਂ ਉਥੇ ਹੀ ਟਿਕ ਗਏ। ਨਾਮ ਬਾਣੀ ਦਾ ਪ੍ਰਚਾਰ ਸ਼ੁਰੂ ਕਰ ਦਿਤਾ ਤੇ 20-20 ਮੀਲ ਦੇ ਇਲਾਕੇ ਵਿਚ ਸ਼ਰਾਬਾਂ ਤੇ ਨਸ਼ਿਆਂ ਵਿਚ ਗ੍ਰਸੇ ਲੋਕਾਂ ਨੂੰ ਗੁਰਸਿੱਖੀ ਵਿਚ ਲਿਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਇਨ੍ਹਾਂ ਦਿਨਾਂ ਵਿਚ ਮਹਾਂਪੁਰਖਾਂ ਨੇ ਫੈਸਲਾ ਕਰ ਲਿਆ ਸੀ ਕਿ ਭੋਰਾ ਪੁੱਟ ਕੇ ਇਕਾਂਤ ਵਾਸ ਭਜਨ ਕਰੀਏ। ਇਹ ਸੂਹ ਮਿਲਣ ਤੇ ਬੀਜੀ ਵੀ ਸਿੰਧ ਪਹੁੰਚ ਗਏ ਤੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਆਪ ਘਰ ਚਲੋ, ਘਰ ਬੈਠ ਕੇ ਨਾਮ ਜਪੋ। ਆਪਾਂ ਸੰਤ ਨਹੀਂ ਬਣਨਾ ਸਗੋਂ ਸੰਤਾਂ ਦੀ ਸੇਵਾ ਕਰਨੀ ਹੈ। ਆਪਾਂ ਕਿਸੇ ਅੱਗੇ ਹੱਥ ਨਹੀਂ ਅੱਡਣਾ ਸਗੋਂ ਹੱਥੋਂ ਦੇਣਾ ਹੈ। ਮੈਂ ਆਪ ਦੀ ਭਗਤੀ ਸਾਧਨਾ ਵਿਚ ਕੋਈ ਰੁਕਾਵਟ ਨਹੀਂ ਬਣਾਂਗੀ ਸਗੋਂ ਆਪ ਦੀ ਸੇਵਾ ਕਰਕੇ ਅਪਣੇ ਧੰਨਭਾਗ ਸਮਝਾਂਗੀ ਕਿਉਂਕਿ ਆਪ ਦੀ ਸੇਵਾ ਕਰਨਾ ਹੀ ਮੇਰੀ ਭਗਤੀ ਹੈ। ਆਪਦੇ ਸਿਧੇ-ਸਾਦੇ ਇਨ੍ਹਾਂ ਬਚਨਾਂ ਤੋਂ ਕਾਇਲ ਹੋ ਕੇ ਮਹਾਂਪੁਰਖ ਵਾਪਸ ਪਿੰਡ ਪਹੁੰਚੇ ਸਨ।

ਵੱਡੇ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਦਾ ਹੁਕਮ ਪਾ ਕੇ ਜਦੋਂ ਮਹਾਂਪੁਰਖ ਦਿੱਲੀ ਤੋਂ ਵਾਪਸ ਪਟਿਆਲੇ ਆਏ ਤੇ ਫੌਜ ਦੀ ਸਰਵਿਸ ਕੀਤੀ ਤਾਂ ਬੀਬੀ ਜੀ ਵੀ ਪਟਿਆਲੇ ਆ ਗਏ ਤੇ ਉਸ ਤੋਂ ਬਾਦ ਚੰਡੀਗੜ੍ਹ ਆ ਗਏ। ਰਾੜੇ ਵਾਲੇ ਵੱਡੇ ਮਹਾਰਾਜ ਜੀ ਦੇ ਦੀਵਾਨ ਹਰ ਸਾਲ ਚੰਡੀਗੜ੍ਹ ਲੱਗਦੇ ਸਨ। ਇਹ ਉਪਰਾਲਾ ਮਹਾਂਪੁਰਖਾਂ ਦੇ

ਉਦਮ ਤੇ ਪਰਉਪਕਾਰੀ ਸੁਭਾਅ ਵਸ ਹੁੰਦਾ ਸੀ ਤਾਂ ਜੋ ਇਥੇ ਵੀ ਸੰਗਤਾਂ ਦਾ ਉਧਾਰ ਹੋਵੇ। ਉਸ ਦੌਰਾਨ ਮਹਾਰਾਜ ਜੀ ਆਪ ਦੇ ਗ੍ਰਹਿ ਵਿਖੇ ਹੀ ਠਹਿਰਦੇ ਤੇ ਉਚੇਚੇ ਤੌਰ ਤੇ ਉਨ੍ਹਾਂ ਲਈ ਨਿਵੇਕਲੀ ਰਿਹਾਇਸ਼ ਦਾ ਇੰਤਜ਼ਾਮ ਕਰਦੇ ਤੇ ਲੰਗਰ ਪ੍ਰਸ਼ਾਦੇ ਦੀ ਸਾਰੀ ਜ਼ਿੰਮੇਦਾਰੀ ਬੀਜੀ ਦੀ ਹੁੰਦੀ ਸੀ। ਇਹ ਦਿਨ ਰਾਤ ਇਕ ਕਰਕੇ ਸੰਗਤਾਂ ਦੀ ਸੇਵਾ ਵਿਚ ਜੁਟੇ ਰਹਿੰਦੇ। ਭਾਵੇਂ ਉਸ ਵੇਲੇ ਮਹਾਂਪੁਰਖਾਂ ਦੀ ਆਮਦਨ ਵੀ ਐਨੀ ਨਹੀਂ ਸੀ ਪਰ ਫਿਰ ਵੀ ਦਿਲ ਵਿਚ ਚਾਅ ਤੇ ਅਤਿਅੰਤ ਸ਼ਰਧਾ ਹੋਣ ਕਰਕੇ ਕਰਜ਼ਾ ਲੈ ਕੇ ਸੇਵਾ ਦਾ ਆਹਰ ਕਰਦੇ ਤੇ ਸਾਰਾ ਸਾਲ ਕਰਜ਼ਾ ਉਤਾਰਦੇ ਰਹਿੰਦੇ ਤੇ ਜਦੋਂ ਕਰਜ਼ ਉਤਰ ਜਾਂਦਾ, ਫਿਰ ਮਹਾਰਾਜ ਜੀ ਨੂੰ ਲੈ ਆਉਂਦੇ ਸਨ। ਇਸ ਮਾਇਕ ਤੰਗੀ ਦਾ ਬੀਜੀ ਨੇ ਕਦੀ ਵੀ ਮਹਾਂਪੁਰਖਾਂ ਅੱਗੇ ਸ਼ਿਕਵਾ ਨਹੀਂ ਸੀ ਕੀਤਾ ਭਾਵੇਂ ਬੱਚਿਆਂ ਦੀ ਪੜ੍ਹਾਈ ਅਤੇ ਹੋਰ ਬੇਅੰਤ ਘਰੇਲੂ ਖਰਚ ਗ੍ਰਿਹਸਤੀਆਂ ਨੂੰ ਹੁੰਦੇ ਹਨ ਪਰ ਖਿੜੇ ਮੱਥੇ ਮਹਾਂਪੁਰਖਾਂ ਦਾ ਹੁਕਮ ਸਵੀਕਾਰ ਕਰਦੇ ਸਨ।

ਹੁਕਮ ਦੀ ਖੇਡ ਵਿਚ ਹੀ ਜਦੋਂ ਮਹਾਂਪੁਰਖ ਸਰਕਾਰੀ ਨੌਕਰੀ ਛੱਡ ਛਡਾ ਕੇ ਯੂ.ਪੀ. ਪਹੁੰਚੇ ਤਾਂ ਖੇਤੀਬਾੜੀ ਕਰਨੀ ਤੇ ਬੰਜਰ ਜ਼ਮੀਨ ਨੂੰ ਆਬਾਦ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਉਥੇ ਵੀ ਬੀਜੀ ਨੇ ਮਹਾਂਪੁਰਖਾਂ ਦਾ ਸਾਥ ਦਿਤਾ। ਸਫਲ ਕਿਸਾਨੀ ਕਰਦੇ ਹੋਏ ਵੀ ਮਹਾਂਪੁਰਖਾਂ ਨੇ ਤਰਾਈ ਦੇ ਇਲਾਕੇ ਵਿਚ ਜਮ ਕੇ ਪ੍ਰਚਾਰ ਕੀਤਾ ਤੇ ਅਨੇਕਾਂ ਨੂੰ ਨਸ਼ਿਆਂ ਅਤੇ ਚੋਰੀਆਂ ਤੋਂ ਨਿਜਾਤ ਦਿਵਾ ਕੇ ਗੁਰੂ ਦੇ ਲੜ ਲਾਇਆ। ਜੀਵਨ ਵਿਚ ਆਈਆਂ ਬੇਅੰਤ ਔਕੜਾਂ ਮੁਸੀਬਤਾਂ ਨੂੰ ਝੱਲਿਆ ਤੇ ਮਹਾਂਪੁਰਸ਼ਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿਤਾ। 1978 ਵਿਚ ਜਦੋਂ ਸਭ ਕੁਝ ਵੇਚ ਵੱਟ ਕੇ ਲੱਖਾਂ ਰੁਪਿਆਂ ਦੀ ਜਾਇਦਾਦ ਨੂੰ ਥੋੜੇ ਭਾਅ ਵੇਚ ਕੇ ਵਾਪਸ ਚੰਡੀਗੜ੍ਹ ਆਏ, ਤਾਂ ਵੀ ਬੀਜੀ ਨੇ ਮਹਾਂਪੁਰਖਾਂ ਨੂੰ ਕਦੀ ਨਹੀਂ ਸੀ ਪੁਛਿਆ ਤੇ ਨਾ ਹੀ ਕਿੰਤੂ ਕੀਤਾ, ਸਗੋਂ ਖਿੜੇ ਮੱਥੇ ਮਹਾਂਪੁਰਖਾਂ ਦੇ ਹੁਕਮ ਦੀ ਪਾਲਣਾ ਵਿਚ ਹੀ ਆਪਣੀ ਭਲਾਈ ਸਮਝੀ।

ਰੋਪੜ ਦੇ ਇਲਾਕੇ ਵਿਚ ਪ੍ਰਚਾਰ ਮੁਹਿੰਮ ਦੌਰਾਨ ਆਪ ਹਰ ਵਕਤ ਮਹਾਂਪੁਰਸ਼ਾਂ ਦੇ ਨਾਲ ਰਹੇ ਤੇ ਪਿੰਡ-ਪਿੰਡ ਜਾ ਕੇ ਪ੍ਰਚਾਰ ਵਿਚ ਸਾਥ ਦਿਤਾ। ਪਿੰਡਾਂ ਦੀਆਂ ਬੀਬੀਆਂ ਤੇ ਭਾਈਆਂ ਨੂੰ ਸੰਗਤ ਵਿਚ ਬੈਠਣ, ਤੇ ਸ਼ਬਦ ਵਿਚ ਬੋਲਣ ਦਾ ਢੰਗ ਸਿਖਾਉਂਦੇ ਤੇ ਉਪਦੇਸ਼ ਕਰਦੇ ਕਿ 'ਗੁਰੂ ਗ੍ਰੰਥ ਸਾਹਿਬ ਦੇ ਲੜ ਲਗੋ, ਗੁੱਗੇ, ਮੜ੍ਹੀਆਂ-ਮਸਾਣੀਆਂ, ਦੇਵੀਆਂ ਨੂੰ ਨਾ ਮੰਨੋ। ਗੁਰੂ ਗ੍ਰੰਥ ਸਾਹਿਬ ਜੀ ਸਮਰੱਥ ਹਨ, ਤੁਹਾਡੀਆਂ ਸਾਰੀਆਂ ਇੱਛਾ ਪੂਰੀਆਂ ਕਰਨਗੇ।' ਇਸੇ ਤਰ੍ਹਾਂ ਬੀਬੀਆਂ ਨੂੰ ਪਤੀ ਦੀ ਸੇਵਾ ਲਈ ਪ੍ਰੇਰਨਾ, ਆਪਣੀਆਂ ਸੱਸਾਂ ਨੂੰ ਮਾਤਾਵਾਂ ਵਾਂਗ ਪਿਆਰ ਕਰਨਾ ਤੇ ਸੇਵਾ ਕਰਨਾ ਸਿਖਾਉਂਦੇ ਜੋ ਕਿ ਹੁਣ ਵੀ ਇਸੇ ਤਰ੍ਹਾਂ ਦੱਸਦੇ ਰਹਿੰਦੇ ਹਨ। ਬੀਬੀਆਂ ਨੂੰ ਸੱਚ, ਸੰਜਮ ਤੇ ਸੁੱਚਮ ਦਾ ਉਪਦੇਸ਼ ਅਕਸਰ ਬੀਬੀਆਂ ਨੂੰ ਦਿੰਦੇ ਹਨ ਕਿ ਘਰ ਵਿਚ ਚੁਲ੍ਹਾ-ਚੌਕਾ ਪਵਿੱਤਰ ਰੱਖੋ। ਉਨ੍ਹਾਂ ਨੂੰ ਅਨੇਕਾਂ ਬਿਮਾਰੀਆਂ ਦੇ ਇਲਾਜ ਲਈ ਘਰੇਲੂ ਨੁਸਖੇ ਦੱਸ ਕੇ ਰਾਜ਼ੀ ਕਰ ਦਿੰਦੇ ਹਨ।

ਸੰਗਤ ਨਾਲ ਉਨ੍ਹਾਂ ਦਾ ਖਾਸ ਪਿਆਰ ਹੈ ਅਤੇ ਸੰਗਤ ਨੂੰ ਗੁਰੂ ਨਾਨਕ ਦਾ ਰੂਪ ਕਿਹਾ ਕਰਦੇ ਹਨ। ਅਕਸਰ ਉਨ੍ਹਾਂ ਨੂੰ ਇਹ ਕਹਿੰਦੇ ਸੁਣਿਆ ਗਿਆ ਹੈ ਕਿ 'ਬਾਬਾ ਜੀ ਦੀ ਸੰਗਤ ਤਾਂ ਦੇਵਤਿਆਂ ਵਰਗੀ ਹੈ, ਇਸਨੂੰ ਕਿਤੇ ਨਜ਼ਰ ਨਾ ਲੱਗ ਜਾਏ।' ਸਰਬੱਤ ਸੰਗਤ ਵੀ ਉਨ੍ਹਾਂ ਨੂੰ ਮਾਂ ਦੀ ਨਜ਼ਰ ਨਾਲ ਵੇਖਦੀ ਹੈ ਤੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਨਾ ਅਪਣਾ ਧੰਨਭਾਗ ਸਮਝਦੀ ਹੈ। ਬੀਜੀ ਹਮੇਸ਼ਾ ਖਿੜੇ ਮੱਥੇ ਸੰਗਤ ਦਾ ਸਵਾਗਤ ਕਰਦੇ ਹਨ। ਭਾਵੇਂ ਮਹਾਂਪੁਰਖਾਂ ਨੇ ਆਪਣੇ ਮਿਲਣ ਦਾ ਟਾਈਮ ਨੀਯਤ ਕੀਤਾ ਹੋਇਆ ਹੈ ਪਰ ਫਿਰ ਵੀ ਬੀਜੀ ਤੋਂ ਇਹ ਦੇਖਿਆ ਨਹੀਂ ਜਾਂਦਾ। ਜਦੋਂ ਕੋਈ ਪ੍ਰੇਮੀ ਦੂਰ-ਦੁਰਾਡੇ ਪਿੰਡ ਜਾਂ ਸ਼ਹਿਰ ਤੋਂ ਆਉਂਦਾ ਹੈ ਤਾਂ ਵੀ ਮਹਾਂਪੁਰਖਾਂ ਨੂੰ ਬੇਨਤੀ ਕਰਕੇ ਉਸਨੂੰ ਮਿਲਵਾ ਹੀ ਦਿੰਦੇ ਹਨ ਤੇ ਉਸਦਾ ਦੁਖ ਤੇ ਸੰਸਾ ਨਵਿਰਤ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਦਾ ਹਿਰਦਾ ਬਹੁਤ ਕੋਮਲ ਹੈ, ਕਿਸੇ ਦਾ ਦੁਖ ਨਹੀਂ ਸਹਾਰ ਸਕਦੇ ਅਤੇ ਉਦੋਂ ਤਕ ਆਰਾਮ ਨਾਲ ਨਹੀਂ ਬੈਠਦੇ ਜਦ ਤਕ ਉਸ ਦਾ ਦੁਖ ਦੂਰ ਨਾ ਹੋ ਜਾਵੇ। ਇਨ੍ਹਾਂ ਸ਼ੁਭ ਗੁਣਾਂ ਤੇ ਪਰਉਪਕਾਰੀ ਸੁਭਾਅ ਵਸ ਹੋਣ ਕਰਕੇ ਸੰਗਤ ਵਿਚ ਉਨ੍ਹਾਂ ਦੀ ਆਪਣੀ ਨਵੇਕਲੀ ਥਾਂ ਹੈ।

ਜਿਸ ਤਰ੍ਹਾਂ ਮਹਾਂਪੁਰਖ ਕਿਸੇ ਤੋਂ ਨਿਜੀ ਸੇਵਾ ਕਰਵਾਉਣੀ ਪਸੰਦ ਨਹੀਂ ਕਰਦੇ, ਇਸੇ ਤਰ੍ਹਾਂ ਬੀਜੀ ਵੀ ਕਿਸੇ ਤੋਂ ਸੇਵਾ ਕਰਵਾਉਣੀ ਪਸੰਦ ਨਹੀਂ ਕਰਦੇ। ਉਹ ਆਪ ਖੁਦ ਹੀ ਮਹਾਂਪੁਰਖਾਂ ਦੀ ਸੇਵਾ ਜਿਸ ਵਿਚ ਲੰਗਰ ਪ੍ਰਸ਼ਾਦਾ ਤਿਆਰ ਕਰਨਾ, ਉਨ੍ਹਾਂ ਦੀ ਸੇਹਤ ਦਾ ਖਿਆਲ ਰੱਖਣਾ ਕਿ ਉਨ੍ਹਾਂ ਨੇ ਕਿਹੜੇ ਵਕਤ ਕੀ ਖਾਣਾ ਹੈ, ਉਨ੍ਹਾਂ ਦੇ ਆਰਾਮ ਦਾ ਖਿਆਲ ਰੱਖਣਾ, ਹੋਰ ਵਸਤਰਾਂ ਆਦਿ ਦੀ ਸੇਵਾ ਬੀਜੀ ਖੁਦ ਹੀ ਨਿਭਾਉਂਦੇ ਹਨ। ਜਿਥੇ ਉਹ ਆਪ ਮਹਾਂਪੁਰਖਾਂ ਦੀ ਸੇਵਾ ਕਰਦੇ ਹਨ, ਉਥੇ ਭਜਨ ਬੰਦਗੀ ਵਿਚ ਵੀ ਕਿਸੇ ਗੱਲੋਂ ਘੱਟ ਨਹੀਂ ਹਨ। ਕਦੇ ਕਦੇ ਪ੍ਰੇਮੀ ਉਨ੍ਹਾਂ ਦੀ ਸੁਭਾਗ ਜੋੜੀ ਦਾ ਜ਼ਿਕਰ ਕਰਦਿਆਂ 'ਕਬੀਰ ਤੇ ਲੋਈ' ਦੀ ਸੰਗਿਆ ਵੀ ਦਿੰਦੇ ਸੁਣੇ ਗਏ ਹਨ।

ਸੰਗਤ ਦੀ ਸੇਵਾ ਤੋਂ ਇਲਾਵਾ, ਆਏ ਗਏ ਸਾਧੂ ਸੰਤਾਂ ਦੀ ਸੇਵਾ ਕਰਨ ਦਾ ਸੁਭਾਅ ਵੀ ਉਨ੍ਹਾਂ ਨੂੰ ਆਪਣੇ ਪਿਤਾ ਪੁਰਖੀ ਵਿਰਸੇ ਵਿਚੋਂ ਮਿਲਿਆ ਹੋਇਆ ਹੈ। ਇਨ੍ਹਾਂ ਭਾਵਾਂ ਦਾ ਪ੍ਰਗਟਾਵਾ ਕਰਦੇ ਹੋਏ ਜਗਤ ਪ੍ਰਸਿੱਧ ਡਾ. ਸੁਆਮੀ ਰਾਮ ਜੀ ਜਦੋਂ ਪੰਜਵੇਂ ਗੁਰਮਤਿ ਸਮਾਗਮ ਦੌਰਾਨ ਰਤਵਾੜਾ ਸਾਹਿਬ ਆਏ ਸੀ ਤਾਂ ਉਨ੍ਹਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਇਨ੍ਹਾਂ ਸ਼ਬਦਾਂ ਦੁਆਰਾ ਬੀਜੀ ਨੂੰ ਸਲਾਹਿਆ ਹੈ - 'ਕਿਨ ਸ਼ਬਦੋਂ ਸੇ ਮੈਂ ਆਪਣੀ ਮਾਂ (ਬੀਜੀ) ਕਾ ਧੰਨਵਾਦ ਕਰੂੰ, ਜੋ ਹਰ ਦੋ ਮਿੰਟ ਬਾਦ ਮੁਝੇ ਖਿਲਾਤੀ ਹੈਂ; ਮੈਨੇ ਕਹਾ, ਮਾਂ! ਮੇਰੇ ਪੇਟ ਮੇਂ ਕੋਈ ਜਗਹ ਨਹੀਂ ਹੈ। ਬੋਲੇ ਥੋੜਾ ਸਾ ਔਰ ਖਾ ਲੋ। ਕਿਉਂਕਿ ਮੈਨੇ ਤੋਂ ਅਪਨੀ ਮਾਂ ਦੇਖੀ ਹੀ ਨਹੀਂ ਹੈ। ਬਚਪਨ ਮੇਂ ਹੀ ਮੈਂ ਯਤੀਮ ਹੋ ਗਿਆ ਥਾ। ਵੋ ਜੋ ਪਿਆਰ ਮੁਝੇ ਦੇਤੀ ਹੈਂ, ਉਸ ਪਿਆਰ ਕਾ ਭੀ ਮੁਝੇ ਕਹੀਂ ਔਰ ਜਗਹ ਅਨੁਭਵ ਨਹੀਂ ਹੂਆ। ਆਪ ਮਹਾਨ ਭਾਗੀ ਹੋ - ਕਿਤਨੇ ਸਰਲ, ਸ਼ੁਧ-ਚਿੱਤ ਸਤਿਤਾ ਸੇ ਜੀਵਨ ਬਤੀਤ ਕਰਨੇ ਵਾਲੇ ਸੰਤ (ਸੰਤ ਬਾਬਾ ਵਰਿਆਮ ਸਿੰਘ ਜੀ) ਔਰ ਇਤਨੀ ਅੱਛੀ ਮਾਤਾ (ਬੀਬੀ ਰਣਜੀਤ ਕੌਰ ਜੀ) ਮਿਲ ਗਈ, ਔਰ ਕਿਆ ਚਾਹੀਏ?'

ਜਿਸ ਤਰ੍ਹਾਂ ਮਹਾਂਪੁਰਸ਼ਾਂ ਦੀ ਮਹਿਮਾਂ ਦਾ ਵਰਨਣ ਨਹੀਂ ਕੀਤਾ ਜਾ ਸਕਦਾ, ਇਸੇ ਤਰ੍ਹਾਂ ਬੀਜੀ ਵੀ ਸੰਤਾਂ ਨਾਲੋਂ ਕਿਸੇ ਗੱਲੋਂ ਘਟ ਨਹੀਂ ਅਤੇ ਇਨ੍ਹਾਂ ਵਿਚ ਉਹ ਸਭ ਸ਼ੁਭ ਗੁਣ ਮੌਜੂਦ ਹਨ ਜੋ ਸੰਤਾਂ ਦੀ ਮਹਿਮਾ ਨੂੰ ਪ੍ਰਗਟਾਉਂਦੇ ਹਨ। ਮਹਾਂਪੁਰਖਾਂ ਦਾ ਸਾਥ ਦਿੰਦੇ ਹੋਏ ਇਹ ਵੀ ਸਾਡੇ ਵਰਗੀਆਂ ਅਨੇਕਾਂ ਭੁੱਲੀਆਂ ਭਟਕੀਆਂ ਰੂਹਾਂ ਨੂੰ ਸੱਚ ਦਾ ਮਾਰਗ ਦਰਸਾਉਣ, ਜੀਵਨ ਦਾ ਮਨੋਰਥ ਸਮਝਾਉਣ ਅਤੇ ਲੋਕ ਪਰਲੋਕ ਦੇ ਸੁਖਾਂ ਨੂੰ ਪ੍ਰਦਾਨ ਕਰਨ ਵਾਲਾ 'ਗੁਰਮਤਿ ਗਾਡੀ ਰਾਹ ਦਾ ਸੱਚਾ ਉਪਦੇਸ਼' ਦ੍ਰਿੜ੍ਹਾਉਣ ਲਈ ਆਪਣੇ ਤਨ, ਮਨ ਤੇ ਧਨ ਨਾਲ ਪੂਰਾ ਸਹਿਯੋਗ ਦੇ ਰਹੇ ਹਨ ਅਤੇ ਹਰ ਔਖੀ ਘੜੀ ਵਿਚ ਸੰਗਤ ਦਾ ਮਾਰਗ ਦਰਸ਼ਨ ਕਰਦੇ ਹਨ।

ਲੜੀ ਜੋੜਨ ਲਈ ਦੇਖੋ
ਵਿਸਾਖੀ ਵਿਸ਼ੇਸ਼ ਅੰਕ

# ਸ੍ਰੀ ਗੁਰੂ ਗ੍ਰੰਥ ਸਾਹਿਬ - "ਸਰਵੋਤਮ"

ਡਾ. ਸਵਾਮੀ ਰਾਮ ਜੀ

ਪ੍ਰੈਜ਼ੀਡੈਂਟ ਹਿਮਾਲੀਅਨ ਇੰਸਟੀਚਿਊਟ ਆਫ ਯੋਗਾ ਸਾਇੰਸ ਐਂਡ ਫਿਲਾਸਫ਼ੀ, ਐਂਡ ਹਿਮਾਲੀਅਨ ਇੰਸਟੀਚਿਊਟ ਹਾਸਪੀਟਲ ਟਰੱਸਟ, ਜੌਲੀ ਗ੍ਰਾਟ, ਦੇਹਰਾਦੂਨ।

**ਪੰਜਵੇਂ ਗੁਰਮਤਿ ਸਮਾਗਮ ਦੌਰਾਨ ਮਿਤੀ 8-10-94 ਨੂੰ ਦਿਤੇ ਗਏ ਵਿਚਾਰ।**

ਮੈਂ ਆਪ ਸਭ ਕੇ ਅੰਦਰਨਹਿਤ ਪ੍ਰਮਾਤਮਾ ਕੋ ਪ੍ਰਣਾਮ ਕਰਤਾ ਹੂੰ। ਸਿਖ ਧਰਮ ਕੇ ਵਿਸ਼ੇ ਮੇਂ ਜਿਤਨੀ ਭੀ ਚਰਚਾ ਹੋਤੀ ਹੈ, ਹੁਈ ਹੈ ਜਾ ਹੋਗੀ; ਵੋ ਕਮ ਹੀ ਹੈ ਕਿਉਂਕਿ ਸੰਸਾਰ ਮੇਂ ਸਿਖ ਧਰਮ ਹੀ ਏਕ ਐਸਾ ਧਰਮ ਹੈ ਜੋ ਕਿ ਸੰਤੋਂ ਕੀ ਦੇਨ ਹੈ। ਅਨਿਅ ਧਰਮ ਮੇਂ ਵਿਦਵਾਨੋਂ ਕਾ interference (ਦਖ਼ਲ) ਬਹੁਤ ਰਹਾ ਹੈ ਜਿਸਕੀ ਵਜਹ ਸੇ ਉਸ ਮੇਂ ਬੌਧਿਕ intellectualism (ਬੁੱਧੀਵਾਦ) ਕੇ ਆਨੇ ਸੇ ਏਕ corruption (ਦੋਸ਼ਪੂਰਨਤਾ) ਸੀ ਆ ਗਈ ਹੈ। ਕਿੰਤੂ ਸਿਖ ਧਰਮ ਮੇਂ ਐਸੀ ਚੀਜ਼ ਨਹੀਂ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੋ ਹੈਂ, ਕਿਸੀ ਨੇ ਲਿਖੇ ਨਹੀਂ; ਵੋ ਤੋ ਗੁਰਬਾਣੀ ਹੈ। ਆਪ ਸੰਸਾਰ ਕੇ ਕਿਸੀ ਭੀ ਗ੍ਰੰਥ ਕੋ ਦੇਖੇਂ, ਉਸ ਮੇਂ correction (ਸੋਧ) ਹੂਆ ਹੈ। ਹਮਾਰੇ ਜੁਗ ਕਾ ਟੈਗੋਰ ਏਕ ਬਹੁਤ ਬੜਾ ਭਾਰੀ poet (ਕਵੀ) ਮਾਨਾ ਜਾਤਾ ਹੈ। ਤੋ ਜਬ ਮੈਂ ਟੈਗੋਰ ਕੇ ਸਮਯ ਸ਼ਾਂਤੀ-ਨਿਕੇਤਨ ਮੇਂ ਥਾ, ਤਬ ਤੋ ਮੁਝੇ ਮਾਲੂਮ ਨਹੀਂ ਥਾ। ਉਸ ਕੇ ਪਸਚਾਤ ਮੈਨੇ ਜਬ ਉਨਕੀ ਡਾਇਰੀ ਦੇਖੀ ਤੋ ਕਟਾ-ਫਟ 50 ਜਗਹ ਹੋਤੀ ਥੀ, ਤਬ ਵੋ ਕਹੀਂ ਅਪਨੀ poetry (ਕਵਿਤਾ) ਬਨਾਤੇ ਥੇ । ਗੁਰਬਾਣੀ ਮੇਂ ਵੋ ਚੀਜ਼ ਨਹੀਂ ਹੈ। ਵੋ ਤੋ ਗੁਰੂ ਕੀ ਬਾਣੀ ਹੈ, ਵੋ ਏਕ spontaneity (ਆਪਮੁਹਾਰਤਾ) ਮੇਂ ਬਹਿਤਾ ਹੂਆ ਅਖੰਡ ਏਕ ਦਰਿਆ ਹੈ। ਕਿਤਨੀ ਭੀ research (ਖੋਜ) ਕਰੇਂਗੇ ਆਪ - ਗੁਰੂ ਗ੍ਰੰਥ ਸਾਹਿਬ ਕੇ ਊਪਰ; ਉਸ ਕੋ ਮੈਂ ਪੂਰਨ ਨਹੀਂ ਮਾਨ ਸਕਤਾ। ਏਕ-ਏਕ ਸ਼ਬਦ ਕੇ ਊਪਰ ਏਕ ਗ੍ਰੰਥ ਤਿਆਰ ਹੋ ਸਕਤਾ ਹੈ। ਔਰ ਏਕ ਦਿਨ ਵੋ ਆਨਾ ਚਾਹੀਏ, ਜੈਸੇ ਹਮਾਰਾ ਬੇਟਾ ਡਾ. ਮਹਿੰਦਰ ਸਿੰਘ ਜੈਸਾ ਵਿਅਕਤੀ ਇਸ ਕਾਮ ਕੋ ਲੇ ਸਕਤਾ ਹੈ, ਕਿ ਏਕ-ਏਕ ਸ਼ਬਦ ਕੇ ਊਪਰ ਜਿਸ ਵਕਤ ਵਿਆਖਿਆ ਹੋਨੇ ਲਗੇਗੀ, ਉਸ ਦਿਨ ਮੈਂ ਸਮਝੂੰਗਾ ਕਿ ਸਿਖ ਧਰਮ ਕੇ ਅਨੁਆਈ, ਜੋ ਆਪ ਲੋਗ ਹੈਂ; ਆਪ ਲੋਗ ਕੁਛ ਕਰ ਰਹੇ ਹੈਂ। ਦੇਖੀਏ! ਸੰਸਾਰ ਮੇਂ ਦੋ ਮਤ ਹੋਤੇ ਹੈਂ-ਹਰ ਧਰਮ ਕੇ। ਏਕ ਤੋ ਸੰਤੋਂ ਕਾ, ਔਰ ਏਕ ਗੁਰਦੁਆਰਾ, ਮੰਦਿਰ, ਮਸਜਿਦੋਂ ਕਾ। ਗੁਰੂਦੁਆਰਾ, ਮੰਦਿਰ ਔਰ ਮਸਜਿਦ; ਵੋ ਅਪਨੇ ਮੇਂ ਬੰਧੇ ਹੁਏ ਹੈਂ - ਚਾਰ ਦੀਵਾਰੀ ਮੇਂ ਬੰਧੇ ਹੁਏ ਹੈਂ, ਕੁਛ ਨਹੀਂ ਕਰ ਸਕਤੇ। ਲੇਕਿਨ ਡੇਰੇ ਵਾਲੇ ਸੰਤ ਲੋਗ ਜੋ ਹੈਂ, ਵੋ ਬਹੁਤ ਕੁਛ ਕਰ ਸਕਤੇ ਹੈਂ। ਵੋਹ ਕਰ ਸਕਤੇ ਹੈਂ ਜੋ ਕਿਸੀ ਨੇ ਨਾ ਕੀਆ ਹੋ।

ਤੋ ਮੇਰੀ ਆਪ ਸਭ ਲੋਗੋਂ ਸੇ ਪਹਿਲੀ ਪ੍ਰਾਥਨਾ ਤੋ ਜਿਹ ਹੈ ਕਿ ਰੀਸਰਚ ਖ਼ੂਬ ਹੋਨੀ ਚਾਹੀਏ। ਅਭੀ ਆਪ ਕਹੋ ਕਿ ਬਹੁਤ ਰੀਸਰਚ ਹੋ ਚੁਕੀ ਹੈ, ਬਹੁਤ ਗ੍ਰੰਥ ਲਿਖੇ ਜਾ ਚੁਕੇ ਹੈਂ; ਮੈਂ ਤੋ ਨਹੀਂ ਮਾਨਤਾ। ਅਬੀ ਤੋ ਕੁਛ ਕਾਮ ਹੀ ਨਹੀਂ ਹੂਆ sikhism ਕੇ ਊਪਰ। ਇਸ ਕੇ ਲੀਏ ਧਨ ਕਹਾਂ ਸੇ ਆਏ; ਆਵਸ਼ਕਤਾ ਹੀ ਨਹੀਂ ਹੈ। ਕਿਆ ਅਵਸ਼ਕਤਾ ਹੈ, ਕਿਸ ਧਨ ਕੀ ਅਵਸ਼ਕਤਾ ਹੈ? ਜਿਸ ਵਕਤ ਕੋਈ ਐਸੀ ਚੀਜ਼ ਤਿਆਰ ਹੋਗੀ, ਹਜ਼ਾਰੋਂ ਲੋਗ ਖੜ੍ਹੇ ਹੋ ਜਾਏਂਗੇ ਉਸ ਕੋ ਪ੍ਰਕਾਸ਼ਿਤ ਕਰਨੇ ਕੇ ਲੀਏ। ਮੈਨੇ ਜਿਤਨੇ ਭੀ ਸਿਖ ਧਰਮ ਕੇ ਊਪਰ ਗ੍ਰੰਥ ਲਿਖੇ, ਮੇਰੇ ਪਾਸ ਕੋਈ ਪੈਸਾ ਨਹੀਂ ਥਾ। ਲੇਕਿਨ ਸਭ ਪ੍ਰਕਾਸ਼ਿਤ ਹੁਏ ਹੈਂ, ਖ਼ੂਬ ਚਲਤੇ ਹੈਂ। ਔਰ ਜੋ ਪਾਸ਼ਚਾਤ ਦੇਸ਼ (western countries) ਕੇ ਵਿਦਵਾਨ ਹੈਂ - ਅੰਗਰੇਜ਼ੀ ਜਾਨਨੇ ਵਾਲੇ; ਬੜਾ ਉਸ ਕਾ ਆਦਰ ਭੀ ਕਰਤੇ ਹੈਂ। ਅਗਲੇ ਵਰਸ਼, ਫਿਰ ਦੁਹਰਾਤਾ ਹੂੰ ਕਿ ਆਜ ਕੇ ਦਿਨ ਆਪ ਕੇ ਸਾਮਨੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਿਤ ਹੋ ਕਰ ਰਹੇਗਾ। ਯੇ ਬਾਤ ਸੰਤ ਜੀ ਨੇ ਮੁਝੇ ਕਹੀ ਕਿ ਹੋਨਾ ਹੈ। ਹਮਨੇ ਕਹਾ, ਜ਼ਰੂਰ ਹੋਗਾ। ਸਾਲ ਭਰ ਤੋ ਬਹੁਤ ਹੋਤਾ ਹੈ, ਛੇ ਮਹੀਨੇ ਮੇਂ ਹੋ ਜਾਏਗਾ ਯੇ ਤੋ। ਔਰ ਜਿਸ ਤਰਹ ਸੇ ਹਮਾਰਾ ਵੋ ਗ੍ਰੰਥ ਹੈ - ਬਾਲਮੀਕ ਰਮਾਇਣ ਕੇ ਊਪਰ ਦੋ volume (ਭਾਗ) ਕਾ, ਜਿਸ ਕੋ ਕਿ world (ਸੰਸਾਰ) ਮੇਂ ਬਹੁਤ ਅੱਛਾ ਪ੍ਰਕਾਸ਼ਨ ਭੀ ਮਾਨਤੇ ਹੈਂ ਔਰ tome (ਗ੍ਰੰਥ) ਭੀ ਮਾਨਤੇ ਹੈਂ; ਉਸ ਸੇ ਅੱਛੀ ਟੱਕਰ ਕਾ ਹੋਗਾ। ਯੇ ਤੋ ਰਹੀ ਬਾਹਰ ਕੀ ਬਾਤ। ਗ੍ਰੰਥ ਸਾਹਿਬ ਕਾ ਸਾਰ, ਨਾਮ ਜਪ ਮੇਂ ਹੈ। ਔਰ ਜਿਸਨੇ ਸਚੇ ਹਿਰਦੇ ਸੇ ਨਾਮ ਜਪ ਕਰਨਾ ਸੀਖ ਲੀਆ, ਉਸ ਕਾ ਕਲਿਆਣ ਹੋ ਗਿਆ। ਦੇਖੀਏ, ਸਾਰਾ ਸੰਸਾਰ ਪੂਰਬ ਸੇ ਲੇਕਰ ਪੱਛਿਮ ਤਕ ਦੁਖੀ ਹੈ। ਸਬ ਦੁਖ ਹੀ ਦੁਖ ਬਿਆਪਤ ਹੈ-ਚਾਰੋਂ ਓਰ। ਗੁਰੂ ਨਾਨਕ ਦੇਵ ਜੀ ਨੇ ਤੋ ਪਹਿਲੇ ਹੀ ਕਹਿ ਦੀਆ ਹੈ ਨ-

*ਨਾਨਕ ਦੁਖੀਆ ਸਭੁ ਸੰਸਾਰੁ ॥* ਪੰਨਾ - 954

ਦੁਖ ਤੋ ਹੈਈ, ਸੁਖੀ ਕੌਨ ਹੈ; ਕੋਈ ਰਾਜਾ ਕੋ ਨਹੀਂ ਬਤਾਇਆ- ਸੁਖੀ ਹੈ; ਕਿਸੀ ਧਰਮ ਗੁਰੂ ਕੋ ਨਹੀਂ ਬਤਾਇਆ- ਸੁਖੀ ਹੈ; ਕਿਸੀ ਵਿਅਕਤੀ ਕੋ ਨਹੀਂ ਬਤਾਇਆ - ਸੁਖੀ ਹੈ; ਜੋ ਨਾਮ ਕੇ ਊਪਰ ਅਪਨਾ ਪੂਰਾ ਵਿਸ਼ਵਾਸ਼ ਕਰਤਾ ਹੋ, ਜੀਵਨ ਬਤੀਤ ਕਰਤਾ ਹੋ - ਵੋਹੀ ਸੁਖੀ ਹੈ। ਜਿਸ ਸੰਤ ਨੇ ਏਕ ਛੋਟੀ ਸੀ ਬਾਤ ਅਪਨਾ ਲੀ ਹੋ, ਔਰ ਉਸ ਪਰ ਚਲਤਾ ਹੋ, ਉਸ ਕਾ ਜੀਵਨ ਕਲਿਆਣ ਹੋ ਜਾਤਾ ਹੈ, ਔਰ ਜਿਸ ਕੋ ਛੂਹ ਜਾਏ, ਉਸ ਕਾ ਭੀ ਕਲਿਆਣ ਹੋ ਜਾਤਾ ਹੈ - ਐਸੀ ਬਾਤ ਹੈ। ਉਸ ਕੇ ਲੀਏ ਕੋਈ ਚੀਜ਼ ਅਸੰਭਵ ਨਹੀਂ। ਆਪ ਜਬ medical history (ਡਾਕਟਰੀ ਇਤਿਹਾਸ) ਪੜ੍ਹੇਂਗੇ ਔਰ ਆਪਨੇ Doctor ਸੇ ਸੱਤਤਾ ਸੇ ਪੂਛੇਂਗੇ ਕਿ ਬਤਾਓ ਭਾਈ, ਤੁਮਾਰੇ medical science (ਡਾਕਟਰੀ ਵਿਗਿਆਨ) ਮੇਂ ਕਿਆ ਹੈ; ਤੋ ਦੁਖੀ ਹੋ ਜਾਤੇ ਹੈਂ। ਸਭੀ ਕਹਤੇ ਹੈਂ ਕਿ 80% of the diseases are mental diseases, Psychosomatic diseases; 80% ਬਿਮਾਰੀਆਂ ਮਾਨਸਿਕ ਬਿਮਾਰੀਆਂ ਹੈਂ, ਉਸਕਾ ਕੋਈ ਉਪਚਾਰ ਨਹੀਂ ਦਿਖਾਈ ਦੇਤਾ - ਨਾ East (ਪੂਰਬ) ਵਾਲੋਂ ਕੋ, ਔਰ ਨਾ West (ਪੱਛਮ) ਵਾਲੋਂ ਕੋ। 20% ਬਿਮਾਰੀਓਂ ਕੀ ਖੋਜ ਇਨ ਲੋਗੋਂ ਨੇ ਕੀ ਹੈ ਜੋ infectious (ਛੂਤ ਕੀ) ਬਿਮਾਰੀਆਂ ਹੈਂ - ਜੈਸੇ ਪਲੇਗ ਹੂਈ, ਹੈਜ਼ਾ ਹੂਆ, ਯੇ ਬਿਮਾਰੀ ਹੂਈ, ਯੇ ਬਿਮਾਰੀ ਹੂਈ। ਇਸ ਕਾ ਮਤਲਬ ਹੈ ਕਿ ਸਾਰੀ humanity (ਮਨੁੱਖਤਾ), ਸਾਰਾ ਸੰਸਾਰ - 80% ਸੰਸਾਰ ਬਿਮਾਰ ਹੈ, ਔਰ ਉਸਕੀ ਕੋਈ ਦਵਾ ਨਹੀਂ। ਲੇਕਿਨ ਗੁਰੂ ਨਾਨਕ ਦੇਵ ਜੀ ਨੇ ਕਹਾ - ਅਰੇ ਸੁਖੀ ਹੋਨਾ ਚਾਹਤੇ ਹੋ ਤੋ ਨਾਮ ਕਾ ਸਿਮਰਨ ਕਰਨਾ ਸੀਖੋ। ਉਸ ਕੀ ਭੀ ਏਕ ਵਿਧੀ ਹੈ, ਏਕ ਤਰੀਕਾ ਹੈ। ਵੈਸੇ ਤੋ ਯੇ ਹੈ ਕਿ ਹਰ ਹਾਲਤ ਮੇਂ ਕੀਆ ਜਾ ਸਕਤਾ ਹੈ; ਜਹਾਂ ਭੀ ਰਹੋ, ਜੈਸੇ ਭੀ ਰਹੋ। ਗੀਤਾ ਮੇਂ ਕ੍ਰਿਸ਼ਨ ਨੇ ਅਰਜੁਨ ਸੇ ਕਹਾ ਕੀ ਬਈ ਦੇਖੋ! ਈਸ਼ਵਰ ਤੋ ਸਰਬਤ੍ਰ ਹੈ, ਸਭ ਜਗਹ ਹੈ। ਤੋ ਕੈਸੇ ਦੇਖੇਗਾ ਉਸ ਈਸ਼ਵਰ ਕੋ, ਉਸ ਮਹਾਨ ਵਿਸ਼ਵ ਵਿਆਪੀ ਪਰਮ ਪਿਤਾ ਪ੍ਰਮੇਸ਼ਵਰ ਕੋ, ਜੋ ਸਬ

ਸੇ ਪਰ੍ਹੇ ਭੀ ਹੈ; ਕੈਸੇ ਇਸ ਕਾ ਅਨੁਭਵ ਕਰੇਗਾ? ਤੋ ਹਿਰਦੇ ਸਥਿਤ ਤੱਤ ਕੋ ਪਹਿਲੇ ਅਪਨੇ ਅੰਦਰ ਦੇਖ। ਜਿਸ ਦਿਨ ਤੁਮ ਗੁਰੂ ਕੋ - 'ਗੁ' ਔਰ 'ਰੂ' ਦੋ ਚੀਜ਼ੇਂ ਹੈਂ, ਦੋ ਸ਼ਬਦ ਸੇ ਗੁਰੂ ਸ਼ਬਦ ਬਨਾ ਹੈ। 'ਗੁ' ਕਹਤੇ ਹੈਂ ਅੰਧਕਾਰ ਕੋ, ਔਰ 'ਰੂ' ਕਹਤੇ ਹੈਂ ਪ੍ਰਕਾਸ਼ ਕੋ। ਜੋ ਗਿਆਨ ਰੂਪੀ ਪ੍ਰਕਾਸ਼, ਅਗਿਆਨਤਾ ਕੇ ਅੰਧਕਾਰ ਕੋ ਦੂਰ ਕਰੇ, ਉਸੀ ਕੋ ਗੁਰੂ ਕਹਤੇ ਹੈਂ।

ਗੁਰੂ ਨਾਨਕ ਦੇਵ ਜੀ ਐਸੇ ਮਹਾਨ ਗੁਰੂ ਥੇ। ਉਨ ਕਾ ਅਵਤਾਰ ਉਸ ਸਮਯ ਹੁਆ ਥਾ ਜਬ ਭਾਰਤ ਵਰਸ਼ ਮੇਂ ਏਕ ਅੰਧਕਾਰ ਸਾ ਛਾ ਗਿਆ ਥਾ। ਕੈਸਾ ਭੀ ਹੋ, ਕੁਛ ਭੀ ਹੋ; ਹਮਾਰੇ ਭਾਰਤ ਵਰਸ਼ ਮੇਂ ਏਕ ਵਿਸ਼ੇਸ਼ ਚੀਜ਼ ਹੈ। ਜਬ ਜਬ ਕੋਈ ਕਸ਼ਟ ਦੇਸ਼ ਪੇ ਆਤਾ ਹੈ ਤੋ ਕੋਈ ਮਹਾਨ ਵਿਅਕਤਿਤ੍ਵ ਉਤਪੰਨ ਹੋ ਜਾਤੀ ਹੈ। ਭਾਰਤਵਰਸ਼ ਮੇਂ ਉਸ ਸਮਯ ਗੁਰੂ ਨਾਨਕ ਦੇਵ ਜੀ ਉਤਪੰਨ ਹੂਏ, ਔਰ ਉਨਕੀ ਪਰੰਪਰਾ ਅਭੀ ਤਕ ਚਲੀ ਜਾ ਰਹੀ ਹੈ ਔਰ ਬੜ੍ਹਤੀ ਜਾ ਰਹੀ ਹੈ। ਤੋ 80% ਜੋ ਬਿਮਾਰੀਆਂ ਹੈਂ, ਉਨਕੋ ਦੂਰ ਕਰਨੇ ਕਾ ਏਕ ਹੀ ਉਪਾਏ ਹੈ, ਵੋ ਹੈ ਅਪਨੇ ਅੰਦਰ ਕੀ ਗਹਿਰਾਈਓਂ ਮੇਂ ਜਾ ਕਰ ਜਪ ਕਰੋ। ਜੋ ਬਾਹਰ ਜਪ ਹੋਤਾ ਹੈ, ਮਾਲਾ ਸੇ ਜਪ ਹੋਤਾ ਹੈ, ਉਸ ਕੋ ਕੇਵਲ ਜਪ ਕਹਤੇ ਹੈਂ। ਲੇਕਿਨ ਜਿਸ ਮੇਂ ਜਬਾਨ ਨਾ ਹਿਲੇ ਔਰ ਜੋ ਸੁਆਸ ਸੇ ਭੀ ਪਰ੍ਹੇ, ਸੁਆਸਾ ਜਪ ਸੇ ਭੀ ਪਰ੍ਹੇ ਮਨ ਕੋ ਇਕਾਗਰ ਔਰ ਅੰਤਰਮੁਖ ਬਨਾ ਕਰਕੇ ਜਪ ਕਰਨੇ ਵਾਲਾ ਵਿਅਕਤੀ ਦੁਖੋਂ ਸੇ ਮੁਕਤ ਹੋ ਜਾਤਾ ਹੈ। ਜਿਸ ਕੋ ਜਹਾਂ ਮੁਕਤੀ ਪ੍ਰਾਪਤ ਨਹੀਂ, ਮਰਨੇ ਕੇ ਪਸ਼ਚਾਤ ਮੁਕਤੀ ਤੋ ਏਕ ਝੂਠੀ ਵਿਡੰਬਨਾ ਹੈ। ਕਈ ਗ੍ਰੰਥ ਕਹਿਤੇ ਹੈਂ, ਜੀਵਨ ਮੇਂ ਹੀ, ਯਹੀਂ ਪਰ ਮੁਕਤੀ ਪ੍ਰਾਪਤ ਹੋਨੀ ਚਾਹੀਏ ਔਰ ਬਹੁਤ ਸਰਲ ਸੇ ਸਰਲ ਬਾਤ ਹੈ; ਅਪਨੇ ਅੰਦਰਨਹਿਤ ਪ੍ਰਮਾਤਮਾ ਕੋ ਜੋ ਜਾਨ ਜਾਤਾ ਹੈ, ਵੋਹ ਯਹੀਂ ਪਰ ਮੁਕਤ ਹੋ ਜਾਤਾ ਹੈ। ਉਸਕੀ ਮੁਕਤੀ ਕੇ ਲੀਏ ਕਹੀਂ ਜਾਨੇ ਕੀ ਜ਼ਰੂਰਤ ਨਹੀਂ, ਕਿਸੀ ਤੀਰਥ ਮੇਂ ਜਾਨੇ ਕੀ ਜ਼ਰੂਰਤ ਨਹੀਂ, ਕਹੀਂ ਦੇਸ਼ਾ-ਰਟਨ ਕਰਨੇ ਕੀ ਜ਼ਰੂਰਤ ਨਹੀਂ। ਸਬ ਸੇ ਸਰਲ ਹੋਤਾ ਹੈ - ਭਗਵਾਨ ਸੇ ਮਿਲਨਾ। ਔਰਤ ਜੋ ਆਪ ਕੇ ਸਾਥ ਰਹਤੀ ਹੈ, ਜਿਸਨੇ ਯੇ ਸ਼ਪਤ ਖਾਈ ਹੈ ਕਿ ਆਪ ਕੇ ਸਾਥ ਰਹੇਗੀ; ਉਸੇ ਭੀ ਬੋਲਨੇ ਕੀ ਜ਼ਰੂਰਤ ਹੈ। ਈਸ਼ਵਰ ਸੇ ਬਾਤ ਕਰਨੇ ਕੇ ਲੀਏ ਮੋਨ ਹੋ ਜਾਈਏ; ਸੁਨੇਗਾ ਆਪ ਕੀ ਬਾਤ - ਸਭ ਸੇ ਸਰਲ। ਇਸੀ ਲੀਏ ਹਮ ਜੋਗੀ ਬਨ ਗਏ। ਹਮ ਨੇ ਕਹਾ ਠੀਕ ਹੈ, ਜੋ ਇਤਨੀ ਆਸਾਨ ਚੀਜ਼ ਹੈ, ਸਭ ਛੋਡ ਛਾਡ ਕੇ ਭਾਗ ਖੜ੍ਹੇ ਹੋ; ਯਹੀ ਸਬ ਸੇ ਸਰਲ ਹੈ, ਔਰ ਹਮਾਰੀ ਬਾਤ ਕੋ ਕੌਨ ਸੁਨੇਗਾ - ਭਗਵਾਨ ਕੇ ਸਿਵਾ। ਤੋ ਕੁਛ ਦੇਰ, ਰੋਜ਼ ਸੁਬਹ ਔਰ ਸ਼ਾਮ ਕੋ, ਨਿਸ਼ਚਿਤ ਕਰ ਲੇਨਾ ਚਾਹੀਏ ਕਿ ਉਸ ਸਮਯ ਕੁਛ ਭੀ ਹੋ, ਮੈਂ ਦੂਸਰਾ ਕਾਰਯ ਤੋ ਕਰੂੰਗਾ ਹੀ ਨਹੀਂ, ਕਰੂੰਗੀ ਹੀ ਨਹੀਂ। ਮੈਨੇ ਆਪਸੇ ਕਲ ਕਹਾ ਥਾ ਕਿ ਸਭ ਸੇ ਜ਼ਿਆਦੇ ਆਪ ਸੁਰਖਸ਼ਿਤ ਤਭੀ ਹੈਂ ਜਬ ਆਪ ਧਿਆਨ ਕਰ ਰਹੇ ਹੈਂ। ਜਬ ਜਪ ਕੋ intense (ਪ੍ਰਬਲ) ਕਰ ਲੇਤੇ ਹੈਂ ਔਰ ਜਪ ਕੋ silence (ਖਾਮੋਸ਼ੀ) ਮੇਂ ਲੇ ਜਾਤੇ ਹੈਂ; ਉਸਕੋ ਧਿਆਨ ਕਹਤੇ ਹੈਂ- ਫਰਕ ਕੁਛ ਨਹੀਂ ਹੈ। ਇਕ settle ਚੀਜ਼ ਹੈ, ਏਕ ਸੂਖਸ਼ਮ ਚੀਜ਼ ਹੈ। ਸੂਖਸ਼ਮਾਤ ਔਰ ਸੂਖਸ਼ਮ ਰੂਪ ਮੇਂ ਜਬ ਆਪ ਜਪ ਲੇ ਜਾਏਂਗੇ ਔਰ ਵਹਾਂ ਪਰ ਤੋ ਕੋਈ ਸ਼ਬਦ ਨਹੀਂ ਰਹਤਾ; ਤੋ ਵਹੀਂ ਸਮਾਧਿਸ਼ਟ ਹੋ ਜਾਤਾ ਹੈ। ਭਾਸ਼ਾ ਅਲੱਗ ਅਲੱਗ ਹੈਂ ਪਰ key note ਹੈ- ਜਪ ਕਰਨਾ। ਤੋ ਇਸ ਤਰਹ ਸੇ ਅਭਿਆਸ ਕਰਤੇ-ਕਰਤੇ ਮਨੁਸ਼ਯ ਇਸੀ ਜਨਮ ਮੇਂ, ਸਿਧੀ ਪ੍ਰਾਪਤ ਕਰਤੇ ਹੁਏ ਮੁਕਤ ਹੋ ਜਾਤਾ ਹੈ। ਲੋਗ ਕਹਿਤੇ ਹੈਂ, ਸਿਖ ਕਿਸ ਕੋ ਕਹਤੇ ਹੈਂ? ਸਿਖ ਕੀ ਪਰਿਭਾਸ਼ਾ - ਡਾ. ਮਹਿੰਦਰ ਸਿੰਘ ਜੀ ਨੇ ਬੜੀ ਅੱਛੀ ਪਰਿਭਾਸ਼ਾ ਕੀ। ਸਿਖ ਸ਼ਬਦ ਕਾ ਅਰਥ ਹੈ - ਸੇਵਕ, ਕਿਸ ਕਾ ਸੇਵਨ ਕਰਨਾ? ਸੇਵਕ ਕਹਤੇ ਹੈਂ ਜੋ ਸੇਵਨ ਕਰਤਾ ਹੈ, ਆਨੰਦ ਲੇਤਾ ਹੈ। ਤੋ ਸਿੱਖ ਉਸੇ ਕਹਤੇ ਹੈਂ ਜੋ ਬਾਹਰ ਤੋ ਸੇਵਾ ਕਰਤਾ ਹੈ ਔਰ ਅੰਦਰ ਸੇ ਆਨੰਦ ਲੇਤਾ ਹੈ - ਸੇਵਾ ਮੇਂ, ਔਰ ਭਗਵਾਨ ਕੇ ਜਪ ਮੇਂ - ਇਸੀ ਕੋ ਸਿਖ ਕਹਤੇ ਹੈਂ। ਬੜਾ ਭਾਗ ਉਸਕਾ ਹੈ ਜੋ ਸਿਖ, ਏਕ ਸੰਤ ਕੇ ਪਰਿਵਾਰ ਮੇਂ ਹੋ ਕਰਕੇ ਪੈਦਾ ਹੂਆ ਹੈ ਔਰ ਜਪ ਮੇਂ ਲੀਨ ਰਹਤਾ ਹੈ।

ਮੈਂ ਕਿਨ ਸ਼ਬਦੋਂ ਸੇ ਸ੍ਰੀ ਸੰਤ ਜੀ ਕਾ, ਇਨਕੀ ਸੰਗਤ ਕਾ ਔਰ ਸਬ ਮਾਤਾਓਂ ਕਾ, ਬਹਨੋਂ ਕਾ ਔਰ ਬੱਚੋਂ ਕਾ ਧੰਨਵਾਦ ਕਿਨ ਸ਼ਬਦੋਂ ਮੇਂ ਦੂੰ; ਮੇਰੇ ਪਾਸ ਤੋ ਕੋਈ ਸ਼ਬਦ ਹੀ ਨਹੀਂ ਹੈਂ, ਸਭ ਸ਼ਬਦ ਸਮਾਪਤ ਹੋ ਜਾਤੇ ਹੈਂ। ਆਪ ਕਾ ਪਿਆਰ, ਆਪ ਕੀ ਸ਼ਰਧਾ ਮਹਾਨ ਹੈ। ਆਪ ਕਾ ਪਿਆਰ ਦੇਖ ਕਰ, ਜੋ ਸਿਖ ਧਰਮ ਕੋ ਨਹੀਂ ਸਮਝਤਾ, ਵੋ ਭੀ ਸਮਝਨੇ ਲਗੇਗਾ ਕਿ ਪਹਿਲੇ ਪਿਆਰ ਕਰਨਾ ਸੀਖੋ, ਤਬ (ਸਿਖੀਜ਼ਮ) sikhisim ਕੇ ਊਪਰ ਬਾਤ ਕਰੋ। ਸੇਵਾ ਕਰਨਾ ਸੀਖੋ, ਤਬ ਸਿੱਖ ਬਨੋ। ਤੋ ਮੇਰੇ ਪਾਸ ਤੋ ਐਸੇ ਕੋਈ ਸ਼ਬਦ ਨਹੀਂ ਹੈਂ।

ਜਬ ਮੋਨ ਹੋ ਕਰ ਕੇ ਚੁਪ ਚਾਪ, ਜੈਸੇ ਮੈਨੇ ਕਹਾ, ਜੋ ਧਿਆਨ ਕਰਨੇ ਵਾਲੇਂ ਹੈ - ਉਨ ਕੋ, ਜਬ ਸਿਰ, ਗਰਦਨ ਔਰ ਰੀੜ ਕੀ ਹੱਡੀ ਕੋ ਸੀਧਾ ਰਖ ਕਰਕੇ ਕੁਛ ਦੇਰ ਆਪ ਸਥਿਰ ਸੁਭਾਵ ਸੇ ਬੈਠਤੇ ਹੈਂ ਔਰ gently ਧੀਰੇ-ਧੀਰੇ ਅਪਨੀ ਆਖੋਂ ਕੋ ਬੰਦ ਕਰ ਲੇਤੇ ਹੈਂ ਔਰ ਆਪ ਸ੍ਵਾਸ-ਸ੍ਵਾਸ ਪ੍ਰਾਣੋਂ ਕੀ ਪ੍ਰੀਕ੍ਰਿਆ ਕੋ ਸਮਝਤੇ ਹੈਂ ਕਿ ਇਸ ਈਸ਼ਵਰ ਕੇ ਮੰਦਿਰ ਮੇਂ ਦੋ Guard ਹੈਂ, ਦੋ ਚੌਕੀਦਾਰ ਹੈਂ; ਉਨ ਚੌਕੀਦਾਰੋਂ ਕਾ ਨਾਮ ਹੈ - ਪ੍ਰਾਨ ਔਰ ਉ੍ਾਨ; ਇਸ ਮਹਾਨ ਮੰਦਿਰ ਕੀ, ਜਿਸਕੋ ਮਨੁਸ਼ਯ ਕਹਤੇ ਹੈਂ, ਜੋ ਕਿ ਗੁਰੂ ਕਾ ਦੁਆਰਾ ਹੈ, ਅਸਲੀ ਗੁਰੂਦੁਆਰਾ ਹੈ, ਜੀਵਿਤ ਗੁਰੂਦੁਆਰਾ ਹੈ; ਉਸਕੀ ਸਦਤ ਰਖਸ਼ਾ ਕੀਆ ਕਰਤੇ ਹੈਂ। ਜਿਸ ਵਕਤ ਆਪ ਇਸ ਕਾ ਸਵਾਧਯ ਕਰੋਗੇ, ਆਪ ਕੋ ਅਸਚਰਯ ਹੋਨੇ ਲਗੇਗਾ। ਆਪ ਸੁਆਸ ਲੇਤੇ ਹੈਂ - ਉਸੇ ਪ੍ਰਾਨ ਕਹਿਤੇ ਹੈਂ, ਔਰ ਜਬ ਆਪ ਸੁਆਸ ਛੋਡਤੇ ਹੈਂ, ਉਸੇ ਉਪਾਨ ਕਹਤੇ ਹੈਂ। ਇਸ ਕਾ ਸਵਾਧਯ - ਏਕ ਵਿਸ਼ਾ ਹੀ ਅਲੱਗ ਹੈ; ਕੇਵਲ ਸੰਤ ਲੋਗ ਹੀ ਇਸ ਵਿਸ਼ੇ ਕੋ ਜਾਨਤੇ ਹੈਂ। ਮੈਨੇ ਕਹਾ, ਕੇਵਲ ਆਪ ਗਹਰੀ ਸੇ ਗਹਰੀ ਸਵਾਸ ਲੇਨਾ ਸੀਖੇਂ ਔਰ ਜਬ ਆਪ ਸੁਆਸ ਲੇਂ, ਤੋ abdomen (ਪੇਟ) ਕੋ ਆਗੇ ਆਨਾ ਚਾਹੀਏ; ਜਬ ਸੁਆਸ ਛੋਡੇਂ, ਪੇਟ ਕੋ ਅੰਦਰ ਜਾਨਾ ਚਾਹੀਏ; ਇਸ ਸੇ ਜੋ ਸਭ ਸੇ healthy (ਅੱਛੀ) muscle (ਤੰਤੂ) ਮਸਲ ਜੋ ਆਪ ਕੇ diaphragm (ਝਿੱਲੀ) ਮੇਂ ਹੈਂ, ਉਸ ਕੋ ਫਿਰ ਅਭਿਆਸ ਹੋ ਜਾਤਾ ਹੈ। ਔਰ lungs (ਫੇਫੜੇ) ਕੋ ਪ੍ਰੈਸ ਕਰਕੇ ਜੋ ਗੰਦੀ ਕਾਰਬਨ-ਡਾਈਔਕਸਾਈਡ used up gas ਹੈ, ਉਸ ਕੋ ਬਾਹਰ ਫੈਂਕਨੇ ਮੇਂ ਸਹਾਇਤਾ ਕਰਤੀ ਹੈ। ਜਿਸ ਨੇ ਸੁਆਸ ਵਿਦਿਆ ਕੋ, ਪ੍ਰਾਨ ਵਿਦਿਆ ਕੋ ਸੀਖ ਲੀਆ, ਉਸ ਨੇ ਮਿਰਤੂ ਪਰ ਵਿਜੈ ਪ੍ਰਾਪਤ ਕਰ ਲੀ। ਲੇਕਿਨ ਬਹੁਤ ਜੀਨਾ ਭੀ ਅੱਛੀ ਬਾਤ ਨਹੀਂ ਹੈ। ਬਹੁਤ ਜੀਏਂ ਔਰ ਨਿਰਾਰਥਕ ਜੀਵਨ ਬਤੀਤ ਕਰੇਂ, ਸੰਸਾਰ ਕੇ ਭੋਗੋਂ ਕੇ ਲੀਏ ਬਤੀਤ ਕਰੇਂ, ਫਿਰ ਤੋ ਬਿਲਕੁਲ ਹੀ ਪਸ਼ਵਤ ਜੀਵਨ ਹੈ। ਹਾਂ, ਜੀਏ, ਸੌ-ਸੌ ਬਰਸ਼ ਤਕ ਜੀਏ, ਉਸ ਸੇ ਭੀ ਅਧਿਕ ਜੀਏ, ਲੇਕਿਨ ਨਾਮ ਸਿਮਰਨ ਕਰਨੇ ਕੇ ਲੀਏ ਜੀਏ; ਤੋ ਜੀਨਾ

ਚਾਹੀਏ। ਤੋ ਜਬ ਮਨ ਕੋ ਊਰਧ ਕਰ ਲੇਤਾ ਹੈ - ਆਦਮੀ, ਮਨ ਬਾਹਰ ਕੀ ਔਰ ਨਹੀਂ ਜਾਤਾ, ਆਤਮਾ ਕੀ ਹੀ ਔਰ ਜਾਤਾ ਹੈ; ਐਸੀ ਦਸ਼ਾ ਮੇਂ ਮਨ ਕੋ ਬਹੁਤ ਆਨੰਦ ਆਤਾ ਹੈ - ਵੋਹ ਆਨੰਦ ਆਤਾ ਹੈ, ਜਿਸੇ ਵਰਣਨ ਨਹੀਂ ਕੀਆ ਜਾ ਸਕਤਾ। ਛੋਟਾ ਮੋਟਾ ਆਨੰਦ ਹੀ ਵਰਣਨ ਨਹੀਂ ਹੋਤਾ, ਫਿਰ ਵੋਹ ਆਨੰਦ ਕੈਸੇ ਵਰਣਨ ਹੋ ਸਕਤਾ ਹੈ? ਲੇਕਿਨ ਯੇ ਤਬੀ ਹੋਤਾ ਹੈ ਕਿ ਹਰ ਸਤੱਰ ਪਰ ਜਪ ਕਰਤਾ ਰਹੇ; ਮਨ ਕੋ ਇਕਾਗਰ ਕਰੇ, ਅੰਤਰਮੁਖ ਕਰੇ, ਤਬ ਆਤਮਾ ਅਨੁਭੂਤੀ ਹੋਤੀ ਹੈ। ਮੈਂ ਏਕ ਵਿਅਕਤੀ ਹੂੰ, ਮੇਰਾ ਨਾਮ ਯੇ ਹੈ, ਮੇਰਾ ਨਾਮ ਯੇ ਹੈ; ਯੇ ਸਭ ਸੂਦਰ ਭਾਵਨਾਓਂ ਸੇ ਮੁਕਤ ਹੋ ਜਾਤਾ ਹੈ - ਵਿਅਕਤੀ, ਔਰ ਉਸ ਕਾ ਸਰੂਪ ਵਿਸ਼ਵ-ਵਿਆਪੀ ਹੋ ਜਾਤਾ ਹੈ। ਵੋ ਸਬ ਕੋ ਅਪਨਾਤਾ ਹੈ, ਸਬ ਉਸ ਕੇ ਹੋ ਜਾਤੇ ਹੈਂ। ਮੈਨੇ ਕਹਾ ਨਾ - ਸਭ ਬਿਆਧੀਓਂ ਸੇ, ਸਭ ਦੁਖੋਂ ਸੇ, ਸਭ ਕਲੇਸ਼ੋਂ ਸੇ, ਸਭ ਭੈਅ ਸੇ ਆਪ ਮੁਕਤ ਹੈਂ; ਆਪ ਅਗਰ ਜਪ ਕਰਤੇ ਰਹੇਂ। ਜਿਤਨੀ ਦੇਰ ਤੱਕ ਆਪ ਜਪ ਕਰਤੇ ਰਹੇਂਗੇ, ਉਤਨੀ ਹੀ ਦੇਰ ਸੁਰਖਸ਼ਿਤ ਹੈਂ; ਜਬ ਜਪ ਨਹੀਂ ਕਰੋਗੇ, ਨਹੀਂ ਸੁਰਖਸ਼ਿਤ ਹੈਂ। ਕੁਛ ਸੁਨਾ ਆਪ ਨੇ! ਫਲਾਨਾ ਮਰ ਗਿਆ। ਕੈਸੇ ਮਰਾ? ਚਾਰਪਾਈ ਪੇ ਮਰਾ, ਪਾਈ-ਪਾਈ ਪੇ ਮਰਾ, ਏਕ ਪਾਈ ਪੇ ਮਰਾ; ਕਿਸੀ ਕੋ ਸੁਨਾ ਆਪ ਨੇ ਕਿ ਜਪ ਕਰਤੇ ਕਰਤੇ ਮਰਾ।

ਮੈਂ ਆਪ ਕੋ ਅਪਨੇ ਜੀਵਨ ਕੀ ਏਕ ਘਟਨਾ ਸੁਨਾਤਾ ਹੂੰ। ਹਲਦਵਾਨੀ, ਨੈਨੀਤਾਲ ਕੇ ਰਾਸਤੇ ਮੇਂ ਪੜਤਾ ਹੈ - ਕੁਮਾਓਂ ਮੇਂ। ਜਬ ਮੈ ਪਰਬਤੋਂ ਪੇ ਬਚਪਨ ਮੇਂ ਰਹਾ ਕਰਤਾ ਥਾ, ਏਕ ਮਾਤਾ ਜੀ ਬਹੁਤ ਮੁਝ ਕੋ ਅਪਨੇ ਬੇਟੇ ਕੀ ਤਰਹ ਪਿਆਰ ਕਰਤੀ ਥੀ। ਜੰਗਲੋਂ ਮੇਂ ਕੁਛ ਖਾਨੇ ਕੋ ਤੋ ਮਿਲਤਾ ਨਹੀਂ ਥਾ, ਤੋ ਖਾਨਾ ਰੱਖਾ ਕਰਤੀ ਥੀ। ਤੋ ਮੈਨੇ ਕਹਾ, ਯੇ ਬਹੁਤ ਮੋਹ ਕਰਤੀ ਹੈ; ਮੈਂ ਭਾਗ ਖੜਾ ਹੁਆ। ਮੈਨੇ ਕਹਾ, ਅਬੀ ਆਤਾ ਹੂੰ, ਤੋ ਭਾਗ ਗਿਆ ਜੰਗਲ ਕੋ। ਉਸਨੇ ਵੋ ਖਾਨਾ ਊਪਰ ਕਹੀਂ ਰੱਖ ਦੀਆ - ਰੋਟੀ। ਸਾਲ ਭਰ ਬਾਅਦ ਜਬ ਮੈਂ ਆਇਆ, ਉਸਨੇ ਮੇਰੇ ਕੋ ਪਕੜਾ, ਦੋਨੋਂ ਲੜਕੋਂ ਕੋ ਬੁਲਾਇਆ ਕਿ ਬਾਂਧੋ ਇਸ ਕੇ ਹਾਥ। ਯੇ ਬਦਮਾਸ਼ ਮੁਝੇ ਰੁਲਾ ਗਿਆ - ਸਾਲ ਭਰ ਤਕ, ਔਰ ਆਇਆ ਨਹੀਂ; ਨਿਕਾਲੋ ਰੋਟੀ। ਤਬ ਤਕ ਤੋ ਰੋਟੀ ਤਲਵਾਰ ਹੋ ਗਈ ਥੀ - ਸੂਖ ਕੇ; ਜ਼ਬਰਦਸਤੀ ਮੁਝੇ ਖਿਲਾਈ, ਮੇਰਾ ਮੂੰਹ ਲਹੂ ਲੁਹਾਨ ਹੋ ਗਿਆ। ਰੋਏ ਔਰ ਖਿਲਾਏ। ਮੈਨੇ ਕਹਾ, ਯੇ ਅੱਛੀ ਸਜ਼ਾ ਮਿਲੀ ਝੂਠ ਬੋਲਨੇ ਕੀ ਕਿ ਅਬੀ ਆਤੇ ਹੈਂ ਔਰ ਗਾਇਬ ਹੋ ਗਏ। ਸਾਲ ਭਰ ਬਾਦ ਆ ਰਹੇ ਹੋ ਤੁਮ। ਪਿਆਰ ਕੇ ਅਨੇਕ ਸਰੂਪ ਹੈਂ। ਸਭ ਸਰੂਪੋਂ ਮੇਂ ਜੋ ਕਿਸੀ ਕੋ ਘ੍ਰਿਣਾ ਕਰਤਾ ਹੈ, ਉਸ ਕੋ ਭੀ ਮੈਂ ਕਹਤਾ ਹੂੰ ਜਿਹ ਪਿਆਰ ਕਰਤਾ ਹੈ; ਜਾਨਤਾ ਨਹੀਂ ਹੈ ਪਿਆਰ ਕਰਨਾ, ਬਸ ਇਤਨੀ ਬਾਤ ਹੀ ਹੈ। ਕਿਸੀ ਸੇ ਦਵੈਸ਼ ਕਰਤਾ ਹੈ, ਨਿਰਬੁੱਧ ਹੈ, ਮੂਰਖ ਹੈ; ਯੇ ਭੀ ਉਸ ਕਾ ਪਿਆਰ ਹੈ। ਏਕ ਪਾਗਲ ਕਿਸੀ ਸੇ ਪਿਆਰ ਕਰਤਾ ਹੈ, ਏਕ ਦੁਸ਼ਟ ਕਿਸੀ ਸੇ ਪਿਆਰ ਕਰਤਾ ਹੈ, cobra (ਸਾਂਪ) ਕਿਸੀ ਕੋ ਪਿਆਰ ਕਰਤਾ ਹੈ ਤੋ ਜ਼ਹਿਰ ਦੇ ਸਕਤਾ ਹੈ। ਲੇਕਿਨ ਏਕ ਸੰਤ ਕਿਸੀ ਕੋ ਪਿਆਰ ਕਰੇਗਾ, ਤੋ ਅੰਮ੍ਰਿਤ ਹੀ ਤੋ ਦੇਗਾ। ਇਸ ਲੀਏ ਸਤਸੰਗ ਮੇਂ ਰਹਿ ਕਰ, ਨਿਰੰਤਰ ਸਤਸੰਗ ਮੇਂ ਰਹਿ ਕਰ, ਔਰ ਕੁਛ ਕਾਲ ਸੁਬਹ ਔਰ ਸ਼ਾਮ ਜਪ ਕਰਨਾ ਚਾਹੀਏ। ਯੇ ਆਪ ਅਜਮਾਅ ਲੀਜੀਏ ਕਿ ਆਪ ਕੋ ਕੋਈ ਅਵਸ਼ਕਤਾ ਨਹੀਂ ਇੱਛਾ ਕਰਨੇ ਕੀ ਕਿ ਹੇ ਭਗਵਾਨ! ਮੇਰੀ ਇੱਛਾ ਪੂਰੀ ਹੋ ਜਾਏ, ਤੇਰਾ ਏਕ ਹਜ਼ਾਰ ਜਪ ਕਰੂੰਗਾ, ਦਸ ਹਜ਼ਾਰ ਜਪ ਕਰੂੰਗਾ - ਐਸਾ ਕਭੀ ਨਹੀਂ ਕਰਨਾ। ਜਪ ਕਰਨਾ ਸ਼ੁਰੂ ਕਰੋ, ਸੁਤੇ ਹੀ ਸਭ ਠੀਕ ਹੋ ਜਾਏਗਾ। ਅਸੰਭਵ ਸੇ ਅਸੰਭਵ ਬਾਤੇਂ ਠੀਕ ਹੋ ਜਾਏਂਗੀ। ਤੋ ਮੈਨੇ ਆਪ ਸੇ ਕਹਾ ਕਿ 80% ਬਿਮਾਰੀਓਂ ਕਾ ਇਲਾਜ world ਕੇ ਕਿਸੀ ਭੀ medical centre ਮੇਂ ਨਹੀਂ ਹੈ। ਕਿਤਨੇ ਹਸਪਤਾਲ ਖੁਲ੍ਹੇਂ; ਵੋ ਤੋ ਕੇਵਲ ਧਿਆਨ ਔਰ ਜਪ ਮੇਂ ਹੀ ਹੈ, ਦੂਸਰਾ ਕੋਈ ਇਲਾਜ ਨਹੀਂ ਹੈ। ਇਸ ਲੀਏ ਹਰੇਕ ਕੋ ਥੋੜੀ ਦੇਰ ਤਕ ਰੋਜ਼ therapeutic value (ਵੈਦਿਕ ਮੁਲਯ) ਕੇ ਲੀਏ ਹੀ ਸਹੀ; ਧਿਆਨ ਔਰ ਜਪ ਕਰਨਾ ਚਾਹੀਏ। ਮੇਰਾ ਬੇਟਾ ਡਾਕਟਰ, ਪੰਡਿਤ ਸਰਵਉਚ ਸੰਸਾਰ ਕਾ ਮਹਾਨ ਵਿਦਵਾਨ ਵਿਅਕਤੀ ਹੈ, ਆਪ ਕੇ ਸਾਮਨੇ ਆਇਆ ਹੈ। ਮੈਂ ਤੋ ਪੰਜਾਬੀ ਨਹੀਂ ਬੋਲ ਪਾਤਾ, ਯੇ ਪੰਜਾਬੀ ਮੇਂ ਬੋਲਤਾ ਹੈ। ਗੁਰੂ ਗ੍ਰੰਥ ਸਾਹਿਬ ਕਾ ਬਹੁਤ ਗਹਿਨ ਸਵੈ ਸਵਾਧਯ ਹੈ। ਮੇਰੀ ਇੱਛਾ ਹੈ ਕਿ ਡਾ. ਮਹਿੰਦਰ ਸਿੰਘ ਕੋ ਫਿਰ ਬੁਲਵਾਏਂ ਕਲ - ਜਬਰਦਸਤੀ, ਵੋ ਅੱਛਾ ਬੋਲਤਾ ਹੈ ਔਰ ਅੱਛਾ ਵਿਦਵਾਨ ਆਦਮੀ ਹੈ, ਔਰ ਸੰਤ ਜੀ ਕਾ ਤੋ ਮੁਝੇ ਮਾਲੂਮ ਹੀ ਨਹੀਂ ਥਾ, ਕਿ ਇਤਨਾ ਅੱਛਾ ਗਾਤੇ ਹੋ ਆਪ। ਵਹਾਂ ਤੋ medical college ਕੀ ਸਥਾਪਨਾ ਮੇਂ ਆਏ ਥੇ, ਵਹਾਂ ਤੋ ਗਾਇਆ ਨਹੀਂ। ਔਰ ਦੁਬਾਰਾ ਆਏਂਗੇ ਤੋ ਜ਼ਬਰਦਸਤੀ ਗਾਨਾ ਪੜੇਗਾ। ਹਮ ਭੀ ਗਾਤੇ ਹੈਂ - classical music; ਜਬ ਦੁਬਾਰਾ ਆਏਂਗੇ, ਹਮ ਗਾਏਂਗੇ।

-ਚਲਦਾ-

## ਮੇਰੇ ਸ੍ਰੀ ਦਸ਼ਮੇਸ਼ ਜੀ ਧੰਨ ਜਿਗਰਾ

*ਸ਼ਹਿਨਸ਼ਾਹ ਸਿਕੰਦਰ ਨੇ ਪੁਤ ਦੀ ਮੌਤ ਸੁਣ ਲਈ,*
*ਸੁਣਦੀ ਸਾਰ ਹੀ ਜਾਨ ਬੇਜਾਨ ਹੋ ਗਈ।*
*ਮੋਹਰਧਜ ਦੇ ਅੱਥਰੂ ਗਿਰ ਗਏ ਅੰਤ ਵੇਲੇ,*
*ਬੋਟੀ ਜਿਗਰ ਦੀ ਜਦੋਂ ਬਰਾਨ ਹੋ ਗਈ।*
*ਸੁਲੇਮਾਨ, ਯੂਸਫ, ਇਬਰਾਹੀਮ ਨੇ ਪੱਟੀਆਂ ਬੰਨ੍ਹ ਲਈਆਂ,*
*ਮੇਰੀ ਰਹਿੰਦੀ ਅਵਸਥਾ ਵੈਰਾਨ ਹੋ ਗਈ।*
*ਸ਼ਾਹ ਮਹੁੰਮਦ ਰਮਜਾਨ ਵੀ ਰੋ ਪਿਆ ਸੀ,*
*ਭਾਰੀ ਉਸ ਦੇ ਲਈ ਕੁਰਾਨ ਹੋ ਗਈ।*
*ਬੀਰ ਅਭਿਮੰਨੂ ਦੀ ਅਰਜਨ ਨੇ ਮੌਤ ਸੁਣ ਲਈ,*
*ਹੱਥੋਂ ਛੁਟ ਕਮਾਨ ਕਮਾਨ ਹੋ ਗਈ।*
*ਹਰੀ ਚੰਦਰ ਦੀ ਹਿੰਮਤ ਵੀ ਹਾਰ ਗਈ ਸੀ,*
*ਬੁਰੀ ਉਸ ਦੇ ਲਈ ਸ਼ਮਸ਼ਾਨ ਹੋ ਗਈ।*
*ਦਸਰਥ ਗਿਰ ਗਿਆ ਸੀ ਵੀਰੋ ਗਸ਼ ਖਾ ਕੇ,*
*ਜਦੋਂ ਅੱਖਾਂ ਤੋਂ ਦੂਰ ਸੰਤਾਨ ਹੋ ਗਈ।*
*ਮੇਰੇ ਸ੍ਰੀ ਦਸ਼ਮੇਸ਼ ਜੀ ਧੰਨ ਜਿਗਰਾ,*
*ਕੀਤੀ ਦਾਤੇ ਦੀ ਥੋਨੂੰ ਪ੍ਰਵਾਨ ਹੋ ਗਈ।*
*ਗੱਲਾਂ ਕਿਵੇਂ ਕਮਾਲ ਦੀਆਂ ਘੜ੍ਹੇ ਅਦਲੀ,*
*ਬਖਸ਼ਸ਼ ਗੁਰੂ ਦੀ ਇਸਨੂੰ ਵਰਦਾਨ ਹੋ ਗਈ।*

**ਨਸੀਬ ਸਿੰਘ 'ਅਦਲੀ'**
**ਰੋਹਤਕ**

# ਸਤਸੰਗਤਿ ਮਿਲੇ ਸੁ ਤਰਿਆ

*ਇੰਜ: ਜਸਵੰਤ ਸਿੰਘ 'ਸਿਆਣ'*

ਪ੍ਰਮੇਸ਼ਰ ਨੇ ਜੋ ਕੁਝ ਵੀ ਇਸ ਸੰਸਾਰ ਵਿਚ ਪੈਦਾ ਕੀਤਾ ਹੈ, ਕੁੱਲ ਤੱਤਾਂ ਦਾ ਸੁਮੇਲ ਹੈ। ਭਾਵ, ਕਿ ਕੁੱਲ ਤੱਤ ਮਿਲਕੇ ਇਕ ਨਵੀਂ ਚੀਜ਼ ਪੈਦਾ ਕਰਦੇ ਹਨ। ਮਨੁੱਖਾ ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਪਾਣੀ, ਹਾਈਡਰੋਜਨ ਅਤੇ ਆਕਸੀਜਨ ਦੇ ਸੰਜੋਗ ਤੋਂ ਪੈਦਾ ਹੁੰਦਾ ਹੈ ਅਤੇ ਅੱਗ, ਕਾਰਬਨ ਅਤੇ ਆਕਸੀਜਨ ਦੇ ਤੱਤਾਂ ਦਾ ਸੁਮੇਲ ਹੈ। ਕੁੱਲ ਤੱਤਾਂ ਦੀ ਦੂਸਰੇ ਤੱਤਾਂ ਨਾਲ 'ਸੰਗਤ' ਹੋਣ ਕਰਕੇ ਜੋ ਚੀਜ਼ ਉਤਪੰਨ ਹੁੰਦੀ ਹੈ, ਅਕਸਰ ਉਸਦੇ ਗੁਣ, ਮੂਲ ਤੱਤਾਂ ਤੋਂ ਵੱਖਰੇ ਹੁੰਦੇ ਹਨ। ਅਸੀਂ ਸੰਗਤ ਦੇ ਲਫਜ਼ੀ ਅਰਥਾਂ ਨੂੰ 'ਸਰੀਰਕ ਮੇਲ-ਮਿਲਾਪ' ਜਾਂ 'ਦਿਮਾਗੀ ਵਿਚਾਰ ਵਟਾਂਦਰਾ' ਪ੍ਰਗਟਾਉਣ ਲਈ ਹੀ ਵਰਤਦੇ ਹਾਂ। ਜਿਥੇ ਸਾਇੰਸ ਨੇ ਅਣੂਆਂ ਦੀ ਆਪਸੀ ਸੰਗਤ, ਭਾਵ ਮੇਲ-ਜੋਲ ਦੇ ਸਿਧਾਂਤ ਨੂੰ ਵਰਤ ਕੇ ਬਹੁਤ ਹੀ ਲਾਭਕਾਰੀ ਪ੍ਰਾਪਤੀਆਂ ਕੀਤੀਆਂ ਹਨ, ਓਥੇ ਮਨੁੱਖਤਾ ਦੇ ਵਿਨਾਸ਼ ਲਈ ਐਟਮ ਬੰਬ ਆਦਿ ਬਣਾ ਕੇ ਮਲੀਨ ਬੁੱਧੀ ਦਾ ਪ੍ਰਗਟਾਵਾ ਵੀ ਕੀਤਾ ਹੈ।

ਕੁਦਰਤ ਦੇ ਨਿਯਮ ਅਨੁਸਾਰ ਇਸ ਮਾਇਆ ਮੰਡਲ ਵਿਚ ਜੋ ਵੀ ਚੀਜ਼ ਹੋਂਦ ਵਿਚ ਆਈ ਹੈ, ਉਹ ਜਿੱਥੇ ਵੀ ਪਈ ਹੈ, ਆਪਣਾ ਪ੍ਰਭਾਵ ਛੱਡਦੀ ਹੈ। ਹਰ ਵਸਤੂ, ਹਰ ਜੀਵ ਦੇ ਅੰਦਰੋਂ ਅਦਿਖ-ਸੂਖਸ਼ਮ ਲਹਿਰਾਂ ਨਿਕਲਦੀਆਂ ਹਨ ਜੋ ਕਿ ਆਪਣੇ ਸੂਖਮ ਬਲ ਨਾਲ ਦੂਸਰੀਆਂ ਵਸਤਾਂ ਜਾਂ ਜੀਵਾਂ ਤੇ ਅਪਣਾ ਪ੍ਰਭਾਵ ਪਾਉਂਦੀਆਂ ਹਨ, ਜਿਸ ਵਿਚੋਂ ਨਿਕਲੀਆਂ ਲਹਿਰਾਂ ਵਧੇਰੇ 'ਤੀਖਣ ਹੋਣਗੀਆਂ।' ਉਹ ਕਮਜ਼ੋਰ ਲਹਿਰਾਂ ਵਾਲੀ ਵਸਤੂ ਜਾਂ ਪ੍ਰਾਣੀ ਤੇ ਅਪਣਾ ਪ੍ਰਭਾਵ ਪਾ ਲਏਗਾ। ਜਿੰਨਾਂ ਵੱਧ ਸਮਾਂ ਉਨ੍ਹਾਂ ਦੀ ਆਪਸੀ ਸੰਗਤ ਹੋਵੇਗੀ, ਓਨਾਂ ਵੱਧ ਪ੍ਰਭਾਵ ਕਮਜ਼ੋਰ ਲਹਿਰਾਂ ਵਾਲੀ ਵਸਤੂ, ਜਾਂ ਪ੍ਰਾਣੀ ਨੂੰ ਕਬੂਲਣਾ ਪਵੇਗਾ। ਕਈ ਵਾਰੀ ਤਾਂ ਅਜੇਹਾ ਹੁੰਦਾ ਹੈ ਕਿ ਦੋਨਾਂ ਵਿਚ ਕੋਈ ਅੰਤਰ ਹੀ ਨਹੀਂ ਰਹਿ ਜਾਂਦਾ। ਨਸ਼ਈ ਬੰਦਿਆਂ ਦੀ ਸੰਗਤ, ਚੰਗੇ ਭਲੇ ਮਨੁੱਖ ਨੂੰ ਨਸ਼ੇ ਦੀ ਆਦਤ ਪਾ ਦਿੰਦੀ ਹੈ। ਸ਼ਰਾਬੀਆਂ ਦੀ ਸੰਗਤ ਕਰਨ ਨਾਲ ਸ਼ਰਾਬ ਪੀਣ ਦੀ ਆਦਤ ਪੈ ਜਾਂਦੀ ਹੈ ਅਤੇ ਸਾਧੂਆਂ ਦੀ ਸੰਗਤ ਕਰਨ ਨਾਲ ਮਲੀਨ ਬੁੱਧੀ ਵਾਲਾ ਪ੍ਰਾਣੀ ਵੀ ਸਾਧੂ ਬਣ ਜਾਂਦਾ ਹੈ। ਜਿਹੋ ਜਿਹੀ ਸੰਗਤ ਕਿਸੇ ਨੂੰ ਪ੍ਰਾਪਤ ਹੋਵੇਗੀ, ਤੇਹੋ ਜਿਹਾ ਫਲ ਉਸਨੂੰ ਪ੍ਰਾਪਤ ਹੋਵੇਗਾ।

*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥* *ਪੰਨਾ - 1369*

ਜਦੋਂ ਤੋਂ ਅਸੀਂ 'ਹਉਮੈਂ' ਧਾਰਨ ਕਰਕੇ ਅਪਣੇ 'ਮੂਲ-ਤੱਤ' ਪ੍ਰਮੇਸ਼ਰ ਤੋਂ ਵੱਖ ਹੋ ਕੇ ਜੀਵ ਭਾਵ ਆਏ ਹਾਂ, ਓਦੋਂ ਤੋਂ ਹੀ ਚੰਗੇ ਮੰਦੇ ਕਰਮਾਂ ਨੂੰ 'ਅਪਨਾਉਣ' ਕਰਕੇ, ਅਤੇ ਉਨ੍ਹਾਂ ਦਾ ਫਲ ਭੋਗਣ ਲਈ ਜੰਮਦੇ ਮਰਦੇ ਅਤੇ ਦੁਖ-ਸੁਖ ਭੋਗਦੇ ਹਾਂ। ਇਸ ਤਰ੍ਹਾਂ ਜਨਮਾਂ ਜਨਮਾਂਤਰਾਂ ਦੀ ਇਹ ਮੈਲ ਸਾਡੇ ਅੰਤਸ਼ਕਰਣ ਵਿਚ ਜੰਮੀ ਪਈ ਹੈ ਤੇ ਇਹ ਕਾਲਾ ਸਿਆਹ ਹੋਇਆ ਪਿਆ ਹੈ।

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥* *ਪੰਨਾ - 651*

ਇਸ ਜਨਮਾਂ-ਜਨਮਾਂਤਰਾਂ ਦੀ ਮੈਲ ਨੂੰ ਲਾਹੁਣ ਲਈ ਪਾਤਸ਼ਾਹ ਦਾ ਫੁਰਮਾਨ ਹੈ -

*ਜਨਮ ਜਨਮ ਕੀ ਹਉਮੈ ਮਲੁ ਲਾਗੀ*
*ਮਿਲਿ ਸੰਗਤਿ ਮਲੁ ਲਹਿ ਜਾਵੈਗੋ॥* *ਪੰਨਾ - 1309*

ਇਸ ਹਉਮੈ ਰੂਪੀ ਮੈਲ ਨੂੰ ਲਾਹੁਣ ਲਈ ਸਤਿਸੰਗਤ ਰੂਪੀ ਸਰੋਵਰ ਵਿਚ ਚੁੱਭੀ ਲਾਉਣੀ ਹੀ ਅਤੀ ਆਵੱਸ਼ਕ ਹੈ। ਗੁਰਮਤਿ ਅਨੁਸਾਰ ਸਤਿਸੰਗਤ ਕੇਵਲ ਉਸ ਇਕੱਠ ਨੂੰ ਹੀ ਕਿਹਾ ਜਾ ਸਕਦਾ ਹੈ ਜਿਥੇ ਕਿ ਪ੍ਰਭੂ ਦੇ ਪਿਆਰੇ ਰਲ ਮਿਲ ਕੇ ਕੇਵਲ ਪ੍ਰਮੇਸ਼ਰ ਦੇ ਗੁਣ ਗਾਇਨ ਅਥਵਾ ਵਰਨਣ ਕਰਦੇ ਜਾਂ ਸੁਣਦੇ ਹੋਣ।

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥* *ਪੰਨਾ - 72*
*ਸਤ ਸੰਗਤਿ ਸਾਈ ਹਰਿ ਤੇਰੀ*
*ਜਿਤੁ ਹਰਿ ਕੀਰਤਿ ਹਰਿ ਸੁਨਣੇ॥* *ਪੰਨਾ - 1135*

ਸੋ ਪ੍ਰਭੂ-ਪ੍ਰੇਮ ਤੋਂ ਸੱਖਣੇ, ਮਾਇਆ ਦੇ ਰੰਗਾਂ ਵਿਚ ਰੰਗੇ ਹੋਏ ਮਨੁੱਖਾਂ ਦੇ ਇਕੱਠ ਨੂੰ, ਜਿੱਥੇ ਕਿ ਉਹ ਅਧਿਆਤਮਕਤਾ ਤੋਂ ਬਿਨਾਂ ਕੋਈ ਹੋਰ ਵਿਚਾਰ ਗੋਸ਼ਟੀ ਕਰਦੇ ਹੋਣ, ਸਤਿ ਸੰਗਤ ਨਹੀਂ ਕਿਹਾ ਜਾ ਸਕਦਾ ਕਿਉਂਕਿ ਨਾਮ ਤੋਂ ਹੀਣੇ ਬੰਦਿਆਂ ਨੂੰ ਗੁਰਬਾਣੀ ਅੰਦਰ 'ਮੁਰਦੇ' ਆਖਿਆ ਗਿਆ ਹੈ। ਕੇਵਲ ਉਹੀ ਮਨੁੱਖ 'ਜੀਵਤ' ਮੰਨੇ ਗਏ ਹਨ ਜਿੰਨ੍ਹਾਂ ਦੇ ਅੰਦਰ ਪ੍ਰਭੂ-ਪ੍ਰੇਮ ਦੀ ਰੌ ਚਲਦੀ ਹੈ ਤੇ ਪ੍ਰਮੇਸ਼ਰ ਦਾ ਪ੍ਰੇਮ ਉਨ੍ਹਾਂ ਦੇ ਹਿਰਦਿਆਂ ਵਿਚ ਵਸਿਆ ਹੋਇਆ ਹੈ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥* *ਪੰਨਾ - 142*

ਸੋ ਪ੍ਰਭੂ-ਪ੍ਰੇਮ ਤੋਂ ਸੱਖਣੇ, ਭਾਵ ਮੁਰਦਿਆਂ ਦੀ ਸੰਗਤ ਤੋਂ ਵਰਜਦੇ ਭਗਤ ਕਬੀਰ ਸਾਹਿਬ ਜੀ ਆਖ ਰਹੇ ਹਨ -

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਈਐ ਭਾਗਿ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥*
*ਪੰਨਾ - 1371*

ਸਤਿਗੁਰੂ ਰਾਮਦਾਸ ਜੀ ਮਹਾਰਾਜ ਦਾ ਪਾਵਨ ਬਚਨ ਹੈ ਕਿ ਹੇ ਮੇਰੇ ਮਨ! ਜੋ ਪ੍ਰਾਣੀ ਪ੍ਰਮੇਸ਼ਰ ਦਾ ਨਾਮ ਭੁਲਾ ਕੇ ਮਾਇਆ ਦੀ ਖੇਡ ਵਿਚ ਗੁਆਚ ਜਾਂਦੇ ਹਨ, ਉਨ੍ਹਾਂ ਨੂੰ ਜਮਾਂ ਨੇ ਆ ਕੇ ਗ੍ਰਸ ਲੈਣਾ ਹੈ, ਅਜੇਹੇ ਸਾਕਤ ਮਨੁੱਖ ਰੱਬ ਦੇ ਚੋਰ ਬਣ ਜਾਂਦੇ ਹਨ, ਤੂੰ ਅਜੇਹੇ ਮਨੁੱਖਾਂ ਦੇ ਭੁੱਲ ਕੇ ਵੀ ਨੇੜੇ ਨਾ ਢੁਕੀਂ -

*ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ*
*ਤੇ ਸਾਕਤ ਨਰ ਜਮਿ ਘੁਟੀਐ॥*
*ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ*
*ਮਨ ਤਿਨ ਕੈ ਨਿਕਟਿ ਨ ਭਿਟੀਐ॥ਪੰਨਾ - 170*

ਸਿਆਣਿਆਂ ਦਾ ਕਥਨ ਹੈ ਕਿ ਕਿਸੇ ਮਨੁੱਖ ਨੂੰ ਜਾਨਣ ਲਈ ਸਭ ਤੋਂ ਪਹਿਲਾਂ ਉਸਦੀ ਸੰਗਤ ਨੂੰ ਦੇਖੋ ਕਿ ਕਿਹੋ ਜਿਹੀ ਉਸਦੀ ਸੰਗਤ ਹੈ। ਕਿਉਂਕਿ ਮਨੁੱਖ ਜੋ ਕੁਝ ਵੀ ਹੈ, ਸੰਗਤ ਕਰਕੇ ਹੀ ਹੈ। ਸੋ ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਰ-ਬਾਰ ਇਹ ਬਚਨ ਆਉਂਦੇ ਹਨ ਕਿ ਹੇ ਪ੍ਰਾਣੀ, ਤੂੰ ਤੱਤ-ਬੇਤੇ ਸਾਧੂਆਂ, ਸੰਤਾਂ, ਭਗਤਾਂ ਅਤੇ ਗੁਰਮੁਖਾਂ ਦੀ ਸੰਗਤ ਵਿਚ ਹੀ ਰਿਹਾ ਕਰ ਕਿਉਂਕਿ ਇਨ੍ਹਾਂ ਦੇ

ਅੰਦਰ ਹਮੇਸ਼ਾ 'ਨਾਮ ਦੀ ਰੌ' ਚਲਦੀ ਰਹਿੰਦੀ ਹੈ। ਸੋ ਜੋ ਵੀ ਇਨ੍ਹਾਂ ਦਾ ਸੰਗ ਕਰੇਗਾ, ਉਹ ਵੀ ਇਨ੍ਹਾਂ ਵਾਂਗ ਹੀ ਪ੍ਰਭੂ-ਪ੍ਰੇਮ ਵਿਚ ਰੰਗਿਆ ਜਾਏਗਾ। ਪ੍ਰਭੂ ਦੇ ਪਿਆਰਿਆਂ ਦੀ ਸੰਗਤ ਕਰਨ ਨਾਲ 'ਜੀਵਨ-ਮੁਕਤੀ' ਪ੍ਰਾਪਤ ਹੋ ਜਾਏਗੀ, ਤੇ ਸਾਕਤਾਂ ਦੀ ਸੰਗਤ ਕਰਨ ਨਾਲ ਤੈਨੂੰ ਜਮਾਂ ਦੀ ਮਾਰ ਖਾਣੀ ਪਵੇਗੀ -

*ਕਾਹੂ ਕੀ ਸੰਗਤਿ ਮਿਲਿ ਜੀਵਨ ਮੁਕਤਿ ਹੋਇ॥*
*ਜਹੂ ਕੀ ਸੰਗਤਿ ਮਿਲਿ ਜਮਪੁਰਿ ਜਾਤ ਹੈ॥*

*ਭਾਈ ਗੁਰਦਾਸ ਜੀ*

ਸਾਧ ਸੰਗਤ, ਐਸਾ ਪਵਿੱਤਰ ਅਸਥਾਨ ਹੈ ਜਿਥੇ ਕਿ ਇਲਾਹੀ ਨੂਰ ਵਰਸਦਾ ਹੈ। ਇਸ ਨੂਰ ਵਿਚ ਐਸਾ ਚਾਨਣ ਹੁੰਦਾ ਹੈ ਜਿਸ ਵਿਚ ਕਿ ਮਨੁੱਖ ਨੂੰ 'ਆਪੇ' ਦੀ ਪਹਿਚਾਨ ਹੁੰਦੀ ਹੈ। ਇਹ ਚਾਨਣ ਲੱਖਾਂ ਸੂਰਜਾਂ ਤੇ ਚੰਦਰਮਾ ਤੋਂ ਵੀ ਜ਼ਿਆਦਾ ਤੇਜ਼ ਹੈ। ਇਸ ਚਾਨਣ ਦੀ ਕਿਰਣ ਸੂਰਜਾਂ ਦੇ ਪ੍ਰਕਾਸ਼ ਵਾਂਗੂ ਤਪਸ਼ ਨਹੀਂ ਦਿੰਦੀ ਬਲਕਿ ਠੰਢੀ-ਠਾਰ ਹੈ, ਜੋ ਕਿ ਤਪਦੇ ਹਿਰਦਿਆਂ ਨੂੰ ਸ਼ਾਂਤੀ ਬਖਸ਼ਣ ਵਾਲੀ ਹੈ। ਭਾਈ ਗੁਰਦਾਸ ਜੀ ਦਾ ਬਚਨ ਹੈ -

*ਸਾਧ ਸੰਗਤਿ ਅਸਥਾਨ ਜਗ ਮਗ ਨੂਰ ਹੈ॥*
*ਲਖ ਲਖ ਸਸੀਅਰ ਭਾਵ ਕਿਰਣਿ ਠਰੂਰ ਹੈ॥*

ਸਾਡੇ ਮਨਾਂ ਤੇ, ਮਾਇਆ ਦਾ ਡੂੰਘਾ ਪ੍ਰਭਾਵ ਹੋਣ ਕਰਕੇ ਕਈ ਵਾਰੀ ਖਿਆਲ ਉੱਠਦਾ ਹੈ ਕਿ ਪ੍ਰਭੂ ਦਾ ਨਾਮ ਹੀ ਜਪਣਾ ਹੈ, ਤਾਂ ਘਰ ਬੈਠ ਕੇ ਹੀ ਕਿਉਂ ਨਾ ਜਪੀ ਜਾਈਏ। ਸੰਗਤ ਵਿਚ ਜਾਣ ਲਈ ਮਾਇਆ ਅਤੇ ਸਮਾਂ ਆਦਿ ਖਰਚਣ ਦੀ ਕੀ ਲੋੜ ਹੈ? ਪਰ ਗੁਰੂ ਦੇ ਸਿੱਖ ਦੀ ਅਰਦਾਸ ਓਦੋਂ ਤਕ ਪੂਰੀ ਨਹੀਂ ਹੁੰਦੀ ਜਦੋਂ ਤਕ ਕਿ ਉਹ ਇਹ ਨਾ ਆਖ ਦੇਵੇ ਕਿ 'ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।" ਸੋ ਨਾਮ ਚਿੱਤ ਆਉਣ ਲਈ ਪਿਆਰਿਆਂ ਦੀ ਸੰਗਤ ਵਾਸਤੇ ਅਰਜੋਈ ਕੀਤੀ ਜਾਂਦੀ ਹੈ ਕਿਉਂਕਿ ਜਿਹੜੇ ਪਿਆਰੇ 'ਨਾਮ ਵਿਚ ਰੱਤੇ ਹੋਏ' ਹਨ ਉਨ੍ਹਾਂ ਦੇ ਅੰਦਰੋਂ ਨਿਕਲਣ ਵਾਲੀਆਂ ਅਦਿਖ-ਸੂਖਸ਼ਮ ਲਹਿਰਾਂ ਬੜੀਆਂ ਤੀਬਰ ਅਤੇ ਪ੍ਰਭਾਵਸ਼ਾਲੀ ਹੁੰਦੀਆਂ ਹਨ। ਪਰ ਸੰਗਤ ਵਿਚ ਤਾਂ ਅਨੇਕਾਂ ਹੀ ਐਸੇ 'ਪਿਆਰੇ' ਬੈਠੇ ਹੁੰਦੇ ਹਨ। ਸੋ ਸੰਗਤ ਵਿਚ ਇਨ੍ਹਾਂ ਦੇ ਇਕੱਠ ਕਾਰਣ ਕੁੱਲ ਮਿਲਾ ਕੇ ਸਮੁੱਚਾ ਅਸਰ ਬਹੁਤ ਹੀ ਪ੍ਰਭਾਵਸ਼ਾਲੀ ਹੁੰਦਾ ਹੈ ਤੇ ਮਾਇਆ ਦਾ ਗਲੇਫ ਧਾਰੀ ਬੈਠੇ ਪ੍ਰਾਣੀਆਂ ਦੇ ਅੰਦਰ ਵੀ ਨਾਮ ਦੀ ਲਹਿਰ ਜਾਗਰਤ ਹੋ ਜਾਂਦੀ ਹੈ। ਫਿਰ ਸੰਗਤ ਵਿਚ ਬੈਠਿਆਂ ਹਉਮੈ ਦੀ ਕਰੜੀ ਕੰਧ ਨੂੰ ਚੋਟ ਓਦੋਂ ਵੱਜਦੀ ਹੈ ਜਦੋਂ ਕਿ ਸਾਰੇ ਰਲ-ਮਿਲ ਬਿਨਾਂ ਕਿਸੇ ਭਿੰਨ-ਭੇਦ, ਜਾਤ-ਪਾਤ ਤੇ ਊਚ-ਨੀਚ ਦੇ ਸਮਾਨਤਾ ਨਾਲ ਇਕੱਠੇ ਬੈਠ ਕੇ ਮਾਲਕ ਦੀ ਯਾਦ ਵਿਚ ਜੁੜਦੇ ਹਨ। ਮਨ ਹੌਲੀ ਹੌਲੀ ਮਾਇਆ ਦੀ ਗਿਲਤਾਨੀ ਵਿਚੋਂ ਨਿਕਲ ਕੇ ਅਪਣੇ ਮੁਖ ਸੋਮੇ ਵੱਲ ਸਫਰ ਆਰੰਭ ਕਰ ਦਿੰਦਾ ਹੈ।

ਕੁਦਰਤ ਦਾ ਅਸੂਲ ਹੈ ਕਿ ਮਨੁੱਖ ਕਿਸੇ ਚੀਜ਼ ਦੇ ਅਸਰ ਨੂੰ 83 ਪ੍ਰਤੀਸ਼ਤ ਦੇਖ ਕੇ ਅਤੇ 14 ਪ੍ਰਤੀਸ਼ਤ ਸੁਣ ਕੇ ਕਬੂਲਦਾ ਹੈ। ਸੋ ਸੰਗਤ ਵਿਚ ਇਹ ਦੋਵੇਂ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਹਨ। ਇਸ ਲਈ ਸੰਗਤ ਵਿਚ ਉੱਚਰੀ ਕਥਾ ਕੀਰਤਨ ਤਥਾ ਵਿਖਿਆਨ ਦਾ ਅਸਰ ਸਾਡੇ ਮਨਾਂ ਦੀਆਂ ਗਹਿਰਾਈਆਂ ਤੱਕ ਜਾ ਪਹੁੰਚਦਾ ਹੈ ਤੇ ਸਾਡੇ ਜੀਵਨ ਦੀ ਕਾਇਆ ਹੀ ਬਦਲ ਜਾਂਦੀ ਹੈ। ਸਤਿਗੁਰਾਂ ਦਾ ਫੁਰਮਾਨ ਹੈ ਕਿ ਬਿਨਾਂ ਸਾਧ ਸੰਗਤ ਦੇ ਸੰਸਾਰ ਵਿਚ ਅਜ ਤੱਕ ਕੋਈ ਨਹੀਂ ਤਰ ਸਕਿਆ -

*ਖੋਜਤ ਖੋਜਤ ਸੁਨੀ ਇਹ ਸੋਇ॥*
*ਸਾਧ ਸੰਗਤਿ ਬਿਨੁ ਤਰਿਓ ਨ ਕੋਇ॥* *ਪੰਨਾ - 373*

ਸੋ ਸਾਧ ਸੰਗਤ ਤੋਂ ਬਿਨਾਂ ਸਾਡੇ ਮਨ ਅੰਦਰ ਪ੍ਰਭੂ-ਪ੍ਰੇਮ ਦੇ ਵਲਵਲੇ ਨਹੀਂ ਉਠ ਸਕਦੇ ਅਤੇ ਪ੍ਰੇਮ ਤੋਂ ਬਿਨਾਂ ਉਸਦੀ ਬੰਦਗੀ ਨਹੀਂ ਹੋ ਸਕਦੀ।

*ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ*
*ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥* *ਪੰਨਾ - 694*

ਗੁਰਮੁਖ ਪਿਆਰੇ, ਸੰਤ ਜਨ, ਪ੍ਰੇਮ ਰਸ ਵਿਚ ਖੀਵੇ, ਸ਼ਬਦਿ ਸੁਰਤਿ ਦੇ ਪਾਂਧੀ, ਜਿਨ੍ਹਾਂ ਦੇ ਅੰਦਰ ਨਾਮ ਦੀ ਜੋਤ ਜਗਣ ਕਰਕੇ ਗਿਆਨ ਦਾ ਪ੍ਰਕਾਸ਼ ਹੈ, ਸਾਡੇ ਅੰਤਸ਼ਕਰਣ ਦੇ ਬੁਝੇ ਹੋਏ ਦੀਵੇ ਨੂੰ ਜਗਾਉਣ ਦੇ ਸਮਰੱਥ ਹਨ। ਉਨ੍ਹਾਂ ਦੀ ਸੰਗਤ ਸਦਕਾ ਅਸੀਂ ਮੁਰਦਾ ਜੀਵ ਤੋਂ ਉੱਠ ਕੇ, ਮੁੜ ਜੀਵਨ ਵਾਲੇ ਬਣ ਕੇ ਪ੍ਰਮੇਸ਼ਰ ਦੀ ਦਰਗਾਹ ਵਿਚ ਕਬੂਲੇ ਜਾ ਸਕਦੇ ਹਾਂ। ਇਸੇ ਲਈ ਭਗਤ ਨਾਮਦੇਵ ਜੀ ਕਹਿੰਦੇ ਕਿ ਆ ਪ੍ਰੇਮੀਆਂ, ਤੈਨੂੰ ਮੰਗਣ ਦੀ ਜਾਂਚ ਸਖਾਵਾਂ; ਜੇ ਪ੍ਰਭੂ ਕੋਲੋਂ ਕੁਝ ਮੰਗਣਾਂ ਹੀ ਹੈ ਤਾਂ ਇਹ ਮੰਗ -

*ਐਸੀ ਮਾਂਗੁ ਗੋਬਿਦ ਤੇ॥*
*ਟਹਲ ਸੰਤਨ ਕੀ ਸੰਗੁ ਸਾਧੂ ਕਾ*
*ਹਰਿ ਨਾਮਾ ਜਪਿ ਪਰਮ ਗਤੇ॥* *ਪੰਨਾ - 1298*

ਜਿਥੇ ਦਿਮਾਗੀ ਪ੍ਰਚਾਰ ਦਾ ਅਸਰ ਛਿਨ-ਭੰਗਰ ਅਤੇ ਫੋਕਾ ਜਿਹਾ ਹੁੰਦਾ ਹੈ, ਉਥੇ ਨਾਮ ਵਿਚ ਰੰਗੇ ਮਸਤ ਅਲਬੇਲਿਆਂ, ਦਰਗਾਹੋਂ ਬਖਸ਼ੀਆਂ ਰੂਹਾਂ, ਉੱਚੇ-ਉੱਚੇ ਆਤਮਕ ਜੀਵਨ ਵਾਲਿਆਂ ਦੇ ਅਨੁਭਵੀ ਬਚਨਾਂ ਦਾ ਅਸਰ ਸਾਡੇ ਮਨ ਉਤੇ ਛਾਏ ਮਾਇਆ ਦੇ ਕਾਲੇ ਬੱਦਲ ਚੀਰ ਕੇ ਐਨਾ ਡੂੰਘਾ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ ਕਿ ਕਈ ਵਾਰੀ ਤਾਂ ਇਕੋ ਹੀ ਸਤਿਸੰਗ ਕੀਤਿਆਂ ਮਨੁੱਖ ਦੀ ਕਾਇਆਂ ਕਲਪ ਹੋ ਜਾਂਦੀ ਹੈ। ਕਬੀਰ ਸਾਹਿਬ ਕਹਿੰਦੇ ਨੇ ਕਿ ਹੇ ਪ੍ਰਾਣੀ, ਤੂੰ ਸਤਿਸੰਗ ਜ਼ਰੂਰ ਕਰ, ਭਾਵੇਂ ਥੋੜ੍ਹਾ ਸਮਾਂ ਹੀ ਤੈਨੂੰ ਪ੍ਰਾਪਤ ਹੋਵੇ -

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥*

*ਪੰਨਾ - 1377*

ਥੋੜ੍ਹਾ ਸਮਾਂ ਸੰਗਤ ਕਰਕੇ ਵੱਧ ਫਲ ਲੈਣ ਲਈ ਅਨੁਭਵੀ ਮਹਾਂਪੁਰਸ਼ਾਂ ਦਾ ਬਚਨ ਹੈ ਕਿ ਪ੍ਰਾਣੀ ਨੂੰ ਜਦੋਂ ਵੀ ਸਤਿਸੰਗਤ ਕਰਨ ਦਾ ਸਮਾਂ ਪ੍ਰਾਪਤ ਹੋਵੇ ਤਾਂ ਅਰਦਾਸ ਕਰੇ ਕਿ ਹੇ ਮਾਲਕ, ਕੋਈ ਵਿਘਨ ਨਾ ਲੱਗੇ। ਫਿਰ ਰਸਤੇ ਵਿਚ ਜਾਂਦਿਆਂ ਪ੍ਰਭੂ ਦਾ ਨਾਮ ਜਪਦਾ ਜਾਵੇ। ਸੰਗਤ ਵਿਚ ਪਹੁੰਚ ਕੇ ਜਿਥੇ ਥਾਂ ਮਿਲੇ, ਅਰਾਮ ਨਾਲ ਸਮਾਧੀ ਸਥਿਤ ਹੋ ਕੇ ਕੁਝ ਪ੍ਰਾਪਤ ਕਰਨ ਦੀ ਇੱਛਾ ਰੱਖਦਾ ਹੋਇਆ, ਉਚਾਰਣ ਕੀਤੇ ਬਚਨਾਂ ਨੂੰ ਸਤਿ ਕਰਕੇ ਮੰਨੇ ਅਤੇ ਹਿਰਦੇ ਵਿਚ ਧਾਰਨ ਕਰੇ। ਸੰਗਤ ਵਿਚ ਬੈਠ ਕੇ ਤਰਕ-ਬਤਰਕ ਤੋਂ ਦੂਰ ਰਹੇ ਤੇ ਜੱਜ ਬਣਕੇ ਨਾ ਬੈਠੇ। ਪ੍ਰੇਮ ਅਤੇ ਸ਼ਰਧਾ ਦੀ ਝੋਲੀ ਅੱਡ ਕੇ ਕੁਝ ਪ੍ਰਾਪਤ ਕਰਨ ਦੀ ਇੱਛਾ ਰੱਖੇ। ਇਸ ਤਰ੍ਹਾਂ ਸਤਿਸੰਗ ਕਰਨ ਨਾਲ ਮਹਾਰਾਜ ਕਹਿੰਦੇ ਕਿ ਕਈ ਅਸ੍ਵਮੇਧ ਜੱਗਾਂ ਦੇ ਫਲ ਤੋਂ ਵੱਧ ਫਲ ਪ੍ਰਾਪਤ ਹੋਏਗਾ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*

*ਪੰਨਾ - 546*

ਇਕ ਮਿਥਿਹਾਸਕ ਕਥਾ ਅਨੁਸਾਰ ਤਾਰਾ ਰਾਣੀ ਦੇ ਪਤੀ, ਰਾਜਾ ਹਰੀ ਚੰਦ ਨੂੰ ਇਕ ਦਿਨ ਸੁਪਨਾ ਆਇਆ ਕਿ ਬਹਿਸ਼ਤ ਵਿਚ ਇਕ ਸੋਨੇ ਦਾ ਬਹੁਤ ਵੱਡਾ ਮਹੱਲ ਉਸਰ ਰਿਹਾ ਹੈ। ਰਾਜੇ ਨੇ ਪੁੱਛਿਆ ਕਿ ਇਹ ਮਹਿਲ ਕਿਸ ਦੇ ਲਈ ਬਣ ਰਿਹਾ ਹੈ ਤਾਂ ਜਵਾਬ ਮਿਲਿਆ ਕਿ ਮਾਤਲੋਕ ਵਿਚ ਇਕ ਤਾਰਾ ਨਾਂ ਦੀ ਰਾਣੀ ਹੈ ਜੋ ਕਿ ਮਨ ਕਰਕੇ ਸਤਿਸੰਗ ਕਰਦੀ ਹੈ; ਉਸਦੇ ਲਈ ਬਣ ਰਿਹਾ ਹੈ। ਤਦ ਰਾਜਾ ਹਰੀ ਚੰਦ ਬੋਲਿਆ ਕਿ ਮੈਂ ਉਸਦਾ ਪਤੀ ਹਾਂ। ਮੇਰੇ ਰੱਥ ਅੱਗੇ 16 ਘੋੜੇ ਜੁੜਦੇ ਹਨ, ਤੁਸੀਂ ਇਸ ਮਹਿਲ ਦੇ ਦਰਵਾਜ਼ੇ ਵੱਡੇ ਵੱਡੇ ਰੱਖੋ ਤਾਂ ਕਿ ਮੇਰਾ ਰਥ ਅੰਦਰ ਲੰਘ ਜਾਏ। ਪਰ ਜਵਾਬ ਮਿਲਿਆ ਕਿ ਐਥੇ ਤਾਂ ਕਿਸੇ ਦੇ ਨਾਲ ਕੋਈ ਨਹੀਂ ਆਉਂਦਾ। ਆਪੋ ਅਪਣੀ ਕਰਨੀ ਦਾ ਫਲ ਖੁਦ ਹੀ ਭੋਗਣਾ ਪੈਂਦਾ ਹੈ। ਸੰਸਾਰਕ ਰਿਸ਼ਤਿਆਂ ਦਾ ਇਥੇ ਕੋਈ ਮਤਲਬ ਨਹੀਂ ਹੈ। ਇਹ ਆਖ ਕੇ ਉਸਨੂੰ ਜਦੋਂ ਉਥੋਂ ਧੱਕਾ ਦੇ ਕੇ ਥੱਲੇ ਸੁਟਿਆ ਤਾਂ ਉਸਦੀ ਅੱਖ ਖੁੱਲ੍ਹ ਗਈ। ਫਿਰ ਆਪਣੀ ਰਾਣੀ ਤਾਰਾ ਵਾਰੇ ਪਤਾ ਕੀਤਾ। ਪਿਛੇ ਚਲਕੇ ਸੰਗਤ ਵਿਚ ਪੁੱਜਿਆ। ਖੜਾਮ ਉਠਾ ਲਈ। ਸੰਗਤ ਨੇ ਅਰਦਾਸ ਕੀਤੀ, ਨਵੀਂ ਖੜਾਮ ਮਿਲ ਗਈ। ਇਸ ਕੌਤਕ ਨੂੰ ਤੱਕ ਕੇ ਪੂਰਨ ਭਰੋਸਾ ਸਤਿ-ਸੰਗ ਦੇ ਮਹਾਤਮ ਤੇ ਆ ਗਿਆ ਅਤੇ ਰਾਣੀ ਨਾਲ ਸਤਿ-ਸੰਗ ਕਰਨ ਲਗਿਆ ਅਤੇ ਉਚੀ ਪਦਵੀ ਪ੍ਰਾਪਤ ਕੀਤੀ।

ਇਸ ਸੰਸਾਰ ਵਿਚ ਕੇਵਲ ਉਹੀ ਸਿਆਣੇ, ਸੂਝਵਾਨ, ਸੂਰਬੀਰ ਤੇ ਦਾਨੇ ਹਨ ਜਿਨਾਂ ਨੇ ਕੇਵਲ ਸਾਧਸੰਗਤ ਵਿਚ ਬੈਠ ਕੇ ਹਰੀ ਦੇ ਨਾਮ ਨੂੰ ਜਪਿਆ ਹੈ ਤੇ ਉਹ ਹੀ ਮਾਲਕ ਦੇ ਘਰ ਪ੍ਰਵਾਨ ਚੜ੍ਹਦੇ ਹਨ -

*ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ।।*
*ਸਾਧ ਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ।।*

*ਪੰਨਾ - 1221*

ਸਾਧ ਸੰਗਤ ਦੇ ਫਲ ਸਦਕਾ ਮਾਲਕ ਦੀ ਐਸੀ ਬਖਸ਼ਿਸ਼ ਹੁੰਦੀ ਹੈ ਕਿ ਪਿੰਗਲਾ ਪਰਬਤਾਂ ਤੇ ਚੜ੍ਹ ਸਕਦੈ, ਅੰਨ੍ਹੇ ਨੂੰ ਤਿੰਨ ਭਵਨਾਂ ਦੀ ਸੋਝੀ ਹੋ ਸਕਦੀ ਹੈ, ਮੂਰਖ ਆਦਮੀ ਚਤਰ ਸਿਆਣਾ ਬਣ ਸਕਦਾ ਹੈ। ਗੱਲ ਕੀ, ਗਨਕਾ ਵਰਗੇ ਕ੍ਰੋੜਾਂ ਘੋਰ ਅਪਰਾਧੀ ਵੀ ਸਾਧਸੰਗਤ ਸਦਕਾ ਸਹਿਜੇ ਹੀ ਇਸ ਸੰਸਾਰ ਸਮੁੰਦਰ ਨੂੰ ਪਾਰ ਕਰ ਗਏ ਹਨ। ਤਾਂਹੀਓਂ ਤੇ ਪੰਚਮ ਪਾਤਸ਼ਾਹ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਇਹ ਬਚਨ ਉਚਾਰਨ ਕੀਤੇ ਹਨ -

*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ।।*

*ਪੰਨਾ - 10*

# ਪ੍ਰਸ਼ਨ - ਉੱਤਰ

**ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਮਿਤੀ 18-3-95 ਨੂੰ ਹੋਲੇ ਮਹੱਲੇ ਦੇ ਸ਼ੁਭ ਅਵਸਰ ਤੇ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਕੀਰਤਨ ਉਪਰੰਤ ਜਗਿਆਸੂਆਂ ਵੱਲੋਂ ਕੀਤੇ ਗਏ ਪ੍ਰਸ਼ਨਾਂ ਦੇ ਉਤਰ -**

**ਪ੍ਰਸ਼ਨ - ਸ੍ਰੀ ਭੈਣੀ ਸਾਹਿਬ ਹੋਲੇ ਮਹੱਲੇ ਤੇ ਇਕ ਘੰਟਾ ਕੀਰਤਨ ਕੀਤਾ, ਉਸ ਦਾ ਸੰਗਤ ਉੱਤੇ ਕੀ ਪ੍ਰਭਾਵ ਪਿਆ? (ਇਹ ਸਵਾਲ ਮਿਸ਼ਨ ਦੇ ਬਾਨੀ ਤੇ ਮੁਖੀ ਸੰਤ ਬਾਬਾ ਵਰਿਆਮ ਸਿੰਘ ਜੀ ਨੂੰ ਡਾ. ਤਜਿੰਦਰ ਮਲਹੋਤਰਾ ਵਲੋਂ ਕੀਤਾ ਗਿਆ)।**

ਉਤਰ - ਗੁਰਬਾਣੀ ਦੇ ਸਿਧਾਂਤ ਐਨੇ ਵਿਸ਼ਾਲ ਹਨ ਕਿ ਸਾਰੀ ਸ੍ਰਿਸ਼ਟੀ ਦੇ ਉੱਤੇ ਇਨ੍ਹਾਂ ਪਰਮ ਸਚਿਆਈਆਂ ਦਾ ਬਿਨਾਂ ਕਿਸੇ ਸੰਪ੍ਰਦਾਇ ਤੇ ਮਜ਼ਬੀ ਵਿਤਕਰਿਆਂ ਅਤੇ ਭੂਗੋਲਿਕ ਵੰਡਾਂ, ਦੇਸ਼ਾਂ, ਬੋਲੀਆਂ ਤੋਂ ਮਹਾਨ ਉਚਤਾ ਪ੍ਰਾਪਤ ਕਰਦਾ, ਸਭਨਾਂ ਨੂੰ ਰੂਹਾਨੀ ਸੂਝ ਬਖਸ਼ਦਾ, ਪੱਥ ਪ੍ਰਦਰਸ਼ਨ ਦਰਸਾਉਂਦਾ ਉਸੇ ਤਰ੍ਹਾਂ ਹੈ ਜਿਵੇਂ ਉਚਤਾ ਤੇ ਪ੍ਰਕਾਸ਼ ਕਰਦਾ ਸੂਰਜ ਸਾਰੀ ਪ੍ਰਿਥਵੀ ਨੂੰ ਜੀਵਨ ਬਖਸ਼ਦਾ ਹੈ। ਇਸ ਪ੍ਰਭਾਵ ਦੀ ਇਕ ਵੰਨਗੀ ਇਕ ਪੱਤ੍ਰ ਦੇ ਕੁਝ ਅੰਸ਼ਾਂ ਤੋਂ ਤੁਹਾਡੀ ਗਿਆਤ ਲਈ ਪ੍ਰਗਟ ਹੁੰਦੀ ਹੈ ਜੋ ਸੰਤ ਅਜੀਤ ਸਿੰਘ ਵੱਲੋਂ ਪ੍ਰੋ. ਗੁਰਦੇਵ ਸਿੰਘ ਨੂੰ, ਜੋ ਸਾਡੇ ਮਿਸ਼ਨ ਦੇ ਸੀਨੀਅਰ ਵਿਅਕਤੀ ਹਨ, ਨੂੰ ਮਿਲਿਆ ਹੈ ਤੇ ਮੈਨੂੰ ਵਿਖਾਇਆ ਗਿਆ ਹੈ।ਉਹ ਇਸ ਤਰ੍ਹਾਂ ਹੈ-'ਗੁਰੂ ਪਿਆਰੇ, ਸਵਾਰੇ ਵੀਰ ਜੀਓ, ਸੰਨਿਮਰ ਸਤਿਕਾਰ ਪ੍ਰਵਾਨ ਕਰਨਾ।

ਸਤਿਕਾਰਯੋਗ ਮਹਾਂਪੁਰਖਾਂ (ਸੰਤ ਬਾਬਾ ਵਰਿਆਮ ਸਿੰਘ ਜੀ) ਦੀ ਇਕ ਘੰਟੇ ਦੀ ਅੰਮ੍ਰਿਤ ਵਰਖਾ ਨੇ ਜਿਵੇਂ ਜਨਮਾਂ ਜਨਮਾਂਤਰਾਂ ਦੀ ਮੈਲ ਨੂੰ ਜੜ੍ਹਾਂ ਤੋਂ ਉਖੇੜ ਹੀ ਦਿਤਾ ਸੀ। ਸਵਰਗੀ ਸੁਖਾਂ ਦਾ ਅਨੁਭਵ ਮੈਂ ਹੀ ਨਹੀਂ, ਸਾਰੀ ਸੰਗਤ ਨੇ ਕੀਤਾ। ਬਾਬਾ ਜੀ ਦਾ ਇਕ-ਇਕ ਬਚਨ ਅੰਤਹਿਕਰਨ ਦੀਆਂ ਡੂੰਘਾਈਆਂ ਨੂੰ ਛੂਹੰਦਾ ਜਾ ਰਿਹਾ ਸੀ। ਇਵੇਂ ਮਾਨਸਿਕ ਅਵਸਥਾ ਸੀ ਜਿਵੇਂ ਸਭ ਗੁਆਚ ਹੀ ਗਏ ਹੋਈਏ, ਜਿਵੇਂ 'ਮੈਂ', ਹਉਮੈਂ ਪੰਡਾਲ ਤੋਂ ਬਾਹਰ ਭੱਜ ਰਹੀ ਹੋਵੇ। ਸਤਿਗੁਰੂ ਦਾ ਪਿਆਰ, ਸਤਿਗੁਰੂ ਦੀ ਪ੍ਰਤੀਤ, ਸਤਿਗੁਰੂ ਤੇ ਵਿਸ਼ਵਾਸ਼ ਦੀਆਂ ਕਰੂੰਬਲਾਂ ਸਬਜ਼ ਹੋ ਰਹੀਆਂ ਹੋਣ। ਸਤਿਗੁਰੂ ਕ੍ਰਿਪਾ ਕਰਨ, ਅਜਿਹੇ ਮੌਕੇ ਸਾਡੀ ਹਯਾਤੀ ਦਾ ਹਿੱਸਾ ਬਣ ਜਾਣ।

ਉਂਝ ਭਾਵੇਂ ਰੋਜ਼ਾਨਾ ਦੇ ਪ੍ਰੋਗਰਾਮ ਅਨੁਸਾਰ ਇਕ ਵਜੇ ਸਿਮਰਨ (ਨਿਤਨੇਮ ਦੀ ਸ਼ੁਰੂਆਤ) ਦੀ ਅਰਦਾਸ ਹੋਣੀ ਹੀ ਸੀ ਪਰ ਕਿਸੇ ਦਾ ਮਨ ਨਹੀਂ ਸੀ ਕਰਦਾ ਕਿ ਸਤਿਕਾਰ ਯੋਗ ਬਾਬਾ ਜੀ ਦਾ ਪ੍ਰੋਗਰਾਮ ਬੰਦ ਹੋਵੇ। ਸਿਮਰਨ ਦੀ ਅਰਦਾਸ ਤੋਂ ਬਾਅਦ ਜਦੋਂ ਸਤਿਗੁਰੂ ਜੀ ਨੇ ਤਕਰੀਬਨ 35,40 ਮਿੰਟ ਪ੍ਰਬਚਨ ਕੀਤੇ, ਉਹ ਵੀ ਸਤਿਕਾਰਯੋਗ ਬਾਬਾ ਜੀ ਪ੍ਰਤੀ ਪਿਆਰ ਸਤਿਕਾਰ ਦਾ ਪ੍ਰਗਟਾਵਾ ਹੀ ਸੀ। ਹਜ਼ੂਰ ਦੀ ਇੱਛਾ ਵੀ ਇਵੇਂ ਹੀ ਸੀ ਕਿ ਬਾਬਾ ਜੀ ਦਾ ਦੀਵਾਨ ਅੱਜ ਬੰਦ ਹੀ ਨਾ ਕਰਵਾਇਆ ਜਾਂਦਾ, ਪਰ ਕਿਉਂਕਿ ਹੋਲੇ ਦੇ ਸਮਾਗਮ ਦਾ ਅੰਤਿਮ ਦਿਨ ਸੀ, ਇਸ ਲਈ ਬਾਕੀ ਰੁਝੇਵੇਂ ਵੀ ਅਜ ਹੀ ਨਿਪਟਾਣੇ ਸਨ । ਸਤਿਗੁਰੂ ਜੀ ਨੇ ਕੁੱਲ ਦੇ ਪ੍ਰਬਚਨਾਂ ਵਿੱਚ ਸਤਿਕਾਰਯੋਗ ਬਾਬਾ ਜੀ ਦੇ ਹੀ ਬਚਨ ਕੀਤੇ। ਉਨ੍ਹਾਂ ਦੀ ਉਚੀ ਆਤਮਿਕ, ਅਧਿਆਤਮਕ ਤੇ ਰੂਹਾਨੀ ਦਸ਼ਾ ਬਾਰੇ ਵੀ ਇਵੇਂ ਲਗਦਾ ਸੀ ਜਿਵੇਂ ਇਹ ਦੋਵੇਂ ਸ਼ਖਸ਼ੀਅਤਾਂ ਇਕ ਹੀ ਹਨ; ਕੇਵਲ ਸਾਨੂੰ ਦੁਨਿਆਵੀ ਜੀਵਾਂ ਨੂੰ ਪਰਦੇ, ਭਰਮ ਵਿੱਚ ਰੱਖਿਆ ਹੋਇਆ ਹੈ।

ਮੇਰਾ ਮਨ ਬੜਾ ਕਰਦਾ ਸੀ ਕਿ ਬਾਬਾ ਜੀ ਨੂੰ 'ਜੀ ਆਇਆਂ' ਆਖਣ ਤੇ, ਅਸੀਂ ਕੁਝ ਹੋਰ ਉਚੇਚ ਕਰ ਸਕਦੇ ਪਰ ਕਿਉਂਕਿ ਪ੍ਰੋਗਰਾਮ ਨੂੰ ਅੰਤਮ ਦਿਨਾਂ ਵਿੱਚ ਹੀ ਉਲੀਕਿਆ ਗਿਆ ਸੀ, ਇਸ ਲਈ ਕੁਝ ਕਮਜ਼ੋਰੀਆਂ ਦਾ ਰਹਿ ਜਾਣਾ ਕੁਦਰਤੀ ਹੀ ਸੀ । ਅਜਿਹਾ ਜ਼ਰੂਰ ਕੁਝ ਵਾਪਰਿਆ ਹੋਵੇਗਾ। ਬਾਬਾ ਜੀ ਨੂੰ ਸਨਿਮਰ ਸਾਡੇ ਵਲੋਂ ਅਰਜ਼ ਕਰਨੀ ਕਿ ਮਹਾਂਪੁਰਖ ਸਾਡੀਆਂ ਕਮਜ਼ੋਰੀਆਂ ਨੂੰ ਅੱਖੋਂ ਪ੍ਰੋਖੇ ਕਰ, ਖਿਮਾ ਕਰਨ ਤੇ ਅਗਾਂਹ ਸੁਮੱਤ ਬਖਸ਼ਣ ਕਿ ਅਸੀਂ ਉਹ ਸਭ ਕੁਝ ਕਰ ਸਕੀਏ ਜੋ ਹੋਣਾ ਚਾਹੀਦਾ ਹੈ।

*ਲੜੀ ਜੋੜਨ ਲਈ, ਦੇਖੋ ਵਿਸਾਖੀ ਵਿਸ਼ੇਸ਼ ਅੰਕ, ਪੰਨਾ 35*

# ਜੀਵਨ ਮਨੋਰਥ

*ਸੰਤ ਵਰਿਆਮ ਸਿੰਘ ਜੀ,*
*ਮੁਖੀ ਤੇ ਬਾਨੀ, ਵਿ. ਗੁ. ਰੂ. ਮਿਸ਼ਨ*

ਸੋ ਮਹਾਰਾਜ ਕਹਿੰਦੇ, ਜਿਹਨੇ ਇਹ ਗੱਲ ਬੁਝ ਲਈ ਨਾ ਕਿ ਆਹ ਸਾਰਾ ਸੰਸਾਰ ਸਰਗੁਨ ਜਿਹੜੈ; ਇਹ ਵੀ ਤੇ ਨਿਰਗੁਨ ਬ੍ਰਹਮ, ਜਿਹੜਾ ਚੁਪ ਕਰਿਆ ਆਪਣੇ ਆਪ 'ਚ ਬੈਠਾ ਸੀ; ਇਹ ਦੋਇ ਇਕ ਨੇ। ਜਿਹਦੇ ਅੰਦਰ ਬੈਠ ਗਿਆ, ਓਹਦੇ ਅੰਦਰ ਨਾਮ ਵਸ ਗਿਆ। ਨਾਮ ਪ੍ਰਗਟ ਹੋ ਗਿਆ ਜਾਂ ਹੋਰ ਸੁਖਾਲਾ ਅੱਖਰ ਵਰਤ ਲਓ ਕਿ ਨਾਮ ਤਾਂ ਵਸਦਾ ਈ ਐ, ਲੇਕਿਨ ਪ੍ਰਗਟ ਹੋ ਗਿਆ, ਨਾਮ ਤਕ ਓਹਦੀ ਰੁਸਵਾਈ ਹੋ ਗਈ। ਗੁਰੂ ਗ੍ਰੰਥ ਸਾਹਿਬ ਦੇ 1430 ਪੰਨੇ ਵਿਚ ਨਾਮ-ਨਾਮ-ਨਾਮ, ਸ਼ਬਦ-ਸ਼ਬਦ-ਸ਼ਬਦ ਕਰੀ ਜਾਂਦੇ ਨੇ ਪਰ ਮਜ਼ਾਲ ਐ ਕਿ ਸਾਨੂੰ ਸਮਝ 'ਚ ਆ ਜਾਏ? ਉਥੇ ਦੇ ਉਥੇ ਈ ਰਹਿੰਦੇ ਆਂ, ਗੱਲ ਏ ਨਹੀਂ ਸਮਝਣ ਦਾ ਯਤਨ ਕਰਦੇ, ਹੋਰ ਏ ਗੱਲਾਂ 'ਚ ਉਲਝ ਗਏ, ਸਾਧਸੰਗਤ ਜੀ। ਕਹਿੰਦੇ, ਜੇ ਸੱਚ ਬੋਲੀਏ ਤਾਂ ਭਾਂਬੜ ਮੱਚਣ ਲਗ ਜਾਂਦੇ ਨੇ। ਚੁਪ ਕਰੇ ਤੇ ਈ ਗੁਜ਼ਾਰਾ ਹੁੰਦੈ। ਮਹਾਰਾਜ ਕਹਿੰਦੇ, ਨਾ-ਨਾ, ਉਚੀ ਨਾ ਬੋਲੀਂ।

*ਊਚਾ ਨਹੀ ਕਹਣਾ ਮਨ ਮਹਿ ਰਹਣਾ॥ ਪੰਨਾ - 580*

ਡੰਡੇ ਮਾਰਨਗੇ। ਇੱਟਾਂ ਮਾਰਨੀਆਂ ਸ਼ੁਰੂ ਕਰ ਦੇਣਗੇ। ਮਨਸੂਰ ਨੇ ਕਿਹਾ ਸੀ, ਸਭ ਇੱਟਾਂ ਮਾਰਨ ਲਗ ਗਏ ਉਹਦੇ - ਸੂਲੀ ਤੇ ਚਾੜ੍ਹ ਦਿਤਾ।

ਸ਼ਮਸ ਤਬਰੇਜ਼ ਨੇ ਕਿਹਾ ਸੀ; ਖੱਲ ਲਾਹ ਦਿਤੀ। ਸਮਝ ਨਾ ਆਈ ਉਨ੍ਹਾਂ ਨੂੰ ਕਿ ਉਹ ਗੱਲ ਕੀ ਕਹਿੰਦੈ? ਉਹ ਮਤਿ ਦੀ ਗੱਲ ਬੋਲ ਰਿਹੈ। ਉਹ ਕਹਿੰਦੇ, ਲਾਹੋ ਏਹਦੀ ਖੱਲ। ਇਹ ਤਾਂ ਗਲਤ ਗੱਲਾਂ ਕਰਦੈ। ਨਾਸਤਕ ਬਣਾ ਦਊ ਲੋਕਾਂ ਨੂੰ। ਉਹ ਸੱਤ ਦੀ ਗੱਲ ਨਹੀਂ ਕਿਸੇ ਨੇ ਸਮਝੀ। ਇਕ ਨੇ ਸਮਝੀ ਜਿਹਦਾ ਨਾਉਂ 'ਮੌਲਾਨਾ ਰੂਮ' ਸੀ। ਉਹ ਮੌਲਾਨਾ ਹੀ ਫ਼ਤਬੇ ਦੇਂਦਾ ਸੀ, ਲੇਕਿਨ ਉਹਨੇ ਗੱਲ ਸਮਝ ਲਈ। ਸੋ ਮਹਾਰਾਜ ਕਹਿੰਦੇ, ਜਿਹਨੇ ਇਹ ਗੱਲ ਸਮਝੀ ਲਈ, ਉਹਦੇ ਮਨ ਵਿਚ ਨਾਮ ਵਸ ਗਿਆ। ਜਿਹਦੇ ਮਨ 'ਚ ਨਾਮ ਵਸ ਗਿਆ, ਉਹਦੀ ਅਵਸਥਾ ਕੀ ਹੁੰਦੀ ਐ? ਉਹ ਆਪ ਵੀ ਤਰਦੈ, 101 ਕੁਲਾਂ ਦਾ ਉਧਾਰ ਕਰ ਦਿੰਦੈ -

*ਧਾਰਨਾ - ਆਪ ਤਰਦੈ ਤੇ ਕੁਲਾਂ ਨੂੰ ਤਾਰ ਦੇਵੇ,*
*ਜਿਨ੍ਹਾਂ ਦੇ ਮਨ ਰਾਮ ਵਸਿਆ -2, 2.*
*ਮੇਰੇ ਪਿਆਰੇ ਜਿਨ੍ਹਾਂ ਦੇ ਮਨ ਰਾਮ ਵਸਿਆ - 2, 2.*
*ਆਪ ਤਰਦੈ ਤੇ ਕੁਲਾਂ ਨੂੰ ਤਾਰ ਦੇਵੇ ..........- 2.*

ਨਾਮ ਦਾ ਵਸਣਾ - ਇਹ ਅਨੁਭਵ ਜਿਹਦਾ ਜਾਗ ਪਿਆ ਸਾਧਸੰਗਤ ਜੀ, ਉਹ ਆਪ ਏ ਨੀਂ ਤਰਦਾ, ਕੁਲਾਂ ਵੀ ਤਾਰ ਦਿੰਦੈ - 101 ਕੁਲ ਨੂੰ। ਚੌਵੀ ਦਾਦਕਿਆਂ ਦੀਆਂ, ਵੀਹ ਨਾਨਕਿਆਂ ਦੀਆਂ, ਸੋਲਾਂ - ਜਿਥੇ ਵਿਆਹਿਆ ਹੋਇਐ, ਬਾਰਾਂ - ਜਿਥੇ ਲੜਕਾ ਲੜਕੀ ਦੀ ਸ਼ਾਦੀ ਹੋਈ ਐ, ਗਿਆਰਾਂ - ਜਿਸ ਥਾਂ ਭੈਣ ਐ, ਅੱਠ - ਮਾਸੀ ਐ ਜਿਥੇ, ਨੌ - ਜਿਥੇ ਭੂਆ ਐ; ਇਕ ਸੌ ਇਕ ਕੁਲ ਦਾ ਉਧਾਰ ਕਰ ਦੇਂਦੈ। ਆਪ ਵੀ ਤਰਦੈ ਤੇ ਕੁਲਾਂ ਨੂੰ ਵੀ ਤਾਰ ਦੇਂਦੈ -

*ਨਿਰਗੁਣੁ ਸਰਗੁਣੁ ਆਪੇ ਸੋਈ॥*
*ਤਤੁ ਪਛਾਣੈ ਸੋ ਪੰਡਿਤੁ ਹੋਈ॥ ਪੰਨਾ - 128*

ਕਹਿੰਦੇ, ਅਸੀਂ ਪੜ੍ਹਿਆਂ ਹੋਇਆਂ ਨੂੰ ਪੰਡਿਤ ਨਹੀਂ ਕਹਿੰਦੇ। ਗਿਆਨੀ ਪਾਸ ਕਰ ਲਈ ਤਾਂ ਗਿਆਨੀ ਨਹੀਂ ਹੁੰਦਾ। ਪੰਡਿਤ ਉਹ ਹੈ ਜਿਹੜਾ ਤਿੰਨਾਂ ਗੁਣਾਂ ਦੀ ਪੰਡ ਉਤਾਰ ਕੇ ਪਰ੍ਹੇ ਮਾਰੇ, ਤੇ ਤੱਤ ਗਿਆਨ ਜਿਹਦੇ ਅੰਦਰ ਪ੍ਰਗਟ ਹੋ ਜਾਵੇ। ਉਹ ਕੀ ਕਰਦੈ? ਕਹਿੰਦੇ-

*ਆਪਿ ਤਰੈ ਸਗਲੇ ਕੁਲ ਤਾਰੈ*
*ਹਰਿ ਨਾਮੁ ਮੰਨਿ ਵਸਾਵਣਿਆ॥ ਪੰਨਾ - 128*
*ਜਿਹਦੇ ਮਨ ਵਿਚ ਨਾਮ ਵਸ ਗਿਆ।*

ਸੋ ਇਹ ਵਿਚਾਰ ਮੈਂ ਲੰਮੀ ਚੌੜੀ ਇਕ ਘੰਟੇ, ਦਸ ਮਿੰਟ ਦੀ ਇਸ ਕਰਕੇ ਕੀਤੀ ਐ ਤਾਂ ਕਿ ਸਾਨੂੰ ਗੱਲ ਸਮਝ ਆ ਜਾਏ ਕਿ ਸਾਡਾ ਸਫਰ ਕਿਥੋਂ ਸ਼ੁਰੂ ਹੋਇਐ? ਅਸੀਂ ਕਿਥੇ ਜਾਣੈ? ਜਿਹੜਾ ਅਸੀਂ ਕਹਿਨੇ ਆਂ ਨਾ ਕਿ ਰੱਬ ਨੂੰ ਮਿਲ ਲਓ, ਉਹ ਗੱਲ ਸਮਝਾਉਣੀ ਔਖੀ ਐ ਕਿ ਰੱਬ ਨੂੰ ਮਿਲਣਾ ਕੀ ਐ? ਤੁਸੀਂ ਆਪਣੀ back to source ਜਾਣੈ - ਜਿਥੋਂ ਆਏ ਓਂ, ਜਿਥੋਂ ਵਿਛੜੇ ਓਂ, ਉਥੇ ਈ ਪਹੁੰਚ। ਵਿਛੜ ਕੇ ਤੂੰ ਦੂਰ ਚਲਿਆ ਗਿਆ। ਹੁਣ ਪ੍ਰਮੇਸ਼ਵਰ ਨੇ ਰਚਨਾ ਤ੍ਰਿਗੁਣੀ ਰਚ ਦਿਤੀ ਤੇ ਇਹਦੇ ਵਿਚ ਅੰਡਜ, ਜੇਰਜ, ਸੇਤਜ, ਉਤਭੁਜ ਚਾਰੇ ਖਾਣੀਆਂ ਆ ਗਈਆਂ। ਕੁਛ ਤਾਂ ਅੰਡਿਆਂ ਤੋਂ ਪੈਦਾ ਹੋਏ, ਕੁਛ ਜੇਰ ਤੋਂ ਪੈਦਾ ਹੋਏ, ਕੁਝ ਗਰਮੀ ਤੋਂ ਪੈਦਾ ਹੋਈਆਂ ਚੀਜ਼ਾਂ, ਕੁਛ ਆਹ ਧਾਤਾਂ ਵਗੈਰਾਂ ਪੈਦਾ ਹੋਈਆਂ। ਚਾਰ ਇਹਦੇ ਵਿਚ ਬਾਣੀਆਂ ਆ ਗਈਆਂ - ਪਰਾ ਬਾਣੀ ਆ ਗਈ, ਪਸੰਤੀ ਬਾਣੀ ਆ ਗਈ, ਮਧਮਾ ਬਾਣੀ ਆ ਗਈ ਤੇ ਆਹ ਇਕ ਬੈਖਰੀ ਬਾਣੀ ਆ ਗਈ। ਇਹਦੇ ਵਿਚ ਅਨੇਕਾਂ ਜੀਵ-ਜੰਤੂ, ਅਨੇਕਾਂ ਜਿਨਸਾਂ ਦੇ ਜੀਵ ਪੈਦਾ ਹੋ ਗਏ। ਇਹ ਸਾਰੀ ਸ੍ਰਿਸ਼ਟੀ ਦੇ ਵਿਚੋਂ ਗਿਣਨ ਵਾਲਿਆਂ ਨੇ ਗਿਣੀ ਐਂ ਕਿ ਚੌਰਾਸੀ ਲੱਖ ਐ ਤੇ ਇਹਦੇ ਵਿਚੋਂ ਜਿਹੜੀ ਉਤਮ ਚੀਜ਼ ਐ-

*ਲਖ ਚਉਰਾਸੀਹ ਜੋਨਿ ਸਬਾਈ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ॥ ਪੰਨਾ -1075*

ਐਹ ਮਨੁੱਖ ਨੂੰ ਵਡਿਆਈ ਦੇ ਦਿਤੀ - ਪਾਰਬ੍ਰਹਮ ਪ੍ਰਮੇਸ਼ਰ ਨੇ। ਮਹਾਰਾਜ ਕਹਿੰਦੇ ਕਿ ਆਹ ਜਿਹੜੀ ਜੂਨ ਐ ਨਾ ਮਨੁੱਖ ਦੀ, ਇਹਨੂੰ ਸਾਰਿਆਂ ਦਾ ਸਰਦਾਰ ਬਣਾ ਦਿਉ ਤਾਂ -

*ਅਵਰ ਜੋਨਿ ਤੇਰੀ ਪਨਿਹਾਰੀ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ ਪੰਨਾ - 374*

ਬਾਕੀ ਜੂਨਾਂ ਜਿਹੜੀਐਂ, ਤੈਂ ਏਹਨਾਂ ਨੂੰ ਸਾਂਭਣੈਂ, ਤੈਂ ਏਹਨਾਂ ਦੀ ਰਖਸ਼ਾ ਕਰਨੀ ਐਂ। ਮਾਰ-ਮਾਰ, ਖਾ ਕੇ ਮੁਕਾ ਨਹੀਂ ਦੇਣੀਆਂ। ਤੈਨੂੰ ਰਾਜਾ ਬਣਾ ਦਿਤਾ, ਸਿਕਦਾਰ ਬਣਾ ਦਿਤਾ। ਵਿਉਂਤ ਤੋਂ ਕੰਮ ਲੈਣੈ ਤੈਂ। ਜਿਵੇਂ ਰਾਜਾ ਇਨਸਾਫ ਕਰਦੈ, ਐਂ ਇਨਸਾਫ ਕਰਨੈ ਤੈਂ, ਤੇ ਤੇਰੀ ਸਰਦਾਰੀ ਕਾਇਮ ਕਰ ਦਿਤੀ -

*ਮਾਣਸ ਕਉ ਪ੍ਰਭਿ ਦੀਈ ਵਡਿਆਈ॥ ਪੰਨਾ - 1075*

ਵੱਡੀ ਵਡਿਆਈ; ਆਹ ਜਿਹੜਾ ਸਰੀਰ ਐ ਨਾ ਸਾਡਾ - ਪੰਜਾਂ ਤੱਤਾਂ ਦਾ ਬਣਿਆ ਹੋਇਆ, ਤੁਰਦਾ ਫਿਰਦਾ; ਏਹਨੂੰ ਮਾਨਸ ਸਰੀਰ ਕਹਿੰਦੇ ਨੇ। ਮਾਨਸ ਹੋਰ ਚੀਜ਼ ਐ, ਸਰੀਰ ਹੋਰ ਚੀਜ਼ ਐ।

ਇਹ ਮਾਨਸ ਸਰੀਰ ਨੂੰ ਵਡਿਆਈ ਦੇ ਦਿਤੀ। ਕਿਉਂ ਦੇ ਦਿਤੀ? ਕਿਉਂਕਿ ਏਹਦੇ ਕੋਲ ਇੱਕ ਚੀਜ਼ ਵਾਧੂ ਹੈ - ਬਾਕੀਆਂ ਨਾਲੋਂ। ਮਨ ਉਨ੍ਹਾਂ ਕੋਲ ਵੀ ਐ। ਥੋੜ੍ਹੀ ਜਿਹੀ ਉਹਨਾਂ ਕੋਲ ਬੁੱਧੀ ਐ, ਮਾੜੀ ਜਿਹੀ। ਪਤਾ ਲੱਗ ਜਾਂਦੈ ਕਿ ਆਹ ਪਸ਼ੂ ਤਕੜਾ ਐ ਮੇਰੇ ਨਾਲੋਂ, ਮੈਨੂੰ ਮਾਰ ਦਊ, ਤੇ ਨੱਠ ਜਾਂਦੇ ਨੇ। ਪਤਾ ਲੱਗ ਜਾਂਦੈ ਕਿ ਸ਼ਿਕਾਰੀ ਮਾਰਨ ਆਇਐ, ਤੇ ਹੁਣ ਮੈਂ ਨੱਠ ਜਾਵਾਂ। ਫੇਰ ਉਹਨਾਂ ਕੋਲ ਚਿਤ ਜਿਹੜੇ, ਉਹ ਵੀ ਛੋਟਾ ਐ, ਸਾਡੇ ਵਰਗਾ ਨਹੀਂ। ਸਾਡੇ ਤਾਂ ਇਕ ਵਿਛੋੜਾ ਹੋ ਜਾਵੇ - ਧੀ-ਪੁੱਤ ਦਾ, ਸਾਰੀ ਜ਼ਿੰਦਗੀ ਨਹੀਂ ਭੁੱਲਦਾ। ਉਹ ਥੋੜਾ ਜਿਹਾ ਤਾਂ ਕਰਦੇ ਨੇ, ਦੱਸ ਪੰਦਰਾਂ ਦਿਨਾਂ ਬਾਦ ਉਹਨਾਂ ਨੂੰ ਭੁੱਲ ਜਾਂਦੈ - ਸਾਰਾ ਹੀ। ਏਸ ਤੋਂ ਬਾਦ ਇਕ ਚੀਜ਼ ਐ ਸਾਡੇ ਕੋਲ ਜਿਹੜੀ ਉਨ੍ਹਾਂ ਨਾਲੋਂ ਵੱਧ, ਤੇ ਬੜੀ ਭੈੜੀ ਐ। ਉਹ ਐ 'ਹਉਮੈ', 'ਮੈਂ'। ਉਹਨਾਂ 'ਚ ਹਉਮੈ ਨੀਂ ਹੈ। ਹਉਮੈ ਨਾ ਹੋਣ ਕਰਕੇ, ਕਰਮ ਦਾ ਫਲ ਉਨ੍ਹਾਂ ਨੂੰ ਨਹੀਂ ਲੱਗਦਾ। ਚਾਹੇ ਲੱਖ ਗਊ ਰੋਜ਼ ਮਾਰੀ ਜਾਏ, ਉਹਨੂੰ ਪਾਪ ਨਹੀਂ ਲੱਗਦਾ ਕਿਉਂਕਿ ਉਹ ਹਉਮੈ ਨਹੀਂ; ਸਹਿਜ ਵਿਚ ਮਾਰਦੈ - ਸਹਿਜ ਸੁਭਾਅ 'ਚ। ਉਹਦਾ ਕੋਈ purpose ਨੀਂ ਹੈ ਕਿ ਮੈਂ ਮਾਰ ਦੇਣੇ ਨੇ। ਬੰਦੇ ਦਾ ਹੁੰਦੈ ਕਿ ਮੈਂ ਫਲਾਣੇ ਦੇਸ਼ ਨੂੰ ਮਾਰ ਦੇਵਾਂ। ਉਹ 'ਮੈਂ' ਸਾਡੇ ਕੋਲ ਆ ਗਈ। 'ਮੈਂ' ਬੜੀ ਮਾੜੀ ਚੀਜ਼ ਐ, 'ਮੈਂ' ਨੇ ਸਾਨੂੰ ਫਸਾ ਦਿਤਾ। ਕਰਮ ਉਹ ਵੀ ਕਰਦੇ ਨੇ, ਕਰਮ ਅਸੀਂ ਵੀ ਕਰਦੇ ਆਂ, ਪਰ ਅਸੀਂ ਮੈਂ ਧਾਰ ਕੇ ਕਰਦੇ ਆਂ। ਅਸੀਂ ਫਸ ਗਏ। ਜੂਨਾਂ 'ਚ, ਫੇਰ ਅੱਗੇ ਨੂੰ travel ਕਰ ਲਿਆ। ਮਹਾਰਾਜ ਕਹਿੰਦੇ, ਤੂੰ ਆਪਣੀ ਵਡਿਆਈ ਨੂੰ ਸਮਝ। ਤੇਰੇ ਕੋਲ ਇਕ ਚੀਜ਼ ਵਾਹਿਗੁਰੂ ਨੇ ਵਾਧੂ ਦਿਤੀ ਐ, ਉਹ ਇਹ ਹੈ ਕਿ -

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥* ਪੰਨਾ - 1033

ਤੇਰੇ ਅੰਦਰ ਵਾਹਿਗੁਰੂ ਦਾ ਅਸਥਾਨ ਪ੍ਰਗਟ ਕੀਤਾ ਹੋਇਐ। ਵਾਹਿਗੁਰੂ ਰਹਿੰਦਾ ਤਾਂ ਉਹਨਾਂ ਦੇ ਅੰਦਰ ਵੀ ਐ ਪਰ ਉਥੇ ਅਸਥਾਨ ਪ੍ਰਗਟ ਨੀਂ ਹੈ। ਤੇਰੇ। ਤੇਰੇ ਅੰਦਰ ਪ੍ਰਗਟ ਐ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥* ਪੰਨਾ - 947

ਇਹ ਮਨੁੱਖ ਦੇ ਕੋਲ ਵਾਧੂ ਚੀਜ਼ ਐ। ਇਸ ਕਰਕੇ ਮਨੁੱਖ ਨੂੰ ਵਡਿਆਈ ਆਈ ਜਾਂਦੀ ਐ ਕਿ ਜੇ ਦਰਵਾਜ਼ਾ ਖੁਲ੍ਹ ਜਾਵੇ ਤਾਂ ਵਾਹਿਗੁਰੂ ਇਹਦੇ 'ਚ ਪ੍ਰਗਟ ਹੋ ਜਾਂਦੈ, ਨਾਮ ਪ੍ਰਗਟ ਹੋ ਜਾਂਦੈ, ਜਿਹੜਾ ਇਹਦੇ ਅੰਦਰ ਰੱਖਿਆ ਹੋਇਐ। ਲੇਕਿਨ ਦਰਵਾਜ਼ਾ ਬੰਦ ਐ, ਬਜਰ ਕਪਾਟ ਜੜੇ ਨੇ। ਕਹਿੰਦੇ -

*ਸਾਚਾ ਵਾਸਾ ਪੁਰਿ ਗਗਨੰਦਰਿ॥* ਪੰਨਾ - 1033

ਦੱਸ ਵੀ ਦਿਤੀ ਕਿ ਦਸਵੇਂ ਦੁਆਰ ਦੇ ਵਿਚ ਵਾਹਿਗੁਰੂ ਦਾ ਪ੍ਰਕਾਸ਼ ਹੈ - ਤੇਰੇ ਅੰਦਰ। ਕਹਿੰਦੇ, ਉਹ 'ਅਸਥਿਰੁ ਥਾਨੁ', ਨਿਰਮਲ ਐ - ਬਿਲਕੁਲ -

*ਆਪੇ ਆਪੁ ਉਪਾਇਦਾ॥* ਪੰਨਾ - 1033

ਸਦਾ ਨਿਰਮੈਲ ਐ - ਸਦਾ ਈ, ਕਦੇ ਮੈਲ ਨਹੀਂ ਉਥੇ ਲੱਗਦੀ। ਵਾਹਿਗੁਰੂ ਨੇ ਆਪੇ ਹੀ ਆਪਣਾ ਅਸਥਾਨ ਰੱਖ ਲਿਆ- ਏਸ ਸਰੀਰ ਦੇ ਅੰਦਰ। ਇਹ ਨੀਂ ਹੈ ਕਿ ਵਾਹਿਗੁਰੂ ਪੈਰ ਦੇ ਅੰਗੂਠੇ 'ਚ ਨਹੀਂ; ਸਾਰੇ ਈ ਐ - ਹਰ ਥਾਂ ਤੇ। ਲੇਕਿਨ ਜਿਵੇਂ ਦਰਵਾਜ਼ਾ ਰੱਖ ਲਈਦੈ ਨਾ! ਕੋਠੀ 'ਚ ਬੈਠ ਜਾਈਏ ਅਸੀਂ, ਤੇ ਕੋਠੀ ਦੇ ਵਿਚੋਂ ਇਕ ਦਰਵਾਜ਼ਾ ਖੋਲ੍ਹ ਕੇ ਰੱਖ ਲਈਏ, ਉਹ ਦਰਵਾਜ਼ਾ ਇਕੋ ਹੀ ਹੋਵੇ - ਉਹ ਦਰਵਾਜ਼ਾ ਰੱਖ ਲਿਆ ਵਾਹਿਗੁਰੂ ਨੇ - ਐਹ ਗੁਫਾ ਦੇ ਅੰਦਰ ਇਹਨੂੰ ਗੁਫਾ ਕਹਿੰਦੇ ਨੇ -

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥* ਪੰਨਾ - 1033

ਇਹਦੇ 'ਚ ਐਨੀਆਂ ਚੀਜ਼ਾਂ ਨੇ ਜਿਹੜੀਆਂ ਦੱਸੀਆਂ ਹੀ ਨਹੀਂ ਜਾਂਦੀਆਂ - ਐਨੀਆਂ ਸ਼ਕਤੀਆਂ ਦਾ ਭੰਡਾਰਾ ਪਿਐ - ਇਹਦੇ 'ਚ। ਜੇ explore (ਖੋਜ) ਕਰ ਲਓ - ਬੰਦਾ ਘਰੋਂ ਤੁਰੂਗਾ, ਤੇ ਏਥੇ ਪਤਾ ਲਗ ਜਾਊ ਕਿ ਹੁਣ ਬੱਸ ਚੜ੍ਹ ਰਿਹੈ, ਹੁਣ ਆ ਰਿਹੈ, ਹੁਣ ਉਹਦਾ ਇਰਾਦਾ ਆਹ ਹੈ, ਆਹ ਗੱਲ ਉਹਨੇ ਆ ਕੇ ਕਰਨੀ ਐਂ; ਪਹਿਲਾਂ ਈ ਪਤੈ ਕਿਉਂਕਿ ਉਹ ਚੀਜ਼ਾਂ ਪੈਦਾ ਹੁੰਦੀਆਂ ਨੇ - ਇਹਦੇ ਅੰਦਰ। ਨਾ ਮੇਹਨਤ ਕਰੇ, ਫੇਰ ਨਹੀਂ; ਫੇਰ ਉਹ ਲੰਘ ਜਾਂਦੀ ਐ। ਵਾਹਿਗੁਰੂ ਨੇ ਐਨਾ ਕੁਛ ਇਹਦੇ ਅੰਦਰ ਰੱਖਿਐ, ਕੋਈ ਹਿਸਾਬ ਈ ਨਹੀਂ -

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥* ਪੰਨਾ - 695

Science ਜਿਥੇ ਤਕ ਪਹੁੰਚੀ ਐ, ਉਹ ਸਾਰਾ ਸਾਡੇ ਅੰਦਰ ਐ। ਹਰੇਕ ਚੀਜ਼ ਅੰਦਰ ਐ, ਉਹ ਇਲੈਕਟ੍ਰਾਨ, ਪ੍ਰੋਟਾਨ, ਨਿਉਟ੍ਰਾਨ 'ਚ ਆਈ। ਉਹ ਸਾਡੇ body (ਸਰੀਰ) ਵਿਚ ਵੀ ਐ। ਉਸ ਤੋਂ ਬਾਦ ਉਹ energy 'ਚ ਆਈ - energy ਸਾਡੇ ਅੰਦਰ ਐ, ਨਾਮ ਦੀ energy. ਉਸ ਤੋਂ ਬਾਦ ਉਹ ਸ਼ਬਦ ਵਿਚ ਆਈ, ਉਹ ਸ਼ਬਦ ਸਾਡੇ ਅੰਦਰ ਐ। ਉਹ big-bang 'ਚ ਰੁੱਕ ਗਈ। ਅਸੀਂ ਅਗਾਹਾਂ ਤੁਰ ਪਏ। ਜੋ ਸਾਰਾ ਬ੍ਰਹਿਮੰਡ ਦੇ ਅੰਦਰ ਐ, ਜੋ ਅਸੂਲ, ਬ੍ਰਹਿਮੰਡ ਜਿੰਨਾਂ ਵੀ ਹੈ, ਉਹੀ ਅਸੂਲ ਇਹਦੇ ਇਕੱਲੇ-ਇਕੱਲੇ ਰੋਮ ਦੇ ਵਿਚ ਐ। ਸੋ ਮਹਾਰਾਜ ਕਹਿੰਦੇ, ਉਹ ਚੀਜ਼ ਐ -

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥* ਪੰਨਾ - 1033

ਗੁਰੂ ਦਾ ਸ਼ਬਦ ਮਿਲ ਜਾਵੇ, ਗੁਰੂ ਦੀ ਮਦਦ ਹੋ ਜਾਏ ਕਿਉਂਕਿ ਸ਼ਬਦ ਨੂੰ ਸ਼ਬਦ ਟੋਲ ਲਿਆ ਕਰਦੈ। ਬਾਹਰਲੇ ਸ਼ਬਦ ਨੇ ਅੰਦਰਲੇ ਸ਼ਬਦ ਨੂੰ ਫੜ ਲੈਣੈ ਜਾ ਕੇ। ਬਾਹਰਲਾ ਸ਼ਬਦ ਐ - ਗੁਰੂ ਕੋਲ। ਉਹ ਸ਼ਬਦ ਦੇ ਕੇ ਬਜਰ ਕਪਾਟਾਂ ਦੀ ਚਾਬੀ ਮਿਲ ਜਾਂਦੀ ਐ-

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥*
ਪੰਨਾ - 205

ਜਿੰਨਾਂ ਚਿਰ ਪੂਰੇ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ, ਉਨਾਂ ਚਿਰ ਉਹ ਚਾਬੀ ਨਹੀਂ ਮਿਲਦੀ, ਬਜਰ ਕਪਾਟ ਖੁਲ੍ਹਦੇ ਨੀਂ ਐ -

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*

*ਪੰਨਾ - 954*

ਫੇਰ ਕਹਿੰਦੇ -

*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥* *ਪੰਨਾ - 1033*

ਜਦੋਂ ਇਹ ਗੁਫਾ 'ਚ ਦਾਖਲ ਹੁੰਦੀ ਐ - 'ਸੁਰਤਿ'; ਸੁਰਤਿ ਤਾਂ ਸਾਡੀ ਫਿਰਦੀ ਐ ਬਾਹਰ ਬਾਹਰ। ਬਾਣੀ ਪੜ੍ਹ ਲੈਣੀ, 'ਗੁਰੂ ਗ੍ਰੰਥ ਸਾਹਿਬ ਜੀ' ਦੇ ਪਾਠ ਕਰ ਲੈਣੇ; ਬਹੁਤ ਏਥੇ ਰੁਕੇ ਪਏ ਨੇ, ਅਗਾਹਾਂ ਚਲਦੇ ਈ ਨਹੀਂ। ਬਾਣੀ ਕਹਿੰਦੀ ਕੀ ਐ?

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥* *ਪੰਨਾ - 262*
*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥* *ਪੰਨਾ - 262*

ਬਾਣੀ ਐਂ ਕਹਿੰਦੀ ਐ ਕਿ ਤੂੰ ਉਹਨੂੰ ਯਾਦ ਵਿਚ ਵਸਾ। ਜੇ ਅਸੀਂ ਏਹੀ ਪੜ੍ਹੀ ਜਾਈਏ, ਏਹੀ ਪੜ੍ਹੀ ਜਾਈਏ, ਫੇਰ ਸਿਆਣਿਆਂ ਤੋਂ ਪੁੱਛੋ ਕਿ ਗੱਲ ਪੂਰੀ ਹੋ ਗਈ ਕਿ ਨਹੀਂ? ਨੁਸਖਾ ਦੇ ਦਿਤਾ ਡਾਕਟਰ ਨੇ, ਨਾਲ ਵਿਧੀ ਲਿਖ ਦਿਤੀ, ਕਿ ਐਂ ਖਾ ਲਈਂ। ਉਹ ਨੁਸਖਾ ਈ ਪੜ੍ਹੀ ਜਾਂਦੈ, ਜ਼ਬਾਨੀ ਯਾਦ ਕਰ ਲਿਆ। ਉਹ ਬਿਮਾਰੀ ਦੂਰ ਹੋ ਜਾਊ ਕਿ ਰਹਿ ਜਾਊਗੀ? ਬਾਣੀ ਜਿਹੜੀ ਐ ਇਹ ਕਰਮ ਵਿਚ ਆਉਂਦੀ ਐ, ਕਰਮ ਤੋਂ ਅਗਾਹਾਂ ਉਪਾਸ਼ਨਾ ਹੈ। ਉਪਾਸ਼ਨਾ ਐ ਅੰਦਰ ਦੀ ਖੋਜ। ਅੰਦਰ ਦਾਖਲ ਹੋਣੈ - ਸੁਰਤਿ ਨੇ। ਸੁਰਤਿ ਨੇ ਦਾਖਲ ਹੋ ਕੇ ਮੰਜ਼ਿਲ ਦਰ ਮੰਜ਼ਿਲ ਆਪਣੇ ਅੰਦਰ ਸਫ਼ਰ ਤਹਿ ਕਰਨੈ। ਉਹਦੇ ਬਾਦ 'ਬਿਬੇਕ' ਮੰਡਲ ਦੇ ਵਿਚ ਪ੍ਰਵੇਸ਼ ਕਰਨੈ। ਬਿਬੇਕ ਮੰਡਲ ਵਿਚ ਗਿਆਨ ਨੇ ਉਦੈ ਹੋਣੈ। ਗਿਆਨ ਨੇ ਉਥੇ ਲੈ ਜਾਣੈ, ਜਿਥੋਂ ਮੈਂ ਸ਼ੁਰੂ ਕਰਿਆ ਸੀ - ਪਹਿਲਾਂ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*

*ਪੰਨਾ - 463*

ਉਹ ਗਿਆਨ ਤੋਂ ਬਿਨਾਂ ਨਹੀਂ ਜਾਣਾ, ਗਿਆਨ ਨੇ ਦ੍ਰਿੜ੍ਹ ਹੋਣੈ। ਉਹਨੂੰ ਆਤਮ ਚਿੰਤਨ ਕਹਿੰਦੇ ਨੇ। ਉਹਤੇ ਬਗੈਰ ਛੁਟਕਾਰਾ ਨਹੀਂ ਹੁੰਦਾ। ਜਦ ਦ੍ਰਿੜ੍ਹ ਹੋ ਗਿਆ, ਫੇਰ ਜੀਵਨ ਆਉਣੈ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥* *ਪੰਨਾ - 62*

ਮਹਾਰਾਜ ਕਹਿੰਦੇ ਇਹ ਚੀਜ਼ਾਂ ਤੇਰੇ ਅੰਦਰ ਐਂ -

*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥* *ਪੰਨਾ - 1033*

ਜਿਹਦੇ ਵਿਚ 'ਵਾਹਿਗੁਰੂ' ਵਸ ਗਿਆ, ਜਿਹਦੇ 'ਚ ਵਾਹਿਗੁਰੂ ਪ੍ਰਗਟ ਹੋ ਕੇ ਦੇਖ ਸਕਦੇ ਆਂ। ਇਹ ਕੋਈ ਆਪੇ ਕਥੀ ਹੋਈ ਗੱਲ ਨਹੀਂ ਕਿ ਮਨੁੱਖ ਦੇ ਹੱਥ 'ਚ ਗੱਲ ਆ ਗਈ, ਤੇ ਉਹਨੇ ਕਹਿ ਦਿਤਾ ਕਿ ਸਾਡਾ ਜਿਹੜਾ ਜਨਮ ਐ, ਸਭ ਤੋਂ ਵੱਡਾ ਐ। ਜੇ ਭਲਾ ਕੁੱਤਿਆਂ ਨੂੰ ਵੀ ਸਮਝ ਆ ਜਾਂਦੀ? ਕੁੱਤੇ ਕਹਿ ਦੇਂਦੇ ਸਾਡਾ ਜਨਮ ਤੁਹਾਡੇ ਨਾਲੋਂ ਵੀ ਵਧੀਐ। ਉਹਨਾਂ ਵਿਚ ਗੁਣ ਤਾਂ ਹੈਗੇ ਸਾਡੇ ਨਾਲੋਂ ਕਈ ਵਿਸ਼ੇਸ਼, ਪਰ ਜਨਮ ਵਧੀਆ ਨੀਂ ਹੈ ਕਿਉਂਕਿ ਸਾਡੇ ਸਰੀਰ ਦੇ ਅੰਦਰ ਵਾਸਾ ਹੈ - ਪ੍ਰਮੇਸ਼ਰ ਦਾ, ਜਿਥੋਂ ਪ੍ਰਗਟ ਹੋ ਸਕਦੈ। ਸੋ ਮਹਾਰਾਜ ਕਹਿੰਦੇ, ਇਹ ਵਡਿਆਈ ਤੈਨੂੰ ਦਿਤੀ ਐ।

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ॥* *ਪੰਨਾ - 1075*

ਇਹ ਜਿਹੜੀ ਦੇਹੀ ਐ; ਜਿੰਨੀ ਕਾਇਨਾਤ ਹੈ ਸਾਰੀ, ਜਿੰਨੀਆਂ ਸ੍ਰਿਸ਼ਟੀਆਂ ਨੇ; ਇਕ ਨਹੀਂ, ਕਰੋੜਾਂ ਸ੍ਰਿਸ਼ਟੀਆਂ - ਐਹ ਧਰਤੀ (earth-planet) ਤੇ ਵਾਹਿਗੁਰੂ ਨੇ ਐਸੀ ਕ੍ਰਿਪਾ ਕਰਕੇ ਇਕ ਜੂਨ ਪੈਦਾ ਕਰ ਦਿਤੀ। ਜਿਹਨੂੰ ਮਨੁੱਖ ਕਹਿੰਦੇ ਨੇ, ਮਾਨਸ ਕਹਿੰਦੇ ਨੇ, ਉਹ ਜਿਹੜੇ ਸੋਝੀ ਵਾਲੇ ਬੈਠੇ ਨੇ, ਦੇਵਤੇ ਬੈਠੇ ਨੇ - ਸਵਰਗ ਲੋਕ, ਇੰਦ੍ਰ ਲੋਕ, ਕਰਮਦੇਵ ਲੋਕ, ਅਜਾਨਦੇਵ ਲੋਕ, ਪਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ; ਉਥੇ ਤਕ ਦੇ ਦੇਵਤੇ wish ਕਰਦੇ ਨੇ -

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ, ਜਿਹੜੀ ਦੇਹੀ*
*ਨੂੰ, ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਉਹ ਦੇਹੀ ਤੈਨੂੰ ਮਿਲ ਗਈ, ਪਿਆਰਿਆ,*
*ਪਿਆਰਿਆ,*
*ਉਹ ਦੇਹੀ ਤੈਨੂੰ ਮਿਲ ਗਈ, ਜਿਹੜੀ ਦੇਹੀ ਨੂੰ - 2.*

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥*
*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥*
*ਅਬ ਨ ਭਜਸਿ ਭਜਸਿ ਕਬ ਭਾਈ॥*
*ਆਵੈ ਅੰਤੁ ਨ ਭਜਿਆ ਜਾਈ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ॥* *ਪੰਨਾ - 1159*

ਸੋ ਇਹ ਕੀਮਤੀ ਜਨਮ, ਜਿਹਦੇ 'ਚੋਂ ਅਸੀਂ ਵਾਹਿਗੁਰੂ ਨੂੰ ਦੇਖ ਸਕਦੇ ਹਾਂ, ਹੋਰ ਕੋਈ ਜਨਮ ਹੀ ਨਹੀਂ ਹੈ, ਜਿਹਦੇ 'ਚ ਸਾਨੂੰ ਵਾਹਿਗੁਰੂ ਦਿਸ ਜਾਵੇ। ਨਹੀਂ ਤਾਂ ਲਿਖ ਦੇਂਦੇ ਮਹਾਰਾਜ, ਕਿ ਜਦ ਤੂੰ ਸ਼ੇਰ ਬਣੇਗਾ ਤਾਂ ਦਿਸੂ, ਜਾਂ ਜਦ ਬਾਜ ਬਣੇਗਾ, ਤੈਨੂੰ ਜਦ ਵੀ ਦਿਸ ਜਾਊ। ਉਹ ਕਹਿੰਦੇ ਕੇਵਲ ਮਨੁੱਖਾ ਦੇਹੀ ਐ ਜਿਸਦੇ 'ਚ ਤੂੰ ਆਪਣੇ back to source ਸਕਦੈਂ। ਜੇ ਨਾ ਗਿਆ ਤਾਂ ਫੇਰ ਕਹਿੰਦੇ ਪਛਤਾਉਣਾ ਪੈ ਜਾਏਗਾ।

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ॥* *ਪੰਨਾ - 1075*

ਉਹ ਸੁਖਾਲਾ ਨਹੀਂ ਰਹਿਣਾ। ਜਿਹੜਾ ਚੂਕ ਗਿਆ ਇਸ ਪਉੜੀ ਤੋਂ, ਉਹ ਆਉਂਦਾ ਰਹੇਗਾ ਤੇ ਜਾਂਦਾ ਰਹੇਗਾ ਤੇ ਦੁੱਖ ਉਹਨੂੰ ਪ੍ਰਾਪਤ ਹੁੰਦੇ ਰਹਿਣਗੇ। ਸੋ ਮਨੁੱਖ ਨੂੰ ਪੂਰਾ ਅੰਤਸ਼ਕਰਣ ਮਿਲਿਆ ਹੋਇਐ। ਮੈਂ ਇਹ ਬੇਨਤੀ ਕਰਦਾ ਸੀ ਕਿ ਪਸ਼ੂਆਂ ਨੂੰ ਨਹੀਂ ਮਿਲਿਆ, ਉਹ ਵਿਚਾਰ-ਸ਼ਕਤੀ ਤੋਂ ਹੀਣੇ ਨੇ। ਬਾਕੀ ਜਿਹੜੀਆਂ ਉਹਨਾਂ 'ਚ ਹੋਰ ਆਦਤਾਂ ਨੇ - ਉਹ ਵੀ ਖਾਂਦੇ ਐਂ, ਅਸੀਂ ਵੀ ਖਾਂਦੇ ਆਂ; ਉਹ ਵੀ ਬੱਚੇ ਪੈਦਾ ਕਰਦੇ ਐਂ, ਅਸੀਂ ਵੀ ਕਰਦੇ ਆਂ; ਉਹ ਵੀ ਅਰਾਮ ਚਾਹੁੰਦੇ ਨੇ, ਅਸੀਂ ਵੀ ਅਰਾਮ ਚਾਹੁੰਨੇ ਆਂ; ਉਹ ਵੀ ਇਕ ਦੂਏ ਦਾ ਖੋਹ ਲੈਂਦੇ ਨੇ, ਅਸੀਂ ਵੀ ਇਕ ਦੂਏ ਦਾ ਖੋਹ ਲੈਂਦੇ ਆਂ। ਫੇਰ ਮਹਾਰਾਜ ਕਹਿੰਦੇ ਜੇ ਵਿਚਾਰ ਤੋਂ ਹੀਣਾ ਐਂ ਨਾ, ਤਾਂ ਤੇਰੇ ਅਰ ਪਸ਼ੂ ਦੇ ਵਿਚ ਕੋਈ ਵੀ ਫਰਕ ਨੀਂ ਹੈ। ਤੂੰ ਬਿਲਕੁਲ ਪਸ਼ੂ ਐਂ। ਏਸ ਤਰ੍ਹਾਂ ਫੁਰਮਾਨ ਕਰਦੇ ਨੇ।

*ਧਾਰਨਾ - ਆਵਨ ਆਏ ਸ੍ਰਿਸਟਿ ਮਹਿ - 2, 2.*
*ਬਿਨ ਬੂਝੇ ਪਸੁ ਢੋਰ, ਆਵਨ................-2*

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ।।*

*ਪੰਨਾ - 251*

ਕਹਿੰਦੇ, ਜੇ ਵਿਚਾਰ-ਸ਼ਕਤੀ ਨਹੀਂ ਹੈ - ਮਨੁੱਖ ਦੇ ਅੰਦਰ, ਤਾਂ ਪਸ਼ੂ ਅਰ ਉਹਦੇ ਵਿਚ ਕੋਈ ਫਰਕ ਨੀਂ ਹੈ। ਵਿਚਾਰ ਸ਼ਕਤੀ ਤਾਂ ਬਹੁਤ ਕਿਸਮ ਦੀ ਹੁੰਦੀ ਐ। ਕੋਈ ਮਕਾਨ ਬਣਾਉਣ ਜਾਣਦੈ, ਉਹਦੀ ਵਿਚਾਰ-ਸ਼ਕਤੀ ਇੰਜੀਨੀਅਰ ਦਾ ਕੰਮ ਕਰ ਦੇਂਦੀ ਐ; ਕੋਈ ਸਾਇੰਸ ਦਾ student ਐ, ਸਾਇੰਸ ਦੀਆਂ ਨਵੀਆਂ ਤੇ ਨਵੀਆਂ ਖੋਜਾਂ ਕੱਢ ਲਈਆਂ ਪਰ ਵਿਚਾਰ-ਸ਼ਕਤੀ ਫੇਰ ਵੀ ਨਹੀਂ। ਵਿਚਾਰ-ਸ਼ਕਤੀ ਉਹ ਹੁੰਦੀ ਐ ਕਿ ਮੈਂ ਇਹ ਸੰਸਾਰ 'ਚ ਆਇਆਂ, ਗੁਰੂ ਪੀਰ, ਮਹਾਂਪੁਰਸ਼ ਸਾਰੇ ਕਹਿੰਦੇ ਨੇ ਕਿ ਤੂੰ ਪਹਿਲਾਂ ਤੋਂ ਮਨੁੱਖ ਨਹੀਂ ਸੀ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ।।*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ।।*

*ਪੰਨਾ - 631*

ਤੇਰੀ ਵਾਰੀ ਆਈ ਹੋਈ ਐ, ਤੇ ਤੂੰ ਉਹਨੂੰ avail ਨਹੀਂ ਕਰ ਰਿਹਾ। ਏਸ ਤਰ੍ਹਾਂ ਫੁਰਮਾਨ ਕਰਦੇ ਨੇ ਮਹਾਰਾਜ -

*ਧਾਰਨਾ - ਇਹੋ ਤੇਰੀ ਵਾਰੀ ਐ, ਗੋਬਿੰਦ ਮਿਲਣੇ ਦੀ-2, 2.*

*ਭਈ ਪਰਾਪਤਿ ਮਾਨੁਖ ਦੇਹੁਰੀਆ।।*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।*
*ਅਵਰਿ ਕਾਜ ਤੇਰੈ ਕਿਤੈ ਨ ਕਾਮ।।*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।* *ਪੰਨਾ - 12*

ਕਹਿੰਦੇ, ਪਿਆਰਿਆ! ਵਾਰੀ ਆ ਗਈ ਘੁੰਮਦੇ-ਘੁੰਮਦੇ ਦੀ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ।।*

*ਪੰਨਾ - 631*

ਮਹਾਰਾਜ! ਮੈਂ ਪਹਿਲਾਂ ਕਿਥੇ ਸੀ? ਕਹਿੰਦੇ -

*ਕਈ ਜਨਮ ਭਏ ਕੀਟ ਪਤੰਗਾ।।*
*ਕਈ ਜਨਮ ਗਜ ਮੀਨ ਕੁਰੰਗਾ।।*
*ਕਈ ਜਨਮ ਪੰਖੀ ਸਰਪ ਹੋਇਓ।।*
*ਕਈ ਜਨਮ ਹੈਵਰ ਬ੍ਰਿਖ ਜੋਇਓ।।*
*ਮਿਲੁ ਜਗਦੀਸ ਮਿਲਨ ਕੀ ਬਰੀਆ।।*
*ਚਿਰੰਕਾਲ ਇਹ ਦੇਹ ਸੰਜਰੀਆ।।* *ਪੰਨਾ - 176*

ਐਵੇਂ ਨਾ ਸਮਝ ਕਿ ਮੈਂ ਮਨੁੱਖ ਆਂ, ਏਸ ਤੋਂ ਪਹਿਲਾਂ ਮੈਂ ਹੈ ਈ ਨਹੀਂ ਸੀਗਾ। ਏਸ ਤੋਂ ਪਹਿਲਾਂ ਵੀ ਸੀਗਾ, ਜਦ ਸਰੀਰ ਨਹੀਂ ਹੋਏਗਾ ਫੇਰ ਵੀ ਤੂੰ ਹੋਏਂਗਾ। ਤੇਰੇ ਸਰੀਰ ਦੇ ਵਿਚ, ਜਿਹੜਾ ਤੈਨੂੰ ਸਮਾਂ ਥੋੜਾ ਜਿਹਾ ਮਿਲਿਐ, ਇਹਦੇ ਵਿਚ ਯਤਨ ਤਾਂ ਕਰ। ਉਹ ਇਹ ਐ ਕਿ ਤੂੰ ਨਾਮ ਦੇ ਬਾਰੇ ਸਮਝ। ਨਾਮ ਦਾ ਭਜਨ ਕਰ, ਨਾਮ ਨੂੰ ਹਿਰਦੇ 'ਚ ਵਸਾ, ਨਾਮ ਨੂੰ ਧਿਆਨ ਵਿਚ ਲਿਆ, ਨਾਮ ਦੇ ਵਿਚ ਵਸ, ਨਾਮ ਦੇ ਵਿਚ ਪ੍ਰਵੇਸ਼ ਕਰ। ਕਹਿੰਦੇ, ਜਪ ਲੈ, ਏਸ ਤਰ੍ਹਾਂ ਫੁਰਮਾਨ ਕਰਦੇ ਨੇ।

*ਧਾਰਨਾ - ਭਜ ਲੈ ਹਰਿ ਨਾਮ ਨੂੰ,*
*ਸੰਤਾਂ ਨੂੰ ਮਿਲ ਕੇ ਪਿਆਰੇ - 2, 2.*
*ਸੰਤਾਂ ਨੂੰ ਮਿਲਕੇ ਪਿਆਰੇ, ਸੰਤਾਂ ਨੂੰ ਮਿਲਕੇ ਪਿਆਰੇ - 2*
*ਭਜਿ ਲੈ ਹਰਿ ਨਾਮ ਨੂੰ..................... -2*

*ਅਵਰਿ ਕਾਜ ਤੇਰੈ ਕਿਤੈ ਨ ਕਾਮ।।* *ਪੰਨਾ - 12*

ਗੁਰੂ ਨਾਨਕ ਬੋਲ ਰਹੇ ਨੇ ਕਿ ਪਿਆਰਿਓ! ਜਿਨ੍ਹਾਂ ਕੰਮਾਂ 'ਚ ਤੁਸੀਂ ਲੱਗੇ ਹੋਏ ਓਂ, ਉਹ ਕੌਡੀ ਦੇ ਮੁੱਲ ਦੇ ਨਹੀਂ ਹੈਗੇ। ਐਵੇਂ ਨਾ ਸਮਾਂ ਨਸ਼ਟ ਕਰੋ।

ਆਪਣੀਆਂ ਮਨਮਾਨੀਆਂ ਥਿਊਰੀਆਂ ਬਣਾ ਕੇ, ਮਨਮਾਨੀਆਂ ਗੱਲਾਂ ਸਾਹਮਣੇ ਲਿਆ ਕੇ ਨਾ ਸਮਾਂ ਬਰਬਾਦ ਕਰੋ। ਤੁਸੀਂ ਤਾਂ ਆਏ ਈ ਨਾਮ ਜਪਣ ਵਾਸਤੇ ਸੀ। ਸਮਾਂ ਲੰਘ ਜਾਣੈ, ਦੇਹ ਮੁੜ ਕੇ ਨਹੀਂ ਮਿਲਣੀ। ਕੀ ਕਰੋਗੇ? ਫੇਰ ਪਛਤਾਉਣਾ ਪੈਂਦੈ ਤੇ ਫੇਰ ਜਿਹੜੇ ਕੰਮ ਨੂੰ ਆਇਆ ਸੀ, ਉਹ ਕੰਮ ਤੈਂ ਕਰਿਆ ਨਾ?

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ।।*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ।।*

*ਪੰਨਾ - 1428*

ਫੇਰ ਦਰਗਾਹ 'ਚ ਖੜ੍ਹਿਆ ਚੀਕਾਂ ਮਾਰੇਂਗਾ। ਉਥੇ ਤਾਂ ਸਹਾਇਤਾ ਨਹੀਂ ਕਿਸੇ ਨੇ ਕਰਨੀ। ਪਛਤਾਉਣਾ ਈ ਪਛਤਾਉਣਾ ਪੱਲੇ ਰਹਿ ਜਾਏਗਾ।

*ਧਾਰਨਾ - ਜ਼ਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ -2, 2.*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ।।*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ।।*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ।।*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ।।*
*ਮਨਿ ਅੰਧੈ ਜਨਮੁ ਗਵਾਇਆ।।* *ਪੰਨਾ - 464*
*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ।।*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ।।*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ।।*
*ਝੂਠੇ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ।।*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ।।*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ।।*

*ਪੰਨਾ - 726*

ਪਛਤਾਉਣਾ ਪੱਲੇ ਪੈ ਜਾਏਗਾ। ਮਹਾਰਾਜ ਕਹਿੰਦੇ, ਜੇ ਤੇਰੇ ਵਿਚ ਸਮਝ ਆ ਗਈ ਤਾਂ ਹੁਣ ਤੋਂ ਹੀ ਵਾਹਿਗੁਰੂ ਨੂੰ ਯਾਦ ਕਰਨਾ ਸ਼ੁਰੂ ਕਰ ਦੇ। ਕੋਸ਼ਿਸ਼ ਕਰ, ਉਨ੍ਹਾਂ ਮਹਾਂਪੁਰਸ਼ਾਂ ਨੂੰ ਮਿਲ, ਜਿਨ੍ਹਾਂ ਦੇ ਹਿਰਦੇ ਵਿਚ ਹਰ ਵਕਤ ਨਿਰੰਕਾਰ ਦਾ ਵਾਸਾ ਹੈ -

*ਜਿਸ ਕੈ ਅੰਤਰਿ ਬਸੈ ਨਿਰੰਕਾਰੁ॥*
*ਤਿਸ ਕੀ ਸੀਖ ਤਰੈ ਸੰਸਾਰੁ॥* *ਪੰਨਾ - 269*

ਇਕ ਦੋ ਨਹੀਂ, ਉਹਦੀ ਸਿੱਖਿਆ ਨਾਲ ਸਾਰਾ ਸੰਸਾਰ ਤਰ ਜਾਂਦੈ ਕਿਉਂਕਿ ਉਹ ਓਥੋਂ ਬੋਲਦੈ - ਦੇਖ ਕੇ। ਆਹ ਕਿਤਾਬਾਂ ਕਤੂਬਾਂ 'ਚੋਂ ਨਹੀਂ ਬੋਲਦਾ। ਅਨੁਭਵ 'ਚੋਂ ਉਹਦੀ ਸੰਗਤ ਕਰ - *'ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥'* ਸਵਾਲ ਹੋਇਆ ਕਿ ਮਹਾਰਾਜ, ਸੁਣਦੇ ਆਂ, ਸਾਡਾ ਚਿਤ ਕਰਦੈ ਕਿ ਨਾਮ ਜਪੀਏ; ਫੈਸਲਾ ਕਰਦੇ ਆਂ ਕਿ ਹੁਣ ਨਹੀਂ ਨਾਮ ਜਪਣ ਤੇ ਹੱਟਣਾ। ਦਿਨ ਰਾਤ ਇਕ ਕਰ ਦੇਣੈ। ਪਰ ਹੋ ਕੀ ਜਾਂਦੈ ਸੱਚੇ ਪਾਤਸ਼ਾਹ - ਐਨਾ ਕੁਛ ਜਾਣਦੇ ਹੋਏ? ਫੇਰ ਤੁਸੀਂ ਇਹ ਵੀ ਫੁਰਮਾਨ ਕਰਦੇ ਓਂ ਕਿ 'ਮਾਤਾ ਕੇ ਉਦਰ ਮਹਿ' ਜਿਸ ਵਕਤ ਇਹਦਾ ਨਿਵਾਸ ਸੀ, ਉਸ ਵੇਲੇ ਪੁਠਾ ਲਟਕ ਕੇ ਤਪ ਕਰਦਾ ਸੀ -

*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥* *ਪੰਨਾ - 251*

ਇਹਨੂੰ ਤਾਂ ਕੋਈ ਝੁਠਲਾ ਨਹੀਂ ਸਕਦਾ। ਇਹ ਮਹਾਰਾਜ ਜਾਣਦੇ ਐਂ ਕਿ ਕਿਸ ਤਰ੍ਹਾਂ ਓਸ ਵੇਲੇ ਪ੍ਰਮੇਸ਼ਰ ਦੀ ਯਾਦ ਵਿਚ ਸੀਗਾ। ਜਿਹੜੇ scientific ਯੋਗੀ ਨੇ, ਉਹ ਜਾਣਦੇ ਨੇ ਕਿ ਇਹਦੀ ਜਿਹੜੀ ਸੁਰਤੀ ਸੀ, ਉਹ ਸੁਖਮਨਾ ਨਾੜੀ 'ਚ ਪ੍ਰਵੇਸ਼ ਕੀਤੀ ਹੋਈ ਸੀ। ਸੁਖਮਨਾ ਨਾੜੀ ਸਾਡੇ ਹੁਣ ਵੀ ਹੈਗੀ -

*ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥*
*ਪੰਨਾ - 974*

ਇਕ ਪਾਸੇ ਇੜਾ, ਇਕ ਪਾਸੇ ਪਿੰਗਲਾ ਐ, ਵਿਚਾਲੇ ਸੁਖਮਨਾ ਐ। ਸੁਖਮਨਾ ਨਾੜੀ ਦਾ ਜਿਹੜਾ ਮੂੰਹ ਐ, ਉਹ ਦਸਵੇਂ ਦੁਆਰ ਜਾ ਕੇ ਖੁਲ੍ਹਦੈ। ਇਹ ਦਸਵੇਂ ਦੁਆਰ ਦੇ ਵਿਚ, ਸੁੰਨ ਸਮਾਧ ਵਿਚ ਸੀਗਾ, ਪਰਮਅਨੰਦ ਦੇ ਵਿਚ ਪ੍ਰਮੇਸ਼ਰ ਦਾ ਇਹਨੂੰ ਗਿਆਨ ਸੀ, ਉਹਦੇ ਧਿਆਨ ਵਿਚ ਨਾਮ ਜਪਦਾ ਸੀ। ਅਸੀਂ ਤਾਂ ਐਂ ਕਹਿਣੈ ਕਿ ਨਾਮ ਜਪਦਾ ਸੀ। ਦੂਜੇ ਨੇ ਕਹਿਣੈ ਕਿ ਉਹਦੇ ਜੀਭ ਲੱਗੀ ਹੋਈ ਸੀ ਕਿ ਨਾਮ ਜਪਦਾ ਸੀ? ਉਹਨੂੰ ਕਿਵੇਂ ਪਤਾ ਲੱਗਿਆ? ਵਾਹਿਗੁਰੂ-ਵਾਹਿਗੁਰੂ - ਜਿਹਨੂੰ ਨਾਮ ਕਹਿੰਦੇ ਐਂ, ਉਹਦੇ 'ਚ ਸੁਰਤਿ ਲੱਗੀ ਹੋਈ ਸੀ। ਨਾਮ ਹੁੰਦੀ ਐ - ਧੁਨ, ਹੁਣ ਵੀ ਧੁਨ ਐ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥* *ਪੰਨਾ - 879*

*ਪ੍ਰਥਮ ਓਅੰਕਾਰ ਤਿਨ ਕਹਾ॥*
*ਸੋ ਧੁਨ ਪੂਰਿ ਜਗਤ ਮੋ ਰਹਾ॥*

*ਜਿਤੁ ਸਬਦਿ ਜਗਤੁ ਥੰਮਿ ਰਹਾਇਆ॥* *ਪੰਨਾ - 441*

ਉਹ ਸ਼ਬਦ, ਜਿਹਨੇ ਸਾਰੇ ਸੰਸਾਰ ਨੂੰ ਧਾਰਨ ਕਰਿਆ ਹੋਇਐ, ਦਸਵੇਂ ਦੁਆਰ ਵਿਚ ਪ੍ਰਗਟ ਐ। ਓਥੇ ਓਹਦੀ ਇਕਾਗਰਤਾ ਅਫੁਰ ਅਵਸਥਾ 'ਚ ਹੋ ਕੇ ਸੁਰਤ ਲੱਗੀ ਹੋਈ ਸੀ। ਉਸ ਧੁਨ ਦੇ ਨਾਲ ਇਹਦੀ ਸੁਰਤ ਲੱਗਣ ਕਰਕੇ ਇਹ ਪ੍ਰਮੇਸ਼ਰ ਦੇ ਵਿਚ ਰਹਿੰਦਾ ਸੀ - 'ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥' ਪਰ ਜਿਸ ਵਕਤ ਸੰਸਾਰ 'ਚ ਬਾਹਰ ਆਇਆਂ-

*ਉਰਝਿ ਪਰੇ ਜੋ ਛੋਡਿ ਛਡਾਨਾ॥* *ਪੰਨਾ - 251*

ਜਿਹੜੀਆਂ ਚੀਜ਼ਾਂ ਛੱਡਣੀਆਂ ਸੀ, ਉਹ ਸਾਰੀਆਂ ਦੇ ਵਿਚੇ ਈ ਉਲਝ ਗਿਆ -

*ਦੇਵਨਹਾਰੁ ਮਨਹਿ ਬਿਸਰਾਨਾ॥* *ਪੰਨਾ - 251*

ਕਹਿੰਦੇ, ਐਸਾ ਜਬਰਦਸਤ ਜਾਲ ਪੈ ਗਿਆ - ਇਹਦੇ ਉੱਤੇ ਕਿ ਇਹਨੂੰ ਕਿੰਨਾਂ ਈ ਸਮਝਾ ਲਓ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*
*ਪੰਨਾ - 1378*

ਮਜ਼ਾਲ ਐ, ਇਹਦਾ ਚਿਤ ਫਿਰ ਜਾਵੇ। ਮਹਾਰਾਜ ਸੱਚੇ ਪਾਤਸ਼ਾਹ! ਤੁਹਾਡੇ ਬਚਨ ਸੁਣ ਕੇ ਸਾਡੇ ਤਾਂ ਅੰਦਰ ਇਰਾਦਾ ਬਣਦਾ ਹੈ ਕਿ ਅਸੀਂ ਹੁਣ ਨਾਮ ਜਪੀਏ, ਹੁਣ ਸਵਾਸ-ਸਵਾਸ ਨਾਮ ਏ ਜਪਾਂਗੇ। ਕਿਉਂਕਿ ਤੁਸੀਂ ਕਹਿ ਦਿਤਾ ਕਿ - 'ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥' ਸਾਧੂਆਂ ਦੀ ਸੰਗਤ ਕਰ, ਉਹਦੇ ਵਿਚ ਕੇਵਲ ਨਾਮ ਦੀ ਬਾਤ ਸੁਣ, ਨਾਮ ਦਾ ਜਾਪ ਕਰ। ਨਾਮ ਦੇ ਵਿਚ ਨਿਵਾਸ ਕਰ। ਉਹਨਾਂ ਦੇ ਬਚਨਾਂ ਤੋਂ ਤੈਨੂੰ ਸੋਝੀ ਪੈ ਜਾਏਗੀ ਤੇ ਮਹਾਰਾਜ ਕਹਿੰਦੇ, ਤੈਨੂੰ ਯਾਦ ਵੀ ਕਰਾਉਂਨੇ ਆਂ ਪਿਆਰਿਆ! ਉਥੇ ਤਾਂ ਤੈਨੂੰ ਯਾਦ ਸੀ ਲੇਕਿਨ ਹੁਣ ਵੀ ਤੈਨੂੰ ਸਾਧੂ ਯਾਦ ਕਰਾਉਂਦੇ ਨੇ। ਬਾਰ ਬਾਰ ਅਵਾਜ਼ਾਂ ਦੇ ਕੇ - 'ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥ ਜੋ ਸੈਤਾਨਿ ਵੰਞਾਇਆ............॥' ਨਾਲ ਇਹ ਵੀ ਦੱਸਦੇ ਆਂ ਕਿ ਤੇਰੇ ਮਨ ਨੂੰ ਹਉਮੈ ਨੇ, ਸ਼ੈਤਾਨ ਨੇ ਕਾਬੂ ਕਰ ਲਿਆ - ignorance ਨੇ, ਅਵਿਦਿਆ ਨੇ, ਮਾਇਆ ਨੇ, ਤੇ ਉਹਦਾ ਇਕ ਤਰ੍ਹਾਂ ਦੇ ਨਾਲ ਜਾਲ ਪੈ ਗਿਆ। ਏਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਬੰਦਾ ਨਾਮ ਦੇ ਜਪਣ ਨੂੰ ਆਇਆ,*
*ਮਾਇਆ ਵਾਲਾ ਜਾਲ ਪੈ ਗਿਆ -2, 2.*

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥* *ਪੰਨਾ - 251*

ਪੈਦਾ ਹੁੰਦੇ ਸਾਰ ਮੋਹ ਲਿਆ - ਮਾਇਆ ਨੇ। ਮਾਇਆ ਕਹਿੰਦੇ ਕਿਹਨੂੰ ਨੇ? ਕਹਿੰਦੇ, ਜਿਹੜੀ ਅਸਲ ਨੂੰ ਨਕਲ ਬਣਾ ਦੇਵੇ, ਨਕਲ ਨੂੰ ਅਸਲ ਬਣਾ ਦੇਵੇ; ਚਲਦੀ ਚੀਜ਼ ਨੂੰ ਗੱਡੀ ਕਹੇਗਾ, ਗੱਡੀ ਨੂੰ ਚੱਕੀ ਕਹੇਗਾ। ਉਲਟਾ ਈ ਕੰਮ ਐ। ਚੱਕੀ ਧਰਤੀ ਤੇ ਹੁੰਦੀ ਐ, ਉਹਨੂੰ ਕਹਿੰਦੈ - ਚੱਕੀ। ਚੱਕੀ ਤਾਂ ਉਹ ਹੁੰਦੀ ਐ ਜਿਹੜੀ ਚੁੱਕੀ ਹੋਈ ਹੋਵੇ - ਸਿਰ ਤੇ। ਗੱਡੀ ਉਹ ਹੁੰਦੀ ਹੈ ਜਿਹੜੀ ਖੜ੍ਹੀ ਹੋਵੇ। ਕਬੀਰ ਸਾਹਿਬ ਲਿਖਦੇ ਐਂ ਕਿ ਚਲਦੀ ਚੀਜ਼ ਨੂੰ ਸੰਸਾਰ ਗੱਡੀ ਕਹਿੰਦੈ, ਗਾਡੀ ਕਹਿੰਦੈ। ਜਿਹੜੀ ਧਰਤੀ ਦੇ ਉੱਤੇ ਪਈ ਐ, ਉਹਨੂੰ ਚੱਕੀ ਕਹਿੰਦੈ। ਕਹਿੰਦੇ, ਆਹ ਮਾਇਆ ਦਾ ਹਿਸਾਬ ਐ - ਅਸਲ ਨੂੰ ਨਕਲ ਬਣਾ ਦੇਣਾ, ਨਕਲ ਨੂੰ ਅਸਲ ਬਣਾ ਦੇਣਾ ਤੇ ਪਤਾ ਨਾ ਲੱਗਣ ਦੇਣਾ।

--'ਚਲਦਾ'--

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਮਿਤੀ 7.11.1993 ਨੂੰ ਮੋਹਾਲੀ ਵਿਖੇ ਦਿਤਾ ਗਿਆ ਕੀਰਤਨ ਵਿਖਿਆਨ । (ਫਿਲਮ ਨੰ : 361) ਜੋ ਕਿ ਜਨ ਸਧਾਰਨ ਦੇ ਸਮਝ ਆਉਣ ਲਈ ਹੂਬ-ਹੂ ਉਤਾਰਾ ਕਰਕੇ ਦਿਤਾ ਗਿਆ ਹੈ।**

# ਅੰਮ੍ਰਿਤ : ਖਾਲਸਈ ਜੀਵਨ ਦਾ ਮੁੱਖ ਸਿਧਾਂਤ

*ਡਾ. ਜਗਜੀਤ ਸਿੰਘ*

ਅੰਮ੍ਰਿਤ ਉਹ ਵਸਤੂ ਹੈ ਜਿਸ ਦੀ ਪ੍ਰਾਪਤੀ ਨਾਲ ਮਨੁੱਖ ਮ੍ਰਿਤੂ-ਰਹਿਤ ਹੋ ਜਾਂਦਾ ਹੈ। ਮਨੁੱਖ ਦੀ ਬਣਤਰ ਆਤਮਾ ਅਤੇ ਸਰੀਰ ਦਾ ਸੁਮੇਲ ਹੈ ਪਰ ਆਤਮਾ ਅਦਿੱਖ ਹੈ, ਸਰੀਰ ਦਾ ਵਜੂਦ ਪ੍ਰਤੱਖ ਪ੍ਰਮਾਣਤ ਹੈ। ਇਸਦੇ ਕਰਮ-ਇੰਦਰੇ ਹਰ ਸਮੇਂ ਕਿਰਿਆਸ਼ੀਲ ਰਹਿੰਦੇ ਹਨ। ਇਸ ਲਈ ਇੰਜ ਲਗਦਾ ਹੈ ਜਿਵੇਂ ਸਰੀਰ ਦੀ ਕਿਰਿਆ ਹੀ ਅਸਲ ਜੀਵਨ ਹੈ। ਪਰ ਸਰੀਰ ਨੂੰ ਕਈਂ ਤਰ੍ਹਾਂ ਦੇ ਰੋਗ ਆ ਘੇਰਦੇ ਹਨ, ਸਰੀਰ ਦੁਰਘਟਨਾ ਗ੍ਰਸਤ ਵੀ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਇਹ ਕਿਸੇ ਸਮੇਂ ਵੀ ਬਿਨਸ ਸਕਦਾ ਹੈ। ਇਸਦਾ ਬਿਨਾਸ ਹੋਣਾ ਅਟੱਲ ਸਚਾਈ ਹੈ। ਇਸ ਤੱਥ ਨੂੰ ਇਹ ਕਥਨ ਪ੍ਰਗਟ ਕਰਦਾ ਹੈ - 'ਜੀਉਣਾ ਝੂਠ ਅਤੇ ਮਰਨਾ ਸੱਚ।' ਇਥੇ ਸਰੀਰਕ ਜੀਵਨ ਦੀ ਹੋਂਦ ਨੂੰ ਝੂਠ ਕਿਹਾ ਗਿਆ ਹੈ। ਮਨੁੱਖ ਦਾ ਸਭ ਤੋਂ ਵੱਡਾ ਡਰ ਹੀ ਸਰੀਰ ਦੇ ਖੁਰ ਜਾਣ ਦਾ ਡਰ ਹੈ। ਸਰੀਰਕ ਜੀਵਨ ਦੀ ਸਮੁੱਚੀ ਹੋਂਦ - ਜੰਮਣ, ਮਰਣ ਅਤੇ ਸੰਸਾਰ ਯਾਤਰਾ ਦੁੱਖਾਂ ਦੀ ਕਹਾਣੀ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ -

*ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ॥*
*ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ॥*
*ਦੁਖ ਕੀਆ ਪੰਡਾ ਖੁਲੀਆਂ ਸੁਖੁ ਨ ਨਿਕਲਿਓ ਕੋਇ॥*
*ਦੁਖ ਵਿਚ ਜੀਉ ਜਲਾਇਆ ਦੁਖੀਆ ਚਲਿਆ ਰੋਇ॥*
*ਪੰਨਾ - 1240*

ਮਨੁੱਖ ਦਾ ਸਾਰਾ ਜ਼ੋਰ ਸਰੀਰ ਨੂੰ ਅਰੋਗ ਰੱਖਣ ਅਤੇ ਇਸਨੂੰ ਦੁੱਖਾਂ, ਰੋਗਾਂ ਤੋਂ ਬਚਾਈ ਰਖਣ ਤੇ ਲਗਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਨੂੰ ਚਾਰ ਵੱਡੇ ਦੁਖ ਲਗੇ ਹੋਏ ਹਨ ਜੋ ਉਸਨੂੰ ਪ੍ਰੇਸ਼ਾਨ ਕਰਦੇ ਰਹਿੰਦੇ ਹਨ ਅਤੇ ਖਾਈ ਜਾ ਰਹੇ ਹਨ। ਉਹ ਦੁੱਖ ਇਹ ਹਨ:

*ਦੁਖੁ ਵੇਛੋੜਾ ਇਕੁ ਦੁਖੁ ਭੂਖ॥*
*ਇਕੁ ਦੁਖੁ ਸਕਤਵਾਰ ਜਮਦੂਤ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ॥*
*ਵੈਦ ਨ ਭੋਲੇ ਦਾਰੂ ਲਾਇ॥* *ਪੰਨਾ - 1256*

ਇਨ੍ਹਾਂ ਦੁਖਾਂ ਦਾ ਇਲਾਜ ਵੈਦ-ਡਾਕਟਰ ਪਾਸ ਨਹੀਂ। ਸਕਤਵਾਰ ਜਮਦੂਤ ਤੋਂ ਕੋਈ ਦੁਨਿਆਵੀ ਹਕੀਮ ਨਹੀ ਬਚਾ ਸਕਦਾ। ਇਸ ਦਾ ਹੱਲ ਕੇਵਲ ਉਸ ਸਤਿ ਪੁਰਸ਼ ਪਾਸ ਹੈ ਜੋ ਸਰੀਰ ਅਤੇ ਆਤਮਾ ਦੇ ਰਿਸ਼ਤੇ ਨੂੰ ਸਮਝਦਾ ਹੈ, ਜਿਸ ਦੇ ਪਾਸ ਬ੍ਰਹਮ-ਗਿਆਨ ਹੈ, ਜਿਸਨੇ 'ਸਤਿ' ਪੁਰਖ ਨਾਲ ਅਭੇਦਤਾ ਪ੍ਰਾਪਤ ਕਰ ਲਈ ਹੈ, ਉਹ ਹੀ ਇਹ ਘੁੰਡੀ ਖੋਲ੍ਹ ਸਕਦਾ ਹੈ -

*ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥*
*ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥*
*ਪੰਨਾ - 286*

ਜਿਸ ਆਬਿ-ਹਿਆਤ ਨੂੰ ਲੱਭਣ ਲਈ ਦੁਨੀਆਂ ਪਹਾੜਾਂ, ਬੀਆਬਾਨਾਂ ਦੀ ਖਾਕ ਛਾਣਦੀ ਰਹੀ ਹੈ, ਜਿਸ ਦੀ ਭਾਲ ਵਿਚ ਦੇਵਤਿਆਂ ਨੇ ਖੀਰ-ਸਮੁੰਦਰ ਰਿੜਕਿਆ, ਉਸੇ ਅੰਮ੍ਰਿਤ ਦਾ ਕੁੰਡ ਸਤਿਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਵਿਚ ਸੀ। ਉਹ ਅੰਮ੍ਰਿਤ ਗੁਰੂ ਜੀ ਨੇ ਗੁਰਸਿੱਖਾਂ ਵਿਚ ਵੰਡਿਆ ਅਤੇ ਉਨ੍ਹਾਂ ਨੂੰ ਮਨੁੱਖਾਂ ਤੋਂ ਦੇਵਤਾ ਬਣਾ ਦਿਤਾ, ਮ੍ਰਿਤੂ-ਰਹਿਤ ਕਰ ਦਿਤਾ, ਆਤਮਕ-ਜੀਵਨ ਦੀ ਦਾਤ ਬਖਸ਼ ਦਿਤੀ। ਸਰੀਰ ਦੇ ਠੀਕਰੇ ਦੀ ਸੋਝੀ ਬਖਸ਼ ਕੇ ਇਸਨੂੰ ਭੰਨ-ਸੁੱਟਣ ਦਾ ਬੱਲ ਸਿਖਾ ਦਿਤਾ। ਆਤਮਕ ਬਲ ਜੋ ਪਰਮਾਤਕ-ਬੱਲ ਤੁਲ ਹੈ, ਦਾ ਵਾਰਸ ਬਣਾ ਦਿਤਾ -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ॥*
*ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ*
*ਸਚਾ ਮਨਿ ਵਸਾਇਆ॥*

..............................

*ਕਹੈ ਨਾਨਕੁ ਜਿਸ ਨੋ ਆਪਿ ਤੁਠਾ*
*ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥* *ਪੰਨਾ - 918*

ਇਹ ਅੰਮ੍ਰਿਤ ਪ੍ਰਮਾਤਮ-ਨਾਮ ਸੀ ਜੋ ਸਤਿਗੁਰੂ ਨੂੰ ਪਾਰਬ੍ਰਹਮ ਪਰਮੇਸ਼ਵਰ ਤੋਂ ਪ੍ਰਾਪਤ ਹੋਇਆ। ਇਸ ਅੰਮ੍ਰਿਤ ਦਾ ਕੁੰਡ ਦੇਹੀ ਵਿਚ ਹੀ ਸਥਿਤ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥* *ਪੰਨਾ - 293*

ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨਾਮ-ਅੰਮ੍ਰਿਤ ਦੀ ਦਾਤ ਹੀ ਵੰਡਦੇ ਰਹੇ ਹਨ। ਨਾਮ ਜਪੋ, ਕਿਰਤ ਕਰੋ, ਵੰਡ ਛਕੋ ਗੁਰੂ ਨਾਨਕ ਸਿਖਿਆ ਦੇ ਮੁੱਖ ਬੋਲ ਸਨ। ਨਾਮ ਤੋਂ ਬਿਨਾ ਕੋਈ ਹੋਰ ਅੰਮ੍ਰਿਤ ਨਹੀਂ ਜੋ ਮਨੁੱਖ ਨੂੰ ਆਤਮਕ ਜੀਵਨ ਬਖਸ਼ ਕੇ ਅਮਰ ਕਰ ਦੇਵੇ -

*ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥*
*ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥*
*ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥*
*ਤਿਨੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ॥*
*ਪੰਨਾ - 1238*

ਗੁਰੂ ਦਾ ਸ਼ਬਦ ਨਾਮ ਦਾ ਵਿਆਪਕ ਰੂਪ ਹੈ। ਗੁਰੂ ਦਾ ਸ਼ਬਦ ਨਾਮ - ਅੰਮ੍ਰਿਤ ਦੀ ਸੋਝੀ ਪ੍ਰਦਾਨ ਕਰਦਾ ਹੈ। ਗੁਰੂ ਦਾ ਸ਼ਬਦ ਨਾਮ-ਅੰਮ੍ਰਿਤ ਨਾਲ ਜੋੜਦਾ ਹੈ -

*ਵਿਣੁ ਚਾਖੇ ਸਾਦੁ ਕਿਸੈ ਨ ਆਇਆ॥*
*ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ॥*
*ਅੰਮ੍ਰਿਤੁ ਪੀ ਅਮਰਾ ਪਦੁ ਹੋਏ*
*ਗੁਰ ਕੈ ਸਬਦਿ ਰਸੁ ਤਾਹਾ ਹੇ॥* *ਪੰਨਾ - 1056*

ਨਾਮ-ਅੰਮ੍ਰਿਤ ਦੀ ਇਹ ਦਾਤ ਨੌਂ-ਪਾਤਸ਼ਾਹੀਆਂ ਆਪਣੀ ਚਰਨ-ਛਹੁ ਰਾਹੀਂ ਗੁਰਸਿੱਖਾਂ ਨੂੰ ਬਖਸ਼ਦੀਆਂ ਰਹੀਆਂ। ਦਸਵੀਂ ਪਾਤਸ਼ਾਹੀ ਨੇ ਸੰਗਤ ਨੂੰ ਖਾਲਸਾ ਰੂਪ ਵਿਚ ਪ੍ਰਗਟ ਕਰਨ ਲਈ ਇਸਦੀ ਮਰਿਆਦਾ ਚਰਨ-ਪਾਹੁਲ ਤੋਂ ਖੰਡੇ ਦੀ ਪਾਹੁਲ ਵਿਚ ਬਦਲ ਦਿਤੀ। ਇਹ ਖਾਲਸਾ ਪੰਥ ਦੀ ਸਿਰਜਨਾ ਲਈ ਅਵੱਸ਼ਕ ਸੀ। ਸਰੀਰਿਕ ਗੁਰਿਆਈ ਨੂੰ ਜੁਗੋ ਜੁਗ ਕਾਇਮ ਰਖਨਾ ਨਾ-ਮੁਮਕਿਨ ਗੱਲ ਹੈ। ਗੁਰੂ ਸਾਹਿਬਾਨ ਸਿੱਖਾਂ ਨੂੰ ਪਿਛਲੇ 250 ਵਰ੍ਹਿਆਂ

ਤੋਂ ਨਾਮ ਅੰਮ੍ਰਿਤ ਦੀ ਦਾਤ ਰਾਹੀਂ ਆਤਮਕ ਬਲ ਪ੍ਰਦਾਨ ਕਰ ਰਹੇ ਸਨ। ਉਹ ਹੁਣ ਇਸ ਯੋਗ ਹੋ ਚੁੱਕੇ ਸਨ ਕਿ ਨਾਮ ਬਾਣੀ ਦੇ ਅੰਮ੍ਰਿਤ ਨੂੰ ਪ੍ਰਾਪਤ ਕਰਕੇ ਗੁਰੂ ਜੀ ਤੋਂ ਸਰੀਰਿਕ ਸਰੂਪ ਵਿਚ ਗੁਰਿਆਈ ਪ੍ਰਾਪਤ ਕਰ ਸਕਣ। ਗੁਰਬਾਣੀ ਨੂੰ ਗੁਰੂ ਰੂਪ ਮੰਨਣ ਦੀ ਮਰਿਯਾਦਾ ਪਹਿਲੇ ਗੁਰੂ ਤੋਂ ਹੀ ਪ੍ਰਚਲਤ ਹੋ ਚੁਕੀ ਸੀ। 'ਸਬਦੁ ਗੁਰੂ ਸੁਰਤਿ ਧੁਨਿ ਚੇਲਾ।।' ਦੀ ਆਵਾਜ਼ ਬਾਰ-ਬਾਰ ਗੁਰਸਿੱਖਾਂ ਦੇ ਕੰਨਾਂ ਵਿਚ ਪੈ ਰਹੀ ਸੀ। ਸੱਚੀ ਬਾਣੀ ਨੂੰ ਕੱਚੀ ਬਾਣੀ ਤੋਂ ਨਿਖੇੜਿਆ ਜਾ ਚੁੱਕਾ ਸੀ। ਇਸ ਲਈ ਖਾਲਸਾ ਪੰਥ ਦੀ ਸਿਰਜਨਾ ਦਾ ਵਾਯੂਮੰਡਲ ਬਿਲਕੁਲ ਅਨੁਕੂਲ ਸੀ। ਇਸ ਲਈ ਪਰਮਾਤਮ ਮੌਜ ਵਿਚ ਗੁਰੂ ਗੋਬਿੰਦ ਸਿੰਘ ਨੇ ਖੰਡੇ ਦੀ ਧਾਰ ਹੇਠ ਗੁਰਬਾਣੀ ਦੇ ਗਾਇਨ ਨਾਲ ਨਾਮ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਅਤੇ ਗੁਰਸਿੱਖਾਂ ਨੂੰ ਖੰਡੇ ਬਾਟੇ ਵਿਚ ਨਾਮ ਬਾਣੀ ਰਹੱਸ ਨਾਲ ਤਿਆਰ ਕੀਤੇ ਅੰਮ੍ਰਿਤ ਜਲ ਰਾਹੀਂ ਨਾਮ ਅੰਮ੍ਰਿਤ ਦੀ ਦਾਤ ਬਖਸ਼ੀ। 'ਵਾਹਿਗੁਰੂ ਜੀ ਕਾ ਖਾਲਸਾ' ਦਾ ਬਾਰ-ਬਾਰ ਰਟਨ 'ਵਾਹਿਗੁਰੂ ਗੁਰ ਮੰਤਰ' ਨਾਲ ਜੋੜਨ ਦੀ ਵਿਧੀ ਹੈ। ਇਸ ਵਿਧੀ ਨਾਲ ਨਾਮ ਅੰਮ੍ਰਿਤ ਦਾ ਸੰਚਾਰ ਗੁਰਸਿੱਖ ਖਾਲਸੇ ਨੂੰ ਪਰਮਾਤਮ ਨਾਮ ਦੇ ਅਥਾਹ ਬਲ ਦਾ ਵਾਰਸ ਬਣਾਉਂਦਾ ਹੈ। ਜਦ ਇਹ ਅੰਮ੍ਰਿਤ ਤਿਆਰ ਹੋਇਆ ਤਾਂ ਸਰੂਪ ਦਾਸ ਭੱਲਾ ਅਨੁਸਾਰ ਇਸਦਾ ਤੇਜ਼ ਪ੍ਰਤਾਪ ਏਨਾ ਪ੍ਰਬਲ ਸੀ ਕਿ ਮਾਤਾ ਜੀਤੋ ਜੀ ਨੇ ਖਦਸ਼ਾ ਪ੍ਰਗਟ ਕੀਤਾ ਕਿ ਇਸਨੂੰ ਕੌਣ ਯੋਧਾ ਜਰ ਸਕੇਗਾ?

*ਏਹੁ ਤਸਟਾ ਭਰਾ ਤੇਜ ਕਾ ਦਿਸੇ।*
*ਕੋ ਨਾਹ ਸਹਾਰ ਸਕੇਗਾ ਇਸੇ।*
*ਤਬ ਹਸ ਬੋਲੇ ਸਾਹਿਬ ਮਾਤਾ ਪ੍ਰਿਤ।*
*ਤੁਮ ਸਾਚ ਕਹਤ ਹੋ ਤੇਜ ਮਹਾਕ੍ਰਿਤ। ੫ ।*
*ਤਬ ਸਤਿਗੁਰ ਮਿਸਰੀ ਲਈ ਮੰਗਾਇ।*
*ਪੀਸਾਇ ਤਸ਼ਟੇ ਮੋ ਦੀਨੀ ਪਾਇ। ੮ ।* *ਪੰਨਾ - 826*

ਗੁਰੂ ਜੀ ਨੇ ਨਾਮ ਅੰਮ੍ਰਿਤ ਦੀ ਦਾਤ ਸਿੱਖਾਂ ਨੂੰ ਦਿਤੀ। ਇਸ ਦਾ ਵਿਖਿਆਨ ਵੀ ਸਰੂਪ ਦਾਸ ਨੇ ਬੜੇ ਭਾਵ ਪੂਰਨ ਢੰਗ ਨਾਲ ਕੀਤਾ ਹੈ -

*ਪ੍ਰਭ ਨਿਜ ਕਰ ਪਾਹਲ ਸੰਗਤ ਕੋ ਦੀਆ।*
*ਸਿੰਘ ਸੰਗਿਆ ਨਾਮ ਪਦਵੀ ਸਭ ਕੀਆ।*
*ਕੇਸਾਧਾਰੀ ਸਭ ਕੋ ਕੀਨਾ।*
*ਬੀਰ ਸਰੂਪ ਸਭ ਕੋ ਪ੍ਰਭ ਦੀਨਾ। ੯ ।*
*ਲੇ ਪਾਹਲ ਸਭ ਹੀ ਮਗਨਾਨੇ।*
*ਕਾਹੂ ਕੋ ਕਾਹੂ ਨਹੀ ਜਾਨੇ।*
*ਮਹਾਬੀਰ ਹੋਇ ਗਰਜਨ ਲਾਗੇ।*
*ਬੇਪਰਵਾਹ ਅਕਾਲ ਜਪ ਪਾਗੇ। ੧੦।*

ਗੁਰੂ ਜੀ ਨੇ ਖਾਲਸੇ ਨੂੰ ਆਪਣੇ ਰੂਪ ਸਰੂਪ ਵਿਚ ਹੀ ਰੰਗ ਦਿਤਾ। ਮਨੁੱਖਤਾ ਦੇ ਇਤਿਹਾਸ ਵਿਚ ਇਹ ਕਾਮਲ ਕਰਾਮਾਤ ਪਹਿਲੀ ਵਾਰੀ ਵਾਪਰੀ -

*ਦੇਖ ਰੂਪ ਬਿਗਸੇ ਪ੍ਰਭੂ ਸਿੰਘ ਸੰਗਿਆ ਨਿਜ ਧਾਰ।*
*ਵਹੀ ਸਰੂਪ ਅਪਨਾ ਕੀਆ ਜੋ ਸਭ ਕੋ ਦੀਆ ਬਿਚਾਰ । ੧੧ ।*

ਖੰਡੇ ਰਾਹੀਂ ਪ੍ਰਾਪਤ ਨਾਮ ਅੰਮ੍ਰਿਤ ਨੇ ਗੁਰੂ ਦੀ ਸੰਗਤ ਨੂੰ ਬੀਰ ਪੰਥ ਵਿਚ ਬਦਲ ਦਿਤਾ। ਸਿਖ ਨੇ ਸੰਤ ਸਿਪਾਹੀ ਦਾ ਰੂਪ ਧਾਰਨ ਕਰ ਲਿਆ। ਦੇਗ ਅਤੇ ਤੇਗ ਦੀ ਅਨਿਖੜਵੀਂ ਸਾਂਝ ਹੋ ਗਈ। ਖਾਲਸਾ ਅਕਾਲ ਪੁਰਖ ਦੀ ਫੌਜ ਵਿਚ ਬਦਲ ਗਿਆ। ਗੁਲਾਮੀ ਦੀ ਥਾਂ ਸੁਤੰਤਰਤਾ ਨੇ ਲੈ ਲਈ। ਊਚ ਨੀਚ ਦਾ ਸਿਲਸਿਲਾ ਮੁੱਕ ਗਿਆ। ਇਕ ਨਵੇਂ ਅਤੇ ਨਰੋਏ ਸਮਾਜ ਨੇ ਜਨਮ ਲੈ ਲਿਆ -

*ਅਚਰਜ ਬੀਰ ਪੰਥ ਪ੍ਰਭ ਕੀਆ।*
*ਦੇਗ ਤੇਗ ਦੋਨੋ ਤਿਨ ਦੀਆ।*
*ਕਾਹੂ ਕਾ ਕਹਿਆ ਨਹੀ ਮਾਨੇ।*
*ਸਤਿਗੁਰ ਆਗਿਆ ਮਨ ਦ੍ਰਿੜ ਠਾਨੇ। ੧੫ ।*
*ਸਭ ਦੇਸਨ ਮਾਹਿ ਰੂਪ ਪਰਕਾਸਾ।*
*ਕੀਆ ਖਾਲਸਾ ਜਗਤ ਤਮਾਸਾ।*
*ਸਸਤ੍ਰ ਸਜੇ ਦਰਸਨ ਕੋ ਆਵੈ।।*
*ਦੇਖ ਦਿਆਲ ਅਨੰਦ ਬਢਾਵੈ। ੧੯ ।*
*ਮਹਾ ਨਿਡਰ ਚਿਤ ਬੀਰ ਰਸ ਭਰੇ*
*ਕਬਹੂ ਕਾਹੂ ਸੰਗ ਨ ਕਰੇ।*
*ਐਸਾ ਪੰਥ ਸਤਿਗੁਰੂ ਰਚਾ ਸਗਲ ਜਗਤ ਹੈਰਾਨ।।*
*ਬਿਨ ਧਨ ਭੂਮ ਰਾਜਾ ਬਨੇ ਬਿਨ ਪਦ ਬਢੇ ਮਹਾਨ।। ੨੧ ।।*

*ਮਹਿਮਾ ਪ੍ਰਕਾਸ਼*

ਖਾਲਸਾ ਮਹਾ-ਨਿਡਰ ਹੈ, ਸੁਤੰਤਰ ਹੈ, ਅਕਾਲ ਪੁਰਖ ਦੀ ਫੌਜ ਹੈ। ਗੁਰੂ ਜੀ ਨੇ ਪੰਜ ਕਕਾਰਾਂ ਰਾਹੀਂ ਮੋਹਰ ਲਾ ਦਿਤੀ, ਸ਼ਨਾਖਤੀ ਦੇ ਦਿਤੀ। ਖਾਲਸਾ ਪਰਮਾਤਮ, ਨਾਮ ਨੂੰ ਰੋਮ ਰੋਮ ਧਿਆਉਂਦਾ ਹੈ। ਉਸ ਦਾ ਰੋਮ ਰੋਮ ਪਰਮਾਤਮ ਸ਼ਕਤੀ ਨਾਲ ਭਰਪੂਰ ਹੁੰਦਾ ਹੈ, ਇਸ ਲਈ ਉਹ ਰੋਮਾਂ ਦੀ ਬੇ-ਅਦਬੀ ਨਹੀਂ ਕਰਦਾ। ਉਚੇ ਸੁਚੇ ਆਚਰਣ ਅਤੇ ਕਿਰਦਾਰ ਦਾ ਮਾਲਕ ਹੈ, ਇਸ ਲਈ ਸਰਬ ਰੋਗਾਂ ਤੋਂ ਮੁਕਤ ਹੈ। ਸੰਸਾਰ ਏਡਜ਼ ਵਰਗੀਆਂ ਲਾਹਨਤਾਂ ਤੋਂ ਖਾਲਸਾ ਬਣ ਕੇ ਹੀ ਬਚ ਸਕਦਾ ਹੈ। ਤਮਾਕੂ ਸੇਵਨ ਤੋਂ ਉਤਪੰਨ ਕੈਂਸਰ ਵਰਗੀਆਂ ਲਾ-ਇਲਾਜ਼ ਬੀਮਾਰੀਆਂ ਦਾ ਇਲਾਜ ਕੇਵਲ ਖਾਲਸਾ ਰਹਿਤ ਹੀ ਹੈ। ਖਾਲਸਾ ਯੁੱਗ ਪੁਰਸ਼ ਹੈ। ਇਸ ਵਿਚ 21 ਵੀਂ ਸੱਦੀ ਦੇ ਰਹਿਬਰ ਹੋਣ ਦੀ ਸੰਭਾਵਨਾ ਹੈ। ਖਾਲਸਾ ਅੰਮ੍ਰਿਤ ਦੇ ਆਤਮਕ ਬਲ ਰਾਹੀਂ ਮਨੁੱਖਤਾ ਲਈ ਕਲਿਆਣਕਾਰੀ ਸਿੱਧ ਹੋ ਸਕਦਾ ਹੈ। ਵਿਰਸੇ ਨੂੰ ਸੰਭਾਲਣ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ-ਬਾਟੇ ਰਾਹੀਂ ਤਿਆਰ ਕੀਤੀ ਨਾਮ-ਅੰਮ੍ਰਿਤ ਦੀ ਵਡਿਆਈ ਜਾਣਨ ਦੀ ਲੋੜ ਹੈ। ਖੰਡੇ ਬਾਟੇ ਦਾ ਨਾਮ-ਅੰਮ੍ਰਿਤ ਕੁੰਡ ਵਿਚ ਪ੍ਰਵੇਸ਼ ਦਾ ਰਾਹ ਖੋਲ੍ਹਦਾ ਹੈ, ਨਾਮ, ਅਭਿਆਸ ਰਾਹੀਂ ਅਤੇ ਬਖਸ਼ਿਸ਼ ਹੋਈ ਰਹਿਤ-ਰਹਿਣੀ ਰਾਹੀਂ ਗੁਰਸਿਖ ਨੇ ਸਚਖੰਡ ਵਿਚ ਪ੍ਰਵੇਸ਼ ਕਰਨਾ ਹੈ। ਯਾਤਰਾ ਦੀ ਆਰੰਭਕ ਰਸਮ ਤੇ ਹੀ ਬੈਠ ਨਹੀਂ ਜਾਣਾ, ਨਹੀਂ ਤਾਂ ਭੇਖਾਧਾਰੀ ਸਿੱਖ ਹੋਣ ਦਾ ਫਤਵਾ ਮਿਲ ਜਾਵੇਗਾ। ਗੁਰੂ ਆਸਰੇ ਨਾਮ-ਅੰਮ੍ਰਿਤ ਮਾਰਗ ਤੇ ਚਲਣਾ ਹੈ। ਸਤਿਗੁਰੂ ਆਪ ਬਹੁੜੀ ਕਰਦੇ ਹਨ। ਖਾਲਸੇ ਦਾ ਭਵਿੱਖ 'ਆਦਿ ਸਚੁ, ਜੁਗਾਦਿ ਸਚੁ' ਵਾਂਗ ਉਜਲਾ ਹੈ।

# ਮਹਾਂਪੁਰਸ਼ਾਂ ਦੇ ਅਨੁਭਵੀ ਬਚਨ

**( ਇਹ ਬਚਨ 121 ਸਾਲ ਪੁਰਾਣੀ ਹੱਥ ਲਿਖਤ ਪੋਥੀ ਵਿਚੋਂ ਸੂਝਵਾਨ ਪਾਠਕਾਂ ਦੀ ਵਿਚਾਰ ਹਿਤ ਲਿਖੇ ਗਏ ਹਨ ਬੋਲੀ ਪਰਾਣੀ ਹੋਣ ਕਰਕੇ ਜ਼ਿਆਦਾ ਧਿਆਨ ਮੰਗਦੀ ਹੈ। ਇਹ ਹੱਥ ਲਿਖਤ ਪੋਥੀ ਇਕ ਰਦੀ ਦੇ ਢੇਰ ਵਿਚੋਂ ਪ੍ਰਾਪਤ ਹੋਈ ਸੀ।)**

*(ਲੜੀ ਜੋੜਨ ਲਈ ਪਿਛਲਾ ਅੰਕ, ਪੰਨਾ - 26 ਵੇਖੋ)*

**ਅਥ ਪਚਵਾਂ ਸਰਗ ਵਿਖੇ ਜੀਵ ਕੀ ਸੈਨਾ ਕਾ ਬਰਨਨ ਹੋਵੇਗਾ।।**

ਤਾਂ ਤੇ ਜਾਨਿ ਤੂੰ ਜੋ ਜੀਵ ਰੂਪੀ ਰਾਜਾ ਹੈ ਅਰੁ ਯਹੁ ਸਰੀਰ ਉਸ ਕਾ ਰਾਜਮੰਡਲ ਹੈ ਅਰ ਇਸ ਬਿਖੇ ਸੈਨਾਂ ਭਿੰਨ ਭਿੰਨ ਰਹਤੀ ਹੈ।। ਪਰ ਇਸ ਜੀਵ ਕੂੰ ਜੋ ਭਗਵੰਤ ਨੇ ਉਤਪਤ ਕੀਆ ਹੈ ਸੋ ਪ੍ਰਲੋਕ ਕੇ ਕਾਰਜ ਨਿਮਤ ਕੀਆ ਹੈ।। ਸੋ ਕਾਰਜ ਇਸ ਕਾ ਕਯਾ ਹੈ - ਜੋ ਆਪਨੀ ਭਲਾਈ ਕੂੰ ਢੂਢਨਾ ਅਰੁ ਭਲਾਈ ਇਸ ਜੀਵ ਕੀ ਇਹੀ ਹੈ ਸੋ ਭਗਵੰਤ ਕੂ ਪਛਾਨੈ ਅਰੁ ਭਗਵੰਤ ਕਾ ਪਛਾਣਨਾ ਉਸ ਕੀ ਅਸਚਰਜ ਕਾਰੀਗਰੀ ਕਰਿ ਹੋਤਾ ਹੈ।। ਸੋ ਸ੍ਰਬ ਜਗਤ ਭਗਵੰਤ ਹੀ ਕੀ ਕਾਰੀਗਰੀ ਹੈ ਅਰੁ ਕਾਰੀਗਰੀ ਕਾ ਪਛਾਨਣਾ ਇੰਦ੍ਰੀਇਹੁ ਕਰਿ ਹੋਤਾ ਹੈ।।

ਸੋ ਇਨਹੁ ਪਾਂਚਹੁ ਇੰਦ੍ਰੀਅਹੁ ਕਾ ਆਸਰਾ ਸਰੀਰ ਹੈ।। ਤਾਂ ਤੇ ਇਹ ਇੰਦ੍ਰੀਆਂ ਫਾਸੀ ਕੀ ਨਯਾਈ ਹੈਂ ਅਰੁ ਸਕਾਰ ਇਸ ਕਾ ਕਾਰੀਗਰੀ ਹੈ।। ਅਰੁ ਇਹ ਸਰੀਰ ਜੋ ਹੈ ਸੋ ਪਾਂਚ ਤਤਹੁ ਕਰ ਰਚਯਾ ਹੂਵਾ ਹੈ ਅਰੁ ਬਾਇ ਪਿਤ ਕਫ ਇਸ ਬਿਖੇ ਪ੍ਰਬਲ ਬਿਕਾਰ ਹੈਂ।। ਤਾਂ ਤੇ ਸ੍ਰਬਦਾ ਇਸ ਕੂੰ ਨਾਸ ਹੋਣੇ ਕਾ ਭੈ ਰਹਤਾ ਹੈ ਜੋ ਇਹ ਸ੍ਰੀਰ ਭੂਖ ਅਰੁ ਤ੍ਰਿਖਾ ਕਰ ਨਾਸ ਹੋ ਜਾਤਾ ਹੈ।। ਜਲ ਅਰੁ ਅਗਨ ਸਿੰਘਾਦਿਕ ਭੀ ਇਸ ਕੂੰ ਨਾਸ ਕਰਣੇਹਾਰੇ ਹੈਂ।। ਤਾਂ ਤੇ ਭੂਖ ਅਰੁ ਤ੍ਰਿਖਾ ਦੂਰ ਕਰਣੇ ਕੂੰ ਜਲ ਅਰੁ ਅਨਾਜ ਭਗਵੰਤ ਨੇ ਉਤਪਤ ਕੀਯਾ ਹੈ।। ਅਰੁ ਸਰੀਰ ਕੀ ਰਖਯਾ ਕੇ ਨਿਮਤ ਦੋ ਪ੍ਰਕਾਰ ਕੀ ਸੈਨਾ ਰਚੀ ਹੈਂ।। ਸੋ ਏਕ ਅਸਥੂਲ ਹੈ ਜੈਸੇ ਹਾਥ ਅਰੁ ਪਾਂਵ ਅਰੁ ਨਾਨਾ ਪ੍ਰਕਾਰ ਕੇ ਸਸਤ੍ਰ।। ਬਹੁੜਿ ਦੂਸਰੀ ਸੈਨਾ ਸੂਖਮ ਹੈ ਸੋ ਚਾਹ ਅਰੁ ਕ੍ਰੋਧ ਹੈ ਪਰ ਸ੍ਰਬ ਕਾਰਜਹੁ ਕੇ ਪਛਾਨਣੇਹਾਰੀ ਬੁਧ ਹੈ।। ਸੋ ਪ੍ਰਿਥਮੇ ਬੁਧ ਕ੍ਰਕੈ ਸਤ੍ਰ ਕੂੰ ਪਛਾਨਤਾ ਹੈ ਤਬ ਕ੍ਰੋਧ ਕ੍ਰਕੈ ਉਸ ਕੂੰ ਨਾਸ ਕੀਯਾ ਚਾਹਤਾ ਹੈ।। ਬਹੁੜਿ ਚਾਹ ਕ੍ਰਕੈ ਅਨਾਜ ਅਰੁ ਜਲ ਕੂੰ ਖੈਂਚਤਾ ਹੈ ਅਰੁ ਸਰੀਰ ਕੀ ਰਖਯਾ ਕਰਤਾ ਹੈ।। ਬਹੁੜਿ ਸ੍ਰਵਨ ਅਰੁ ਤੁਚਾ ਨੇਤ੍ਰ ਅਰੁ ਰਸਨਾ ਨਾਸਕਾ ਜੋ ਪਾਂਚ ਇੰਦ੍ਰੀਆਂ ਹੈਂ ਸੋ ਇਹ ਭੀ ਬੁਧ ਕੇ ਆਸਰੇ ਹੈਂ ਅਰੁ ਸਰੀਰੁ ਕੇ ਪ੍ਰੇਰਕ ਚਤੁਸ੍ਰ ਅੰਤਹਕਰਣ ਹੈਂ।। ਸੋ ਇਹ ਸਭ ਹੀ ਸੈਨਾ ਭਗਵੰਤ ਨੇ ਕਾਰਜ ਨਿਮਤ ਬਨਾਏ ਹੈਂ।। ਅਰੁ ਜਬ ਇਸ ਸੈਨਾ ਬਿਖੈ ਕਿਸੀ ਕੂ ਕਛੁ ਬਿਘਨ ਹੋ ਜਾਵੈ ਤਬ ਇਸ ਮਾਨਖ ਕੇ ਅਰਥ ਅਰੁ ਪ੍ਰਮਾਰਥ ਕਾ ਕਾਰਜ ਸਿਧ ਨਹੀ ਹੋਤਾ।। ਅਰੁ ਇਹ ਸੂਖਮ ਅਸਥੂਲ ਜੋ ਸੈਨਾਂ ਹੈ ਸੋ ਸਭ ਜੀਵ ਹੀ ਕੇ ਅਧੀਨ ਹੈਂ ਪਰ ਰਾਜਾ ਇਨ ਕਾ ਜੀਵ ਹੈ।। ਸੋ ਜਬ ਰਸਨਾ ਕੂੰ ਆਗਯਾ ਕਰਿਤਾ ਹੈ ਤਬ ਹਲਣੇ ਲਗਤੀ ਹੈ ਅਰ ਹਾਥ ਗ੍ਰਹਣ ਕਰਤਾ ਹੈ।। ਜਬ ਚਿਤ ਕੂੰ ਆਗਯਾ ਕਰਿਤਾ ਹੈ ਤਬ ਚਿਤ ਬਿਖੈ ਚਿਤਵਨੀ ਕੀ ਸਕਤ ਆਇ ਫੁਰਤੀ ਹੈ।। ਇਸ ਪ੍ਰਕਾਰ ਸਰਬ ਅੰਗਹੁ ਅਰੁ ਸ੍ਰਬ ਸੁਭਾਵਹੁ ਬਿਖੇ ਜੀਵ ਹੀ ਕੀ ਆਗਯਾ ਬ੍ਰਤਤੀ ਹੈਂ।।

ਪ੍ਰ ਜਬ ਇਹ ਜੀਵ ਪ੍ਰਲੋਕ ਮਾਰਗ ਕੇ ਤੋਸੇ ਕੌ ਬਨਾਵੈ ਅਰੁ ਭਗਵੰਤ ਕੀ ਪਛਾਨ ਰੂਪੀ ਸਿਕਾਰ ਫਸਾਵੈ ਅਰੁ ਆਪਨੀ ਭਲਾਈ ਕੇ ਬੀਜ ਕੂੰ ਬਢਾਵੈ ਅਰੁ ਪ੍ਰਮਾਰਥ ਕੇ ਕਾਰਜ ਬਿਖੇ ਦ੍ਰਿਢ ਹੋਵੈ ਤਬ ਨ੍ਰਿਸੰਦੇਹ ਪ੍ਰਮ ਪਦ ਕੂੰ ਪਹੁਚਤਾ ਹੈ।। ਅਰੁ ਸਰੀਰ ਕੀ ਰਛਾ ਕਰਣੀ ਭੀ ਇਸ ਨਿਮਤ ਪ੍ਰਵਾਨ ਕਹੀ ਹੈ ਜੋ ਯਹੁ ਜੀਵ ਸਰੀਰ ਕ੍ਰਕੈ ਆਪਣੇ ਕਾਰਜ ਕੂੰ ਸਿਧ ਕਰੈ।। ਬਹੁੜਿ ਜਿਸ ਪ੍ਰਕਾਰ ਦੇਵਤੇ ਭਗਵੰਤ ਕੀ ਆਗਯਾ ਕੇ ਅਧੀਨ ਹੈਂ ਅਰੁ ਪ੍ਰਸੰਨਤਾ ਸਹਤ ਉਸ ਕੀ ਆਗਯਾ ਮਾਨਤੇ ਹੈਂ ਤੈਸੇ ਹੀ ਇਹੁ ਸਰੀਰ ਅਰੁ ਇੰਦ੍ਰੀਆਂ ਅਰੁ ਅੰਤਹਕਰਣ ਇਸ ਜੀਵ ਕੇ ਅਧੀਨ ਹੈਂ ਅਰੁ ਇਸ ਕੀ ਆਗਯਾ ਬਿਖੇ ਬਰਤਤੇ ਹੈਂ।। ਸੋ ਯਹੁ ਸਭ ਹੀ ਜੀਵ ਕੀ ਸੈਨਾਂ ਹੈ।। ਜਦਪ ਉਸ ਸੈਨਾ ਕਾ ਬਖਯਾਣ ਕਰਣਾ ਬਹੁਤ ਬਿਸਤਾਰੁ ਹੈ ਪ੍ਰ ਤਉ ਭੀ ਸਮਝਣੇ ਕੇ ਨਿਮਤ ਮੈ ਕਛੁ ਬਰਨਨ ਕਰਤਾ ਹੂੰ।।

ਅਬ ਐਸੇ ਜਾਣ ਤੂੰ ਇਹੁ ਸਰੀਰੁ ਰਾਜਾ ਕਾ ਨਗੁਰ ਹੈ ਅਰੁ ਸ੍ਰਬ ਇੰਦ੍ਰੀਆਂ ਇਸ ਸਰੀਰ ਬਿਖੇ ਬਸਣੇਹਾਰੇ ਲੋਕ ਹੈਂ ਅਰੁ ਭੋਗਹੁ ਕੀ ਅਭਲਾਖਾ ਰੂਪੀ ਰਾਜਾ ਕਾ ਪ੍ਰਧਾਨ ਹੈ ਅਰੁ ਕ੍ਰੋਧ ਰੂਪੀ ਕੋਤਵਾਲ ਹੈ।। ਅਰੁ ਜੀਵ ਇਸ ਦੇਸ ਕਾ ਰਾਜਾ ਹੈ। ਬੁਧ ਇਸ ਕਾ ਮੰਤ੍ਰੀ ਹੈ।। ਪਰ ਜੀਵ ਰੂਪੀ ਰਾਜਾ ਕੂੰ ਇਸ ਸਰਬ ਸੈਨਾ ਕੀ ਲੋੜ ਹੈ ਕਾਹੇ ਤੇ ਜੋ ਰਾਜ ਇਨ ਹੀ ਕਰ ਸਿਧ ਹੋਤਾ ਹੈ।। ਪਰ ਅਭਲਾਖਾ ਰੂਪੀ ਜੋ ਪ੍ਰਧਾਨ ਹੈ ਸੋ ਮਹਾ ਝੂਠਾ ਅਰੁ ਪਾਖੰਡੀ ਹੈ ਸੋ ਬੁਧ ਰੂਪੀ ਮੰਤ੍ਰੀ ਕੇ ਕਹਣੇ ਤੇ ਬਿਪ੍ਰਜੈ ਬ੍ਰਤਤਾ ਹੈ ਅਰੁ ਸ੍ਰਬਦਾ ਯੋਹੀ ਚਾਹਤਾ ਹੈ ਸੋ ਰਾਜਾ ਕੀ ਸ੍ਰਬ ਸਮਗ੍ਰੀ ਮੈ ਹੀ ਲੇਊਂ।। ਬਹੁੜ ਕ੍ਰੋਧ ਰੂਪੀ ਜੋ ਕੋਤਬਾਲ ਹੈ ਸੋ ਮਹਾ ਤੀਖਣ ਅਰੁ ਕਠੋਰ ਹੈ ਅਰੁ ਜੀਵਹੁ ਕਾ ਘਾਤ ਹੀ ਕੀਯਾ ਚਾਹਤਾ ਹੈ।। ਇਸੀ ਕਾਰਨ ਤੇ ਜੀਵ ਰੂਪੀ ਰਾਜਾ ਕਾ ਦੇਸ ਮਹਾ ਦੁਖੀ ਰਹਤਾ ਹੈ।। ਪ੍ਰ ਇਹ ਜੀਵ ਜੋ ਰਾਜਾ ਹੈ ਜਬ ਬੁਧਿ ਰੂਪੀ ਮੰਤ੍ਰੀ ਸਾਥ ਮਸਲਤ ਕਰੈ ਅਰੁ ਅਭਲਾਖਾ ਰੂਪੀ ਪ੍ਰਧਾਨ ਕੂੰ ਅਤਿ ਬਲ ਕਰੈ ਕੈ ਅਪਣੇ ਬਸੀਕਾਰ ਕਰੈ ਅਰੁ ਬੁਧ ਤੇ ਬਿਪ੍ਰਜੈ ਜੋ ਕਛੁ ਕਹੇ ਸੋ ਨ ਮਾਨੈ ਅਰੁ ਕੁਤਬਾਲ ਕੂੰ ਉਸ ਕੇ ਊਪਰ ਪ੍ਰਬਲ ਕਰੈ ਤਬ ਉਸ ਕੂੰ ਮ੍ਰਿਜਾਦਾ ਬਿਖੇ ਰਾਖੇ।। ਇਸੀ ਪ੍ਰਕਾਰ ਕ੍ਰੋਧ ਰੂਪੀ ਕੋਤਬਾਲ ਕੂੰ ਭੀ ਪ੍ਰਬਲ ਨ ਹੋਣੇ ਦੇਵੈ ਅਰੁ ਮ੍ਰਿਜਾਦਾ ਤੇ ਉਲੰਘ ਕਰ ਨ ਬ੍ਰਤੈ।।

ਸੋ ਜਬ ਇਹ ਜੀਵ ਇਸ ਪ੍ਰਕਾਰ ਮਸਲਤ ਕਰੇ ਤਬ ਇਸ ਕਾ ਦੇਸੁ ਸੁਖੀ ਹੋਵੈ ਅਰੁ ਸਦੀਵ ਬੁਧ ਰੂਪੀ ਮੰਤ੍ਰੀ ਕੇ ਕਹੇ ਅਨਸਾਰ ਬ੍ਰਤੈ।। ਜੋ ਅਭਲਾਖਾ ਅਰੁ ਕ੍ਰੋਧ ਕੂ ਐਸਾ ਨਿਬਲ ਕਰੇ ਜੋ ਬਹੁ ਭੀ ਬੁਧ ਕੀ ਆਗਯਾ ਬਿਖੇ ਚਲਹਿ ਅਰ ਬੁਧਿ ਕੂੰ ਉਨ ਕੇ ਅਧੀਨ ਨ ਕਰੇ।। ਤਬ ਇਸ ਕਾ ਰਾਜ ਸੁਇਧੀ ਨ (ਬਿਖਮ) ਹੋਵੈ ਅਰੁ ਸੁਖੇਨ ਹੋਵੈ ਅਰੁ ਭਗਵੰਤ ਕੇ ਦੁਵਾਰ ਕੂੰ ਪਹੁਚਣੇ ਬਿਖੇ

ਬਿਘਨ ਨ ਹੋਵੈ॥ ਪ੍ਰ ਜਬ ਇਹ ਜੀਵ ਬੁਧਿ ਕੂੰ ਅਭਲਾਖਾ ਅਰੁ ਕ੍ਰੋਧ ਕੇ ਅਧੀਨ ਕਰ ਦੇਵੈ ਤਬ ਇਸ ਕਾ ਰਾਜ ਨਿਸਟ ਹੋਇ ਜਾਤਾ ਹੈ ਅਰ ਰਾਜਾ ਭੀ ਮੰਦਭਾਗੀ ਹੋਤਾ ਹੈ॥ ਤਾਂ ਤੇ ਇਸ ਕਰਕੈ ਪ੍ਰਸਿਧ ਹੂਵਾ ਜੋ ਭੋਗ ਅਰੁ ਕ੍ਰੋਧ ਭੀ ਸਰੀਰ ਕੀ ਰਖਯਾ ਕੇ ਨਿਮਤ ਉਤਪਤ ਕੀਏ ਹੈਂ॥ ਤੈਸੇ ਹੀ ਜਲ ਅਰੁ ਅਨਾਜ ਭੀ ਸਰੀਰ ਕਾ ਅਹਾਰ ਬਨਾਇਆ ਹੈਂ ਅਰੁ ਸਰੀਰ ਕੂੰ ਇੰਦ੍ਰੀਯਾਂ ਕੇ ਠਹਰਾਵਣੇ ਕੇ ਨਿਮਤ ਰਚਯਾ ਹੈ॥ ਤਾਂ ਤੇ ਸਰੀਰ ਇੰਦ੍ਰੀਯਾਂ ਕਾ ਅਹਲੂਵਾ ਹੈ॥ ਬਹੁੜਿ ਇੰਦ੍ਰੀਆਂ ਜੋ ਹੈਂ ਸੋ ਬੁਧ ਕੂੰ ਖਬਰ ਦੇਣੇ ਨਿਮਤ ਬਨਾਈਯਾਂ ਹੈਂ॥ ਸੋ ਇੰਦ੍ਰੀਯਹੁ ਕਰ ਭਗਵੰਤ ਕੀ ਕਾਰੀਗਰੀ ਕੂੰ ਦੇਖੈ ਅਰੁ ਜਾਣੈ॥ ਤਾਂ ਤੇ ਇਹ ਇੰਦ੍ਰੀਯਾਂ ਬੁਧ ਕੀ ਟਹਲ ਕਰਨੇਹਾਰੀਯਾਂ ਹੈਂ ਅਰੁ ਤੈਸੇ ਹੀ ਬੁਧ ਕੂੰ ਜੀਵ ਕੇ ਨਿਮਤ ਉਤਪਤ ਕੀਯਾ ਹੈ॥

ਸੋ ਇਹ ਬੁਧ ਜੀਵ ਕਾ ਦੀਪਕ ਹੈ ਤਬ ਉਸ ਕੇ ਪ੍ਰਕਾਸ ਕਰ ਕੈ ਮਹਾਰਾਜ ਕੂ ਦੇਖਤਾ ਹੈ॥ ਸੋ ਮਹਾਰਾਜ ਕਾ ਦਰਸਨ ਇਸ ਜੀਵ ਕਾ ਪ੍ਰਮ ਸੁਰਗ ਹੈ॥ ਤਾਂ ਤੇ ਬੁਧ ਜੀਵ ਕਾ ਟਹਲੂਵਾ ਹੈ ਤੈਸੇ ਹੀ ਜੀਵ ਕੂੰ ਮਹਾਰਾਜ ਕੇ ਦ੍ਰਸਨ ਨਮਿਤ ਬਨਾਯਾ ਹੈ॥ ਸੋ ਜਬ ਇਹ ਜੀਵ ਉਸ ਕੇ ਦ੍ਰਸਨ ਕੂੰ ਪ੍ਰਾਪਤ ਹੋਵੈ ਤਬ ਅਪਣੇ ਉਤਮ ਕਾਰਜ ਕੂੰ ਪਾਵਤਾ ਹੈ ਅਰੁ ਮਹਾਰਾਜ ਕੀ ਸੇਵਕੀ ਬਿਖੇ ਲੀਨ ਹੋਤਾ ਹੈ -

ਇਸੀ ਪ੍ਰ ਸਾਂਈ ਭੀ ਕਹਾ ਹੈ॥ ਜੋ ਮੈ ਨੇ ਜੀਵ ਅਰੁ ਮਾਨਖਹੁ ਕੂੰ ਅਪਣੇ ਭਜਨ ਕੇ ਨਮਿਤ ਉਤਪਤ ਕੀਯਾ ਹੈ॥ ਸੋ ਇਸ ਕਾ ਅਰਥ ਇਹੁ ਹੈ ਜੋ ਇਸ ਜੀਵ ਕੂੰ ਮਹਾਰਾਜ ਨੇ ਉਤਪਤ ਕੀਯਾ ਹੈ ਅਰੁ ਇੰਦ੍ਰੀਯਾਂਦਿਕ ਇਸ ਕੌ ਸੈਨਾ ਦਈ ਹੈ ਅਰੁ ਸਰੀਰ ਰੂਪੀ ਘੋੜਾ ਦੀਯਾ ਹੈ॥ ਤਬ ਇਸ ਕਰਕੈ ਅਸਥੂਲ ਦੇਸ ਤੇ ਗਵਨ ਕਰੈ ਅਰੁ ਸੂਖਮ ਦੇਸ ਬਿਖੇ ਪਹੁਚੈ॥ ਬਹੁੜਿ ਜਬ ਇਹ ਜੀਵ ਭਗਵੰਤ ਕੇ ਉਪਕਾਰ ਕਾ ਸੁਕਰ ਕੀਯਾ ਚਾਹੈ ਅਰੁ ਭਗਵੰਤ ਕਾ ਦ੍ਰਸਨ ਹੂਵਾ ਚਾਹੈ ਤਬ ਪ੍ਰਿਥਮੇ ਇਸ ਕੂੰ ਇਸ ਪ੍ਰਕਾਰ ਕਰਨਾ ਜੋਗ ਹੈ ਜੋ ਇਸ ਸਰੀਰ ਰੂਪੀ ਦੇਸ ਬਿਖੇ ਬੈਠ ਕਰ ਰਾਜ ਕਰੈ ਅਰੁ ਅਪਣਾ ਮੁਖ ਭਗਵੰਤ ਕੀ ਓਰ ਲਯਾਵੈ ਅਰੁ ਇਸ ਸੰਸਾਰ ਤੇ ਗਵਨ ਕਰਨੇ ਕੀ ਅਛਯਾ (ਇਛਾ) ਰਾਖੈ ਅਰ ਸ੍ਰਬ ਇੰਦ੍ਰੀਯਾਂ ਕੂੰ ਅਪਣੀ ਟਹਲ ਬਿਖੇ ਲਗਾਵੈ॥ ਅਰਥ ਇਹ ਜੋ ਆਪਣੇ ਅਪਣੇ ਕਾਰਜ ਬਿਖੇ ਸਾਵਧਾਨ ਕਰੈ॥ ਤਬ ਇੰਦ੍ਰੀਯਾਂ ਕਰ ਕੈ ਜੋ ਕਛੁ ਕ੍ਰਿਆ ਕਰੈ ਸੋ ਤਿਸਕੂੰ ਚਿਤ ਬਿਖੇ ਬਿਚਾਰੈ॥ ਬਹੁੜਿ ਸਮੇ ਪਾਇ ਕਰਿ ਬੁਧ ਬਿਖੇ ਉਸ ਕਾ ਅਭਯਾਸ ਕਰੈ ਅਰੁ ਬੁਧ ਰੂਪੀ ਮੰਤ੍ਰੀ ਉਸ ਖਬ੍ਰ ਕੂੰ ਪਾਇ ਕਰਿ ਰਾਜਾ ਕੂੰ ਸਮਝਾਵੈ॥

ਸੋ ਜਿਸ ਕਾ ਦ੍ਰਿਸਟਾਂਤ ਇਹ ਹੈ ਜੋ ਜੈਸੇ ਦੇਸ ਕੀ ਖਬ੍ਰ ਪ੍ਰਿਥਮੇ ਦੂਤ ਲੇ ਆਵਤਾ ਹੈ ਅਰੁ ਉਸ ਤੇ ਪਤ੍ਰੀ ਲੈ ਕਰ ਪਵਰੀਯਾ ਮੰਤ੍ਰੀ ਕੂੰ ਪਹੁਚਾਵਤਾ ਹੈ ਅਰੁ ਬਹੁ ਮੰਤ੍ਰੀ ਰਾਜਾ ਕੂੰ ਸਮਝਾਇ ਦੇਤਾ ਹੈ॥ ਤੈਸੇ ਹੀ ਇੰਦ੍ਰੀਯਾਂ ਰੂਪ ਦੂਤ ਹੈ ਅਰੁ ਚਿਤ ਇਸ ਕਾ ਪਵਰੀਯਾ ਹੈ ਅਰੁ ਬੁਧ ਰੂਪੀ ਮੰਤ੍ਰੀ ਜਬ ਦੇਖਤਾ ਹੈ ਜੋ ਇਸ ਜੀਵ ਕੀ ਸੈਨਾ ਬਿਖੇ ਕਾਮ ਅਰੁ ਕ੍ਰੋਧ ਅਥਵਾ ਕੋਈ ਅਬਰ ਸੁਭਾਵ ਪ੍ਰਬਲ ਹੂਵਾ ਹੈ ਅਰੁ ਰਾਜਾ ਕੀ ਆਗਯਾ ਤੇ ਬਿਪ੍ਰਜੈ ਹੋਇ ਕਰ ਬਿਚਰਣੇ ਲਾਗਾ ਹੈ ਅਰੁ ਰਾਜਾ ਕੂੰ ਨਾਸ ਕੀਯਾ ਚਾਹਤਾ ਹੈ ਅਰੁ ਬੁਧ ਰੂਪੀ ਮੰਤ੍ਰੀ ਉਸ ਕੂੰ ਅਪਣੇ ਅਧੀਨ ਕਰੈ ਅਰੁ ਕੋਮਲ ਕਰ ਕੈ ਰਾਖੈ॥ ਕਾਹੇ ਤੇ ਜੋ ਉਨਹੁ ਬਿਨਾ ਸਰੀਰ ਕਾ ਬਿਬਹਾਰ ਭੀ ਸਿਧ ਨਹੀ ਹੋਤਾ ਅਰੁ ਉਨ ਕਾ ਪ੍ਰਬਲ ਹੋਣਾ ਭੀ ਦੁਖਦਾਇਕ ਹੈ॥ ਤਾਂ ਤੇ ਜਬ ਇਸ ਕੀ ਆਗਯਾ ਬਿਖੇ ਹੋਤੇ ਹੈਂ ਤਬ ਬਹੁ ਸ੍ਰਬ ਸੁਭਾਵ ਭੀ ਜਥਾਰਥ ਕੇ ਮਾਰਗ ਕੀ ਸਹਾਇਤਾ ਕਰਤੇ ਹੈਂ॥ ਅਰੁ ਬਹੁ ਜੀਵ ਰੂਪੀ ਰਾਜਾ ਅਪਣੇ ਸੁਵਾਮੀ ਕੂੰ ਪਹੁਚਤਾ ਹੈ ਅਰੁ ਸਨਮੁਖ ਹੋਤਾ ਹੈ ਬਹੁੜਿ ਮਹਾਰਾਜ ਕੀ ਬਖਸੀਸ ਕੂੰ ਪਾਵਤਾ ਹੈ॥ ਪ੍ਰ ਜਬ ਇਹ ਜੀਵ ਰੂਪੀ ਰਾਜਾ ਇਸ ਪ੍ਰਕਾਰ ਆਪਣੇ ਦੇਸੁ ਕਾ ਨਯਾਉ ਨ ਕਰੈ ਅਰੁ ਦੁਸਟਾਂ ਸਾਥਿ ਮਿਲ ਜਾਵੈ ਅਰੁਥੁ ਇਹੁ ਜੋ ਬਾਸਨਾ ਕਾ ਅਧੀਨੁ ਹੋਵੈ ਤਬ ਭਗਵੰਤ ਕੇ ਉਪਕਾਰ ਕਾ ਕ੍ਰਿਤਘਨ ਹੋਤਾ ਹੈ ਅਰੁ ਮਹਾ ਦੁਖ ਪਾਵਤਾ ਹੈ॥ 5 ॥

ਤਾਂ ਤੇ ਐਸੇ ਜਾਣ ਤੂੰ ਜੋ ਜੇਤੇ ਸੁਭਾਵ ਇਸ ਮਾਨੁਖ ਕੇ ਸਰੀਰ ਬਿਖੇ ਪਾਏ ਜਾਤੇ ਹੈਂ ਸੋ ਸਭਨਹੁ ਕੇ ਸਾਥ ਇਸ ਕਾ ਸਨਬੰਧ ਹੈ॥ ਅਰੁ ਇਸ ਬਿਖੇ ਇਤਨਾ ਭੇਦ ਹੈ ਕੋਈ ਅਸੁਭ ਹੋਤਾ ਸੋ ਅਸੁਭ ਸੁਭਾਵਹੁ ਕਰ ਇਸ ਜੀਵ ਕਾ ਨਾਸ ਹੋਤਾ ਹੈ ਅਰੁ ਸੁਭ ਸੁਭਾਵਹੁ ਕਰਿ ਉਤਮ ਅਵਸਥਾ ਕੂੰ ਪਾਵਤਾ ਹੈ॥ ਪ੍ਰ ਜਬ ਬਹੁ ਸੁਭਾਵ ਅਨਿਗਿਣਤ ਹੈਂ ਪਰ ਤੌ ਭੀ ਚਾਰ ਪ੍ਰਕਾਰ ਕੇ ਸੁਭਾਵ ਹੈ - ਸੋ ਏਕ ਸੁਭਾਵ ਪਸੂਹੁ ਕਾ ਹੈ ਅਰੁ ਦੂਸਰੇ ਸੁਭਾਵ ਸਿੰਘਹੁ ਕੇ ਹੈਂ ਅਰੁ ਤੀਸਰੇ ਸੁਭਾਵ ਪ੍ਰੇਤਹੁ ਕੇ ਹੈ ਅਰੁ ਚੌਥੇ ਸੁਭਾਵ ਦੇਵਹੁ ਕੇ ਹੈਂ॥ ਸੋ ਪ੍ਰਿਥਮੇ ਜੋ ਇਸ ਮਾਨਖ ਬਿਖੇ ਭੋਗਹੁ ਕੀ ਅਭਲਾਖਾ ਅਰੁ ਤ੍ਰਿਸਨਾ ਹੈ ਸੋ ਪਸੂਹੁ ਕਾ ਹੈ॥ ਅਰਥ ਇਹੁ ਜੋ ਖਾਨ ਪਾਨ ਅਰੁ ਕਾਮਾਦਿਕ ਭੋਗਹੁ ਬਿਖੇ ਲਾਗਤਾ ਹੈ॥ ਬਹੁੜ ਦੂਸਰਾ ਜੋ ਕ੍ਰੋਧ ਕਾ ਸੁਭਾਵ ਹੈ ਸੋ ਤਿਸ ਕਰਿ ਸਿੰਘਾਦਿਕ ਬਯੋਹਾਰ ਸਿਧ ਹੋਤਾ ਹੈ ਜੈਸੇ ਮਨ ਕਰਮ ਬਚਨ ਕਰ ਕੈ ਈਰਖਾ ਅਰੁ ਦੁਰਬਚਨ ਅਰੁ ਜੀਵ ਘਾਤ ਕਰਣਾ॥ ਅਰੁ ਤੀਸਰਾ ਭੂਤਹੁ ਕਾ ਸੁਭਾਵ ਮਾਨੁਖ ਬਿਖੇ ਇਹ ਹੈ ਜੋ ਛਲ ਪ੍ਰਪੰਚ ਦੰਭ ਕਪਟ ਕਰਣਾ ਅਰੁ ਉਪਾਧ ਉਠਾਉਣੀ॥ ਬਹੁੜਿ ਚੌਥਾ ਸੁਭਾਵ ਜੋ ਦੇਵਤਿਹੁ ਕਾ ਹੈ ਸੋ ਇਸ ਬਿਖੇ ਬੁਧ ਹੈ॥ ਸੋ ਬੁਧ ਕਰ ਕੈ ਦੋਇ ਕਾਰਜ ਕਰਤਾ ਹੈ॥ ਅਰੁਥ ਇਹੁ ਜੋ ਬਿਦਯਾ ਅਰੁ ਭਲਾਈ ਅਰ ਬੈਰਾਗ ਕੂੰ ਅੰਗੀਕਾਰ ਕਰਤਾ ਹੈ ਅਰੁ ਨਿੰਦ ਕਰਮਹੁ ਤੇ ਆਪ ਕੂੰ ਬਚਾਇ ਰਾਖਤਾ ਹੈ ਅਰੁ ਸ੍ਰਬ ਜੀਵਹੁ ਕੇ ਸੁਖ ਕੂੰ ਚਾਹਤਾ ਹੈ॥ ਬੁਧ ਸੁਭ ਕਰਤਤਹੁ ਬਿਖੇ ਪ੍ਰਸੰਨਤਾ ਕੂੰ ਪਾਵਤੀ ਹੈ॥ ਜੜਤਾ ਅਰੁ ਮੂਰਖਤਾ ਕੇ ਬਿਘਨਹੁ ਕੂੰ ਸਮਝਤਾ ਹੈ॥ ਸੋ ਇਸ ਮਾਨੁਖ ਕੇ ਸਰੀਰ ਬਿਖੇ ਇਹ ਚਾਰ ਪ੍ਰਕਾਰ ਕੇ ਸੁਭਾਵ ਪਾਏ ਜਾਤੇ ਹੈਂ ਜੈਸੇ ਪਸੂ ਅਰੁ ਕੂਕਰ ਅਰੁ ਭੂਤ ਅਰੁ ਦ੍ਵੈਸ ਭਾਵ ਆਗੈ ਵਰਨਣ ਕੀਏ ਹੈਂ॥

ਪਰ ਕੂੰਕਰ ਜੋ ਜਗਤ ਬਿਖੇ ਅਪਵਿਤ੍ਰ ਕਹੀਤਾ ਹੈ ਸੋ ਤਿਸ ਕਾ ਸੁਭਾਵ ਹੀ ਅਪਵਿਤ੍ਰ ਹੈ॥ ਸਰੀਰ ਕਰਿ ਕੈ ਅਪਵਿਤ੍ਰਤਾ ਕਛੁ ਉਸ ਕੀ ਪ੍ਰਗਟ ਨਹੀਂ ਪਰੁ ਕ੍ਰੋਧ ਕਰ ਕੈ ਜੋ ਜੀਵਹੁ ਕੂੰ ਫਾੜਨੇ ਲਾਗਤਾ ਹੈ ਤਾਂ ਤੇ ਅਪਵਿਤ੍ਰ ਹੈ॥ ਤੈਸੇ ਹੀ ਸੂਕ੍ਰ ਭੀ ਸਰੀਰ ਕਰਿ ਕੈ ਅਪਵਿਤ੍ਰ ਨਹੀਂ ਪਰੁ

ਅਪਵਿਤ੍ਰ ਪਦਾਰਥਹੁ ਕੀ ਜੋ ਤ੍ਰਿਸਨਾ ਕਰਤਾ ਹੈ ਸੋ ਤਿਸ ਕਰ ਕੈ ਅਪਵਿਤ੍ਰ ਕਹੀਤਾ ਹੈ।। ਤਾਂ ਤੇ ਕੂਕਰ ਅਰੁ ਸੂਕਰ ਕਾ ਜੋ ਅਰਥੁ ਹੈ ਸੋ ਕਾਮ ਅਰੁ ਕ੍ਰੋਧ ਕੇ ਸੁਭਾਵ ਕੀ ਅਪਵਿਤ੍ਰਤਾ ਹੈ ਅਰੁ ਇਹੀ ਸੁਭਾਵ ਮਾਨੁਖ ਬਿਖੇ ਪਾਏ ਜਾਤੇ ਹੈਂ। ਸੋ ਇਨਹ ਕਰਿ ਮਾਨੁਖ ਭੀ ਅਪਵਿਤ੍ਰ ਕਹੀਤਾ ਹੈ।। ਤੈਸੇ ਹੀ ਭੂਤ ਅਰੁ ਦੇਵਤਾ ਜੋ ਬਰਨਨ ਕੀਏ ਹੈਂ ਸੋ ਇਹ ਭੀ ਸੁਭਾਵ ਹੀ ਕਾ ਅਰਥ ਹੈ।। ਪਰ ਇਸ ਮਾਨੁਖ ਕੂੰ ਸੰਤ ਜਨਹੁ ਅਰੁ ਸਾਸਤ੍ਰਹੁ ਨੇ ਇਹੀ ਉਪਦੇਸ ਕੀਯਾ ਹੈ ਜੋ ਬੁਧ ਰੂਪੀ ਨ੍ਰਿਮਲ ਪ੍ਰਕਾਸ ਕਰ ਕੈ ਮਨ ਰੂਪੀ ਭੂਤ ਕੇ ਲਛਨਹੁ ਕੂੰ ਪਛਾਨਹ ਅਰੁ ਉਨ ਕੀ ਬੁਰਯਾਈਆਂ ਜਾਨਿ ਕਰ ਅਪਣੇ ਚਿਤ ਸੋ ਤਯਾਗੋ ਤਬ ਉਨ ਕੇ ਬਿਘਨ ਅਰੁ ਛਲੁ ਤੇ ਇਸ ਕੀ ਰਖਯਾ ਹੋਵੈ।। ਇਸੀ ਪਰ ਅਬਿਯਾ ਭੀ ਕਹਾ ਹੈ ਜੋ ਸ੍ਰਬ ਮਾਨੁਖਹੁ ਬਿਖੇ ਸ਼ੈਤਾਨ ਕਾ ਸੁਭਾਵ ਪ੍ਰਤਖ ਹੈ ਅਰੁ ਮੇਰੇ ਬਿਖੇ ਭੀ ਹੈ।। ਪਰ ਮਹਾਰਾਜ ਨੇ ਉਸ ਕੇ ਉਪਰ ਮੁਝ ਕੂੰ ਪ੍ਰਬਲ ਕੀਯਾ ਹੈ।। ਤਾਂ ਤੇ ਮੈ ਨੇ ਉਸ ਕੂੰ ਜੀਤ ਕਰ ਬਸੀਕਾਰ ਕਰਿ ਰਾਖਯਾ ਹੈ ਅਰੁ ਉਸ ਕਾ ਬਿਘਨ ਮੁਝ ਕੂੰ ਸਪ੍ਰਸਨ ਹੀ ਕਰਤਾ ਹੈ।। ਤੈਸੇ ਹੀ ਇਸ ਮਾਨੁਖ ਕੂੰ ਭੀ ਸੰਤ ਜਨਹੁ ਨੇ ਇਸੀ ਪ੍ਰਕਾਰ ਆਗਯਾ ਕਰੀ ਹੈ ਜੋ ਤ੍ਰਿਸਨਾ ਰੂਪੀ ਸੂਕਰ ਅਰੁ ਕ੍ਰੋਧ ਰੂਪੀ ਕੂਕਰ ਕੂੰ ਆਪਣੈ ਅਧੀਨ ਕਰ ਜੋ ਬੁੱਧ ਕੀ ਆਗਯਾ ਅਨਸਾਰ ਬਰਤਹਿ। ਤਬ ਇਸ ਕਰਕੈ ਤੇਰੇ ਸਬ ਹੀ ਸੁਭਾਵ ਭਲੇ ਹੋ ਜਾਵਹਗੇ।। ਅਰੁ ਇਹੁ ਸੁਭਾਵ ਹੀ ਤੇਰੇ ਪੁਨਹੁ ਕੇ ਬੀਜ ਹੋਵੈਂਗੇ। ਅਰੁ ਜਬ ਤੂੰ ਇਸ ਤੇ ਬਿਪ੍ਰਜੇ ਹੋ ਕਰ ਬਰਤੈਂਗਾ ਅਰਥ ਇਹੁ ਜੋ ਉਨ ਕੇ ਅਧੀਨ ਹੋਇ ਚਲਹਗਾ ਤਬ ਤੇਰੇ ਸੁਭਾਵ ਹੀ ਤੇਰੇ ਭਾਗਹੁ ਕੀ ਹੀਣਤ ਕਾ ਬੀਜ ਹੋਵਹੁਗੇ। ਪਰ ਜਬ ਇਸ ਜੀਵ ਕੂੰ ਜਾਗ੍ਰਤ੍ਰ ਅਵਸਥਾ ਵਿਖੇ ਅਥਵਾ ਸੁਪਨੇ ਬਿਖੇ ਅਪਨੀ ਅਪਨੀ ਅਵਸਥਾ ਪ੍ਰਤਖ ਹੋਵੈ ਤਬ ਨਿਰਸੰਦੇਹ ਜਾਨੈ ਜੋ ਮੈ ਭੂਤਹੁ ਅਰੁ ਕੂਕਰਹੁ ਕੇ ਅਧੀਨ ਹੂੰ ਅਰੁ ਉਨ ਕੀ ਆਗਯਾ ਬਿਖੇ ਬਰਤਤਾ ਹੈ।।

ਸੋ ਇਸ ਕਾ ਦ੍ਰਿਸਟਾਂਤ ਇਹੁ ਹੈ ਜੈਸੇ ਕੋਊ ਧਰਮਾਤਮਾ ਪੁਰਖ ਹੋਵੈ ਅਰੁ ਕਿਸੀ ਧਰਮਹੀਨ ਤਾਮਸੀ ਪੁਰਖ ਕੇ ਬੰਦੀਖਾਨੇ ਬਿਖੇ ਬਾਂਧ ਰਾਖੀਏ ਤਬ ਵਹੁ ਧਰਮਾਤਮਾ ਪੁਰਖ ਮਹਾ ਦੁਖੀ ਅਰੁ ਕਸਟਬਾਨ ਹੋਤਾ ਹੈ।। ਬਹੁੜਿ ਜੈਸੇ ਕੋਈ ਦੇਵਤਾ ਕਿਸੀ ਕੂਕਰ ਅਥਵਾ ਕਿਸੀ ਦੈਂਤ ਕੀ ਬੰਦ ਬਿਖੇ ਆਇ ਫਸੇ ਤਬ ਉਸ ਕੀ ਭੀ ਮਹਾ ਨੀਚ ਅਵਸਥਾ ਹੋਤੀ ਹੈ।। ਤੈਸੇ ਹੀ ਜਬ ਇਹ ਮਾਨੁਖ ਬੀਚਾਰ ਕਰੈ ਅਰ ਜਥਾਰਥ ਨੀਤ ਕੀ ਦ੍ਰਿਸਟ ਕਰਿ ਦੇਖੇ। ਤਬ ਜਾਣੈ ਜੋ ਦਿਨ ਅਰ ਰਾਤ੍ਰੇ ਬਿਖੇ ਮੈ ਅਪਣੈ ਮਨ ਕੀ ਬਾਸਨਾ ਅਧੀਨ ਹੂੰ।। ਅਰੁ ਜਦਪ ਦੇਖਣੈ ਬਿਖੇ ਮਾਨੁਖ ਕਾ ਸਰੀਰੁ ਦ੍ਰਿਸਟ ਆਵਤਾ ਹੈ ਪਰ ਤਉ ਭੀ ਸੁਭਾਵ ਕਰ ਕੈ ਕੂਕਰ ਅਰੁ ਸੂਕਰ ਅਰੁ ਭੂਤਹੁ ਕਾ ਸਰੂਪ ਹੈ।

ਸੋ ਪ੍ਰਲੋਕ ਬਿਖੇ ਇਹੁ ਬਾਰਤਾ ਪ੍ਰਸਿਧ ਹੋਵੈਗੀ ਜੋ ਜੈਸਾ ਇਸ ਕਾ ਸੁਭਾਵ ਹੈ ਸੋ ਤੈਸੇ ਹੀ ਸਰੀਰ ਕੂੰ ਪਾਵੈਗਾ।। ਤਾਂ ਤੇ ਜਿਸ ਮਾਨੁਖ ਬਿਖੇ ਤ੍ਰਿਸਨਾ ਅਰੁ ਅਭਲਾਖਾ ਅਧਕ ਹੈ ਸੋ ਸੂਕਰ ਕੇ ਸਰੀਰ ਕੂੰ ਪਾਵੈਗਾ। ਅਰੁ ਲੋਭੀ ਹੈ ਜੋ ਜਬ ਕੋਊ ਸੁਪਨੇ ਬਿਖੇ ਆਪ ਕੂੰ ਕੂਕਰ ਅਰੁ ਸਿੰਘ ਦੇਖੇ ਤਬ ਇਸ ਕਾ ਅਰਥ ਇਹੀ ਹੋਤਾ ਹੈ ਜੋ ਉਸ ਪੁਰਖ ਕਾ ਸੁਭਾਵ ਅਪਵਿਤ੍ਰ ਹੈ।। ਕਾਹੇ ਤੇ ਜੋ ਸੁਪਨਾ ਭੀ ਪ੍ਰਲੋਕ ਕੂੰ ਲਖਾਵਣੇਹਾਰਾ ਹੈ। ਇਸ ਕਰਕੈ ਜੋ ਸੁਪਨੇ ਬਿਖੇ ਭੀ ਇਹੁ ਮਾਨੁਖ ਇੰਦ੍ਰੀਆਂਦਿਕ ਦੇਸ ਤੇ ਉਲੰਘਤ ਹੋਇ ਜਾਤਾ ਹੈ।। ਤਾਂ ਤੇ ਸੁਪਨੇ ਬਿਖੇ ਜੀਵ ਕੂੰ ਆਪਨਾਂ ਸਰੂਪ ਸੁਭਾਵ ਕੇ ਅਨਸਾਰ ਭਾਸਤਾ ਹੈ ਅਰੁ ਜੈਸਾ ਇਸ ਕਾ ਰਿਦਾ ਹੋਤਾ ਹੈ ਤੈਸਾ ਹੀ ਅਕਾਰ ਪ੍ਰਤਖ ਦੇਖਤਾ ਹੈ।। ਪਰ ਇਸ ਬਚਨ ਕੇ ਨਿਰਨੇ ਕਾ ਬਖਯਾਣ ਕਰਣਾ ਭੀ ਬਹੁਤ ਬਿਸਤਾਰ ਕਰ ਹੋਤਾ ਹੈ ਤਾਂ ਤੇ ਇਸ ਗ੍ਰੰਥ ਬਿਖੇ ਕਹਯਾ ਨਹੀਂ ਜਾਤਾ।।

ਬਹੁੜਿ ਤੈ ਨੇ ਇਸ ਪ੍ਰਕਾਰ ਜਾਣਿਆ ਜੋ ਇਹ ਚਯਾਰੋਂ (ਚਾਰੋ) ਸੁਭਾਵ ਤੇਰੇ ਅੰਤਹਕਰਣ ਬਿਖੇ ਪ੍ਰਗਟ ਹੈਂ।। ਤਬ ਤੂੰ ਅਪਣੇ ਕਰਤਤ ਕੂੰ ਬਿਚਾਰ ਕਰਿ ਕੈ ਦੇਖੁ ਜੋ ਇਨਹੁ ਚਾਰਯੋ ਸੁਭਾਵਹੁ ਬਿਖੇ ਮੈ ਕਿਸ ਕੀ ਆਗਯਾ ਬਿਖੇ ਚਲਤਾ ਹੂੰ ਅਰੁ ਇਹੁ ਬਾਰਤਾ ਭੀ ਨਿਸਚੈ ਜਾਣੁ ਜੋ ਜੈਸੀ ਕ੍ਰਿਯਾ ਤੂੰ ਕਰਤਾ ਹੈਂ ਤੈਸਾ ਹੀ ਸੁਭਾਵ ਤੇਰੇ ਰਿਦੇ ਬਿਖੇ ਦ੍ਰਿਢ ਹੋਤਾ ਹੈ ਅਰੁ ਉਹੀ ਸੁਭਾਵ ਪ੍ਰਲੋਕ ਬਿਖੇ ਭੀ ਤੇਰਾ ਸੰਗੀ ਹੋਤਾ ਹੈ।। ਸੋ ਸਰਬ ਸੁਭਾਵਹੁ ਕਾ ਮੂਲ ਇਹੁ ਚਾਰੇ ਕ੍ਰਿਤਾਂ ਹੈਂ।। ਪਰ ਜਬ ਤੂੰ ਤ੍ਰਿਸਨਾ ਰੂਪੀ ਸੂਕਰ ਕੀ ਆਗਯਾ ਬਿਖੇ ਚਲਤਾ ਹੈਂ ਤਬ ਤੇਰੇ ਰਿਦੇ ਮੈ ਅਪਵਿਤ੍ਰ ਅਰੁ ਨਿਲੱਜਤਾ ਅਰੁ ਲੰਪਟਤਾਈ ਅਰੁ ਈਰਖਾ ਆਦਿਕ ਅਪਲਛਣ ਪ੍ਰਗਟ ਹੋਤੇ ਹੈਂ।। ਅਰੁ ਜਬ ਤੂੰ ਤ੍ਰਿਸਨਾ ਰੂਪੀ ਸੂਕਰ ਆਪਣੇ ਅਧੀਨ ਕਰਹਿ ਤਬ ਸੰਜਮ ਅਰੁ ਸੀਤਲਤਾ ਅਰੁ ਗੰਭੀਰਤਾ ਅਰੁ ਨ੍ਰਿਲੋਭਤਾ ਅਰੁ ਨ੍ਰਿਾਸਤਾ ਆਦਿਕ ਸੁਭ ਗੁਣ ਉਪਜਤੇ ਹੈਂ।। ਬਹੁੜਿ ਜਬ ਤੂੰ ਕ੍ਰੋਧ ਕਰ ਕੈ ਅਧੀਨ ਹੋਤਾ ਹੈਂ ਤਬ ਕੁਟਲਤਾ ਅਰੁ ਨਿਹਸੰਕਤਾ ਅਰੁ ਬਢਾਵਣਾ ਅਰੁ ਅਪਨੀ ਉਤਪਤ ਕਰਣੀ ਅਰੁ ਦੁਰਬਚਨ ਬੋਲਣਾ ਅਰੁ ਮਾਨ ਚਾਹਣੀ ਅਰੁ ਅਵਰ ਜੀਵਹੁ ਕੂੰ ਨੀਚ ਜਾਣਨਾਂ ਅਰੁ ਉਨ ਕੂੰ ਦੁਖਾਵਣਾ।। ਸੋ ਇਤਿਆਦਿਕ ਅਵਰ ਅਵਰ ਗੁਣ ਉਤਪਤ ਹੋਤੇ ਹੈਂ।। ਅਰੁ ਜਬ ਤੂੰ ਇਸ ਕ੍ਰੋਧ ਰੂਪੀ ਕੂਕਰ ਕੂੰ ਅਪਣੇ ਬਸੀਕਾਰ ਕਰਹਿ ਤਬ ਧੀਰਜੁ ਅਰੁ ਸਹਣਸੀਲਤਾ ਅਰੁ ਇਸਥਿਤ ਅਰੁ ਪ੍ਰਾਕ੍ਰਮ ਅਰੁ ਦਯਾ ਆਦਿਕ ਸੁਭ ਗੁਣ ਪ੍ਰਗਟ ਹੋਤੇ ਹੈਂ।। ਬਹੁੜਿ ਜਬ ਤੂੰ ਸ਼ੈਤਾਂਨਹੁ ਅਰੁ ਭੂਤਹੁ ਕੀ ਆਗਯਾ ਮੈਂ ਬਰਤਤਾ ਹੈਂ ਤਬ ਤੇਰੇ ਰਿਦੇ ਬਿਖੇ ਮਲੀਨਤਾ ਅਰੁ ਚੋਰੀ ਅਰੁ ਕਪਟ ਅਰੁ ਦੁਬਿਧਯਾ ਅਰ ਛਲ ਪਖੰਡ ਆਦਿਕ ਬੁਰੇ ਸੁਭਾਵ ਆਨਿ ਉਤਪਤ ਹੋਤੇ ਹੈਂ।। ਅਰੁ ਜਬ ਤੂੰ ਇਸ ਕੂੰ ਆਪਣੇ ਬਸੀਕਾਰ ਕਰਹਿ ਅਰੁ ਸੈਤਾਨੀ ਸੁਭਾਵ ਕੇ ਅਧੀਨੁ ਨ ਹੋਵਹ ਤਬ ਤੇਰੀ ਬੁਧ ਕੀ ਜੀਤ ਹੋਤੀ ਹੈ।। ਤਾਂ ਤੇ ਬਿਬੇਕ ਅਰੁ ਪਛਾਣ ਅਰੁ ਬਿਦਯਾ ਅਰੁ ਅਨਭਵ

ਅਰੁ ਸਰਬ ਜੀਵਹੁ ਕਾ ਭੁਲਾ ਚਾਹਿਣਾ ਅਰ ਭਾਵ ਆਦਿਕ ਗੁਣ ਬਧਤੇ ਹੈਂ।

ਸੋ ਇਹ ਭਲੇ ਸੁਭਾਵ ਜਬ ਤੇਰੇ ਰਿਦੇ ਪ੍ਰਗਟਤੇ ਹੈਂ ਤਬ ਸ੍ਰਬਦਾ ਤੇਰੇ ਸੰਗੀ ਹੋਤੇ ਹੈਂ ਅਰੁ ਅਬਿਨਾਸੀ ਹੈਂ ਅਰੁ ਤੇਰੇ ਪਰਮ ਭਾਗਹੁ ਕਾ ਬੀਜ ਹੈ।। ਬਹੁੜਿ ਜੋ ਅਸੁਭ ਕਰਮ ਹੈਂ ਸੋ ਤਿਨਹੁ ਕਰਿ ਕੈ ਰਿਦੇ ਕਾ ਸੁਭਾਵ ਭੀ ਬੁਰਾ ਹੋ ਜਾਤਾ ਹੈ।। ਤਾਂ ਤੇ ਪਾਪ ਭੀ ਇਸੀ ਕਾ ਨਾਮ ਕਹੀਤਾ ਹੈ।। ਅਰੁ ਜਿਸ ਕਰਮ ਕਰਕੈ ਰਿਦੇ ਕਾ ਸੁਭਾਵ ਭਲਾ ਹੋਵੈ ਤਿਸ ਕੂੰ ਭਜਨ ਕਹੀਤਾ ਹੈ।। ਸੋ ਸਰਬ ਕਰਤਤ ਇਸ ਮਾਨੁਖ ਕੈ ਸੁਭ ਅਸੁਭ ਕ੍ਰਿਆ ਤੇ ਕਦਾਚਿਤ ਭਿੰਨ ਨਹੀਂ ਹੋਤੇ।। ਪਰ ਮਾਨੁਖ ਕਾ ਇਹੁ ਜੋ ਰਿਦਾ ਹੈ ਸੋ ਦਰਪਣ ਬਤ ਨਿਰਮਲ ਹੈ ਅਰ ਜੇਤੇ ਬੁਰੇ ਸੁਭਾਵ ਹੈਂ ਧੂਏਂ ਅਰੁ ਜੰਗਾਲ ਕੀ ਨਯਾਈ ਹੈਂ।। ਤਾਂ ਤੇ ਇਨਹੁ ਕਰ ਕੈ ਰਿਦਾ ਰੂਪੀ ਦਰਪਣ ਐਸਾ ਮਲੀਨ ਹੋਇ ਜਾਤਾ ਹੈ ਜੋ ਭਗਵੰਤ ਕੇ ਦਰਵਾਰ ਕੂੰ ਨਹੀਂ ਦੇਖ ਸਕਤਾ ਅਰੁ ਆਵਰਣ ਕਰ ਕੈ ਅੰਧਾ ਹੋਇ ਜਾਤਾ ਹੈ।। ਬਹੁੜਿ ਇਹੁ ਜੋ ਭਲੇ ਸੁਭਾਵ ਹੈਂ ਸੋ ਪ੍ਰਕਾਸ ਰੂਪ ਹੈਂ।। ਤਾਂ ਤੇ ਇਨਹੁ ਕਰ ਕੈ ਰਿਦੇ ਰੂਪੀ ਦਰਪਣ ਤੇ ਅਬਿਦਯਾ ਰੂਪੀ ਮੈਲ ਉਤ੍ ਜਾਤੀ ਹੈ।। ਇਸੀ ਪਰ ਅਬਿਯਾਇ ਭੀ ਕਹਾ ਹੈ ਜੋ ਜਬ ਕੋਈ ਨਿੰਦਕ ਕਰਮ ਤੁਝ ਤੇ ਹੋ ਜਾਵੈ ਜਬ ਉਸ ਤੇ ਪੀਛੈ ਸੀਘ੍ਰ ਹੀ ਭਲਾ ਕਰਮ ਕਰ ਤਬ ਵਹੁ ਬੁਰਯਾਈ ਨਿਸਟ ਹੋਇ ਜਾਤੀ ਹੈ।। ਸੋ ਪ੍ਰਲੋਕ ਬਿਖੇ ਜੈਸਾ ਕਿਸੀ ਕਾ ਰਿਦਾ ਹੈ ਸੋ ਪ੍ਰਗਟ ਹੋਤਾ ਹੈ।। ਜਿਸ ਕਾ ਰਿਦਾ ਨਿਰਮਲ ਹੈ ਸੋ ਵਹੁ ਭੀ ਪ੍ਰਤਖ ਹੋਤਾ ਹੈ।।

ਇਸੀ ਪਰ ਸਾਂਈ ਭੀ ਕਹਾ ਹੈ - ਜੋ ਜਿਸ ਕਾ ਰਿਦਾ ਸੁਧ ਹੈ ਸੋ ਭਗਵੰਤ ਕੀ ਓਰੁ ਉਸ ਹੀ ਕੂੰ ਮਾਰਗ ਖੁਲਤਾ ਹੈ ਕਾਹੇ ਤੇ ਜੋ ਇਸ ਮਾਨੁਖ ਕਾ ਰਿਦਾ ਆਦਿ ਉਤਪਤ ਬਿਖੇ ਲੋਹੇ ਕੀ ਨਯਾਈ ਹੋਤਾ ਹੈ।। ਸੋ ਤਿਸ ਕੂੰ ਬਿਧ ਸੰਜੁਗਤ ਜਬ ਮਰਦਨ ਕਰੀਏ ਤਬ ਦਰਪਨ ਬਤ ਨਿਰਮਲ ਹੋਤਾ ਹੈ ਅਰੁ ਸਰਬ ਪਦਾਰਥਹੁ ਕੂੰ ਲਖਾਵਤਾ ਹੈ।। ਅਰੁ ਜਬ ਉਸ ਕੂੰ ਮਰਦਨ ਨ ਕਰੀਏ ਤਬ ਐਸਾ ਮਲੀਨ ਹੋ ਜਾਤਾ ਹੈ ਜੋ ਉਸ ਬਿਖੇ ਕਛੁ ਨ੍ਰਿਮਲਤਾ ਨਹੀ ਭਾਸਤੀ ਅਰੁ ਕਿਸੀ ਪਦਾਰਥ ਕੂੰ ਭੀ ਨਹੀ ਲਖਾਵਤਾ।। ਇਸੀ ਪਰ ਸਾਂਈ ਭੀ ਕਹਾ ਹੈ ਜੋ ਨ੍ਰਿਸੰਦੇਹ ਮੈ ਤੁਮਾਰੇ ਰਿਦੇ ਕੀ ਓਰ

ਦੇਖਤਾ ਹੂੰ। ਅਰੁ ਜੈਸੇ ਤੁਮ ਕਰਤਤ ਕਰਹੋ ਸੋ ਤਿਸ ਕੀ ਓਰ ਭੀ ਦੇਖਤਾ ਹੂੰ।। 6 ।।

------ਚਲਦਾ----

ਯਤਨ ਕੀਤਾ ਜਾ ਰਿਹਾ ਹੈ ਕਿ ਅਗਲੇ ਅੰਕ ਵਿਚ ਇਸ ਸਿਰਲੇਖ ਹੇਠ ਦਿਤੇ ਜਾ ਰਹੇ ਬਚਨਾਂ ਨੂੰ ਆਮ ਜਨ ਸਧਾਰਨ ਦੇ ਸਮਝ ਆਉਣ ਵਾਲੀ ਬੋਲੀ ਵਿਚ ਲਿਖਿਆ ਜਾਵੇਗਾ।

## ਪੁਸਤਕ ਰੀਵੀਉ - ਸੁਰਤਿ ਸਬਦਿ ਮਾਰਗ

ਲੇਖਕ : ਸੰਤ ਬਾਬਾ ਵਰਿਆਮ ਸਿੰਘ ਜੀ
ਪ੍ਰਕਾਸ਼ਕ : ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ
781, 3-ਬੀ-1, ਮੁਹਾਲੀ
ਕੀਮਤ - 50/- ਰੁ:

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੇ ਮੁਖੀ ਤੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਦੇ ਅਨੁਭਵੀ ਬਚਨਾਂ ਨੂੰ ਕਲਮ ਬੰਦ ਕੀਤੀ ਗਈ ਇਹ ਪਹਿਲੀ ਪੁਸਤਕ ਹੈ ਜੋ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਨੇ ਛਾਪੀ ਹੈ। ਮਨੁੱਖ ਮੁੱਢ ਕਦੀਮ ਤੋਂ ਹੀ ਆਪਣੇ ਆਪ ਬਾਰੇ ਸੋਚਦਾ ਆ ਰਿਹਾ ਹੈ ਕਿ ਮੈਂ ਕੀ ਹਾਂ? ਮੇਰਾ ਮਨੋਰਥ ਕੀ ਹੈ? ਇਸ ਮਨੋਰਥ ਦੀ ਪੂਰਤੀ ਕਿਸ ਤਰ੍ਹਾਂ ਹੋ ਸਕਦੀ ਹੈ? ਇਸ ਪ੍ਰਕਾਰ ਦੀ ਸੋਝੀ ਹੁੰਦਿਆਂ ਹੋਇਆਂ ਵੀ ਸੱਚੇ ਗੁਰੂ ਦੀ ਘਾਟ ਤੋਂ ਬਿਨਾਂ ਮਨੁੱਖ ਬਾਹਰੀ ਮਾਰਗ ਦਾ ਸਹਾਰਾ ਲੈਂਦਾ ਰਿਹਾ। ਨਤੀਜਾ ਇਹ ਹੋਇਆ ਕਿ ਇਨ੍ਹਾਂ ਅਪਨਾਏ ਮਾਰਗਾਂ ਤੇ ਚੱਲਣ ਕਰਕੇ ਅੱਧ-ਵਾਟੇ ਹੀ ਰਹਿ ਗਿਆ ਕਿਉਂਕਿ ਬਾਹਰੀ ਮਾਰਗ, ਸੱਚੇ ਗੁਰੂ ਦੀ ਅਗਵਾਈ ਤੋਂ ਬਿਨਾਂ ਹੀ ਹੁੰਦੇ ਹਨ।

ਅੰਦਰੂਨੀ ਜਾਂ ਆਤਮ ਮਾਰਗ ਤੇ ਚਲਣਾ ਔਖਾ ਹੈ। ਇਹ 'ਪਰਮ ਪੁਰਖ ਦੀ ਘਾਟੀ' ਹੈ। ਬਿਰਤੀਆਂ ਨੂੰ ਇਕਾਗਰ ਤੇ ਸੁਰਤੀ ਨੂੰ ਅੰਤਰਮੁਖੀ ਕਰਨਾ ਪੈਂਦਾ ਹੈ। ਸੁਰਤ ਨੂੰ ਪਦਾਰਥਾਂ ਵਲੋਂ ਹਟਾ ਕੇ ਲਿਵ ਵਾਲੇ ਪਾਸੇ ਲਾਉਂਣਾ ਪੈਂਦਾ ਹੈ। ਇਹ ਔਖਾ ਤੇ ਬਿਖੜਾ ਪੈਂਡਾ ਹੈ। ਇਹ ਮਾਰਗ ਸੰਜਮ, ਸ਼ਰਧਾ, ਵਿਸ਼ਵਾਸ਼ ਤੇ ਅਭਿਆਸ ਦੀ ਮੰਗ ਕਰਦਾ ਹੈ। ਇਹ ਸਾਰੀਆਂ ਗੱਲਾਂ ਗੁਰੂ ਕਿਰਪਾ ਦੁਆਰਾ ਹੀ ਪ੍ਰਾਪਤ ਹੁੰਦੀਆਂ ਹਨ। ਇਸ ਪੁਸਤਕ ਰਾਹੀਂ ਮਹਾਨ ਰੂਹਾਨੀ ਲੇਖਕ ਨੇ ਪਾਠਕਾਂ ਨੂੰ ਗੁਰੂ ਪ੍ਰਤਿ ਅਥਾਹ ਵਿਸ਼ਵਾਸ਼ ਅਤੇ ਆਪਾ ਸਮਰਪਣ ਦਾ ਹੀ ਆਦੇਸ਼ ਦਿਤਾ ਹੈ। ਪ੍ਰਭੂ ਹੁਕਮ ਵਿਚ ਚਲਿਆਂ ਹੀ ਹਉਮੈ ਦਾ ਖਾਤਮਾ ਹੁੰਦਾ ਹੈ।

ਸੁਰਤਿ ਦਾ ਅੰਤਰਮੁਖੀ ਮਾਰਗ, ਸਥੂਲ ਤੋਂ ਸੂਖਮ ਹੁੰਦਾ ਜਾਂਦਾ ਹੈ। ਇਸ ਮਾਰਗ ਦੇ ਗੁੱਝੇ ਭੇਦਾਂ ਨੂੰ ਸਰਲ ਤੇ ਸਪਸ਼ਟ ਭਾਸ਼ਾ ਵਿਚ ਮਹਾਂਪੁਰਖਾਂ ਨੇ ਇਸ ਪੁਸਤਕ ਵਿਚ ਬਿਆਨ ਕੀਤਾ ਹੈ। ਅਨੁਭਵੀ ਤੱਤਾਂ ਨੂੰ ਜੋ ਰਹੱਸਮਈ ਭਾਵ ਗੁੱਝੇ ਭੇਦਾਂ ਵਾਲੇ ਹੁੰਦੇ ਹਨ, ਅਧਿਆਤਮਕ ਮਾਰਗ, ਆਤਮਾ ਦਾ ਪ੍ਰਮਾਤਮਾ ਵੱਲ ਨੂੰ ਸਫਰ ਹੁੰਦਾ ਹੈ। ਇਹ ਮਾਰਗ ਭਾਵੇਂ ਸੰਕੇਤ ਮਾਤਰ ਹੀ ਬਿਆਨ ਕੀਤਾ ਜਾਂਦਾ ਹੈ, ਪ੍ਰੰਤੂ ਫਿਰ ਵੀ ਇਹ ਜਗਿਆਸੂ ਨੂੰ ਆਤਮ ਮਾਰਗ ਦੇ ਪੰਧ ਉਤੇ ਤੋਰਨ ਲਈ ਸਫਲ ਸਿੱਧ ਹੋ ਸਕਦਾ ਹੈ। ਪਿਆਸੇ ਨੂੰ ਜਦੋਂ ਇਕ ਚੂਲੀ ਪਾਣੀ ਦੀ ਪੀਣ ਨੂੰ ਮਿਲਦੀ ਹੈ ਤਾਂ ਉਸ ਦੀ ਪਿਆਸ ਬੁਝਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਗੁਰੂ ਕ੍ਰਿਪਾ ਦੁਆਰਾ ਫਿਰ ਉਹ ਆਪ ਯਤਨ ਕਰਦਾ ਹੈ ਤਾਂ ਫਿਰ ਓਹੀ ਪੂਰੀ ਓਕ ਭਰ ਕੇ ਪੀਣ ਦੇ ਸਮਰੱਥ ਹੋ ਜਾਂਦਾ ਹੈ। ਇਹੋ ਤਰੀਕਾ ਮਹਾਂਪੁਰਖਾਂ ਨੇ ਇਸ ਪੁਸਤਕ ਰਾਹੀਂ ਵਰਣਨ ਕੀਤਾ ਹੈ।

'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਦਾ ਇਲਾਹੀ ਬਚਨ ਓਦੋਂ ਅਮਲੀ ਰੂਪ ਵਿਚ ਸਾਹਮਣੇ ਆਉਂਦਾ ਹੈ, ਜਦੋਂ ਅਸੀਂ ਦੇਖਦੇ ਹਾਂ ਕਿ ਮਹਾਂਪੁਰਖਾਂ ਦੀ ਇਸ ਪੁਸਤਕ ਨੂੰ ਪੜ੍ਹਨ ਵਾਲੇ ਆਤਮ ਮਾਰਗ ਦੇ ਪਾਂਧੀ ਬਣਦੇ ਜਾ ਰਹੇ ਹਨ। ਵਿਦਿਆ ਦੇ ਵਿਚਾਰਨ ਤੋਂ ਭਾਵ, ਪਰਉਪਕਾਰ ਦਾ ਅਸਲ ਮੰਤਵ ਓਦੋਂ ਹੀ ਪੂਰਾ ਹੁੰਦਾ ਹੈ, ਜਦੋਂ ਅਧਿਆਤਮਵਾਦੀ ਆਪਣੇ ਆਤਮ ਗਿਆਨ ਨੂੰ ਦੂਸਰਿਆਂ ਦੇ ਕਲਿਆਣ ਪ੍ਰਤਿ ਵਰਤਦੇ ਹਨ।

ਇਹ ਪੁਸਤਕ ਥੋੜੀ ਲਾਗਤ ਦੇ ਬਦਲੇ ਇਕ ਮਨੁੱਖ ਨੂੰ ਸਾਰੀ ਜ਼ਿੰਦਗੀ ਦੀ ਤ੍ਰਿਪਤੀ ਪ੍ਰਦਾਨ ਕਰਨ ਦੇ ਸਮਰੱਥ ਹੈ। ਇਸ ਦਾ ਹਰ ਪੰਨਾ, ਹਰ ਸ਼ਬਦ, ਆਤਮਾ ਨੂੰ ਜਗਾ ਰਿਹਾ ਹੈ, ਮਨੁੱਖ ਨੂੰ ਸੁਚੇਤ ਕਰ ਰਿਹਾ ਹੈ, ਭਾਵੇਂ ਇਸ ਦੀ ਭਾਸ਼ਾ ਬੜੀ ਸਰਲ ਤੇ ਆਮ ਜਨ-ਸਧਾਰਨ ਦੇ ਪੱਧਰ ਦੀ ਹੈ। ਇਸ ਪੁਸਤਕ ਦਾ ਇਹੀ ਲਾਭ ਹੈ ਕਿ ਇਸਨੂੰ ਇਕ ਸਧਾਰਨ ਬੁੱਧੀ ਵਾਲਾ ਵੀ ਪੜ੍ਹ ਕੇ ਸਮਝ ਕੇ, ਲਾਭ ਉਠਾ ਸਕਦਾ ਹੈ।

# ਸੰਤ ਬਚਨ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂਹਾਨੀ.ਮਿਸ਼ਨ।*

ਪਰਮ ਸੰਤ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਸੰਗਤਾਂ ਪ੍ਰਤੀ ਕੀਤੇ ਪ੍ਰਸ਼ਨ ਉਤਰ -




1 ਮਈ 1961 ਤੋਂ ਪਹਿਲਾਂ ਚੰਡੀਗੜ੍ਹ ਦੀਆਂ ਸੰਗਤਾਂ ਵਿਚ ਸੰਤ ਮਹਾਰਾਜ (108 ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਚੰਡੀਗੜ੍ਹ ਪਹੁੰਚਣ ਦੀ ਉਡੀਕ ਵਿਚ ਸੰਗਤਾਂ ਦੇ ਮਨਾਂ ਵਿਚ ਬਹੁਤ ਹੀ ਉਤਸ਼ਾਹ ਸੀ ਕਿਉਂਕਿ ਇਸ ਤੋਂ ਪਹਿਲਾਂ 1960 ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਕਟਰ 19-ਸੀ, ਦੀ ਬੁਨਿਆਦ ਸੰਤ ਮਹਾਰਾਜ ਜੀ ਨੇ ਆਪਣੇ ਕਰ ਕਮਲਾਂ ਰਾਹੀਂ ਰੱਖੀ ਸੀ, ਇਸੇ ਸਾਲ 29 ਅਪ੍ਰੈਲ ਤੋਂ 5 ਮਈ ਤੱਕ 19 ਸੈਕਟਰ ਦੇ ਖੁਲ੍ਹੇ ਪੰਡਾਲ ਵਿਚ ਦੀਵਾਨ ਲਗਦੇ ਰਹੇ ਅਤੇ ਬਹੁਤ ਸਾਰੀਆਂ ਨਵੀਆਂ ਸੰਗਤਾਂ ਨੇ ਮਹਾਂਪੁਰਸ਼ਾਂ ਦੇ ਤੱਤ ਬਚਨ ਸੁਣ ਕੇ ਅਤੇ ਸੰਤ ਦਰਸ਼ਨ ਕਰਕੇ ਆਪਣੇ ਜੀਵਨ ਨੂੰ ਸਫਲਾ ਕੀਤਾ। ਪਰ ਇਕ ਗੱਲ ਦਾ ਮਨ ਵਿਚ ਬੜਾ ਖੇਦ ਰਿਹਾ ਕਿ ਜਿਸ ਕੋਠੀ ਵਿਚ ਮਹਾਰਾਜ ਜੀ ਨੂੰ ਠਹਿਰਾਇਆ ਹੋਇਆ ਸੀ, ਉਸ ਕਮਰੇ ਵਿਚ ਧੁੱਪ ਤੇ ਗਰਮੀ ਬਹੁਤ ਸੀ ਕਿਉਂਕਿ ਅਸੀਂ ਸਧਾਰਣ ਬੰਦੇ ਸੀ, ਅਸੀਂ ਏਸ ਹੋ ਰਹੀ ਨਾ-ਮੁਆਫਕਤਾ ਨੂੰ ਅਨੁਭਵ ਹੀ ਨਾ ਕਰ ਸਕੇ। ਬਾਦ ਵਿਚ ਸਾਨੂੰ ਬਹੁਤ ਪਛਤਾਵਾ ਰਿਹਾ। ਅਗਲੇ ਸਾਲ ਆਪਨੇ 1 ਮਈ 1961 ਤੋਂ 12 ਮਈ ਤੱਕ ਸਮਾਂ ਦੇ ਕੇ ਚੰਡੀਗੜ੍ਹ ਦਰਸ਼ਨ ਦਿਤੇ। ਇਸ ਵਾਰੀ ਆਪ ਦੀ ਰਿਹਾਇਸ਼ ਸਰਦਾਰ ਅਜਮੇਰ ਸਿੰਘ ਰੈਵਿਨਿਊ ਮਨਿਸਟਰ, ਪੰਜਾਬ ਸਰਕਾਰ, ਦੀ ਬਣੀ 10 ਸੈਕਟਰ ਦੀ ਕੋਠੀ ਵਿਚ ਰੱਖੀ। ਸੰਤ ਮਹਾਰਾਜ ਜੀ ਦੀ ਕੁਰਸੀ ਦਿਨ ਵਿਚ ਦੋ ਵਾਰੀ ਲਗਦੀ ਸੀ। ਅੰਮ੍ਰਿਤ ਵੇਲੇ ਕਰਮਚਾਰੀਆਂ ਦੇ ਦਫਤਰ ਜਾਣ ਤੋਂ ਪਹਿਲਾਂ ਲੱਗਿਆ ਕਰਦੀ ਸੀ।

ਚੰਡੀਗੜ੍ਹ ਕਿਉਂਕਿ ਨਵਾਂ ਸ਼ਹਿਰ ਬਣਿਆ ਸੀ, ਇਸ ਵਿਚ ਬਹੁਤ ਸਾਰੀਆਂ ਸੰਪਰਦਾਵਾਂ ਦੇ ਅਨੁਆਈ ਅਤੇ ਬਹੁਤ ਸਾਰੇ ਸਾਧੂਆਂ ਤੋਂ ਵਰੋਸਾਏ ਹੋਏ ਗੁਰਮੁਖ ਪਿਆਰੇ ਰਹਿੰਦੇ ਸਨ। ਉਨ੍ਹਾਂ ਨੇ 1960 ਵਿਚ ਲੱਗੇ ਦੀਵਾਨਾਂ ਸਮੇਂ ਮਹਾਂਪੁਰਸ਼ਾਂ ਦੇ ਤੱਤ ਬਚਨ ਸਰਵਣ ਕਰਕੇ ਨਿਹਚੇ ਕਰ ਲਿਆ ਸੀ ਕਿ ਆਪ ਜੀ ਪੂਰਨ ਬ੍ਰਹਮਗਿਆਨੀ, ਪੂਰਨ ਪੁਰਸ਼ ਅਤੇ ਮਹਾਨ ਅਨੁਭਵੀ ਹਨ। ਇਸ ਸਾਲ 1961 ਵਿਚ ਮਹਾਰਾਜ ਜੀ ਨਾਲ ਬਚਨ ਕਰਨ ਵਾਸਤੇ ਸਾਰੀਆਂ ਹੀ ਸੰਪਰਦਾਵਾਂ ਦੇ, ਜਿਨ੍ਹਾਂ ਵਿਚ ਰਾਧਾ ਸੁਆਮੀ, ਨਾਮਧਾਰੀ ਸੰਪਰਦਾ ਦੇ ਪ੍ਰੇਮੀ, ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਤੋਂ ਵਰੋਸਾਈ ਹੋਈ ਸੰਗਤ, ਮਸਤੂਆਣੇ ਵਾਲੇ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਨਾਲ ਪਿਆਰ ਕਰਨ ਵਾਲੇ ਜਗਿਆਸੂ ਅਤੇ ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ ਦੀ ਵਿਦਵਤਾ ਤੋਂ ਮੋਹਿਤ ਹੋਏ ਹੋਏ ਸੂਝਵਾਨ ਪ੍ਰੇਮੀ, ਸੰਤ ਬਾਬਾ ਅਜੀਤ ਸਿੰਘ ਜੀ ਨਥਲਪੁਰ ਦੇ ਪ੍ਰੇਮੀ ਹੁੰਮ-ਹੁਮਾ ਕੇ ਸਵੇਰ ਵੇਲੇ ਦੀ ਕੁਰਸੀ ਸਮੇਂ ਨਮਸ਼ਕਾਰ ਕਰਨ ਆਉਂਦੇ ਅਤੇ ਖਾਸ ਕਰਕੇ ਸ਼ਨਿਚਰਵਾਰ ਅਤੇ ਐਤਵਾਰ ਦੀ ਛੁੱਟੀ ਵੇਲੇ ਕੁਰਸੀ ਦੇ ਸਮੇਂ ਵਿਚ ਇਕ ਘੰਟਾ ਹੋਰ ਵਾਧਾ ਹੋਣ ਕਰਕੇ ਬਹੁਤ ਬਚਨ ਮਹਾਂਪੁਰਸ਼ਾਂ ਤੋਂ ਪੁੱਛੇ ਜਾਂਦੇ। ਆਮ ਤੌਰ ਤੇ ਪ੍ਰਸ਼ਨ ਕਰਤਾ, ਮੈਨੂੰ ਹੀ ਆਪਣਾ ਪ੍ਰਸ਼ਨ ਦੱਸ ਕੇ ਉਸ ਦੇ ਸਮਾਧਾਨ ਦੀ ਯਾਚਨਾ ਕਰਦਾ। ਸੋ ਮਹਾਂਪੁਰਸ਼ਾਂ ਤੋਂ ਪੁੱਛੇ ਗਏ ਬਚਨਾਂ ਨੂੰ ਇਸ ਲੇਖ ਵਿਚ ਅੰਕਿਤ ਕਰਨ ਦਾ ਜਤਨ ਕੀਤਾ ਗਿਆ ਹੈ।

**ਪ੍ਰਸ਼ਨ - ਮਹਾਰਾਜ ਜੀ! ਕੱਲ ਦੇ ਦੀਵਾਨ ਵਿਚ ਆਪ ਨੇ ਪੰਜ ਕਲੇਸ਼ਾਂ ਦਾ ਜ਼ਿਕਰ ਕੀਤਾ ਸੀ। ਇਹ ਸੰਗਤ ਬੇਨਤੀ ਕਰਦੀ ਹੈ ਕਿ ਆਪ ਕ੍ਰਿਪਾ ਕਰਕੇ ਇਨ੍ਹਾਂ ਕਲੇਸ਼ਾਂ ਬਾਰੇ ਦੱਸ ਕੇ ਸੰਗਤ ਨੂੰ ਪ੍ਰਕਾਸ਼ ਬਖਸ਼ੋ?**

**ਉਤਰ** - ਗੁਰੂ ਮਹਾਰਾਜ ਜੀ ਨੇ ਬਾਣੀ ਵਿਚ ਕਲੇਸ਼ਾਂ ਦੀ ਕੋਈ ਗਿਣਤੀ ਤਾਂ ਨਹੀਂ ਦਿਤੀ, ਪਰ ਅਨੇਕ ਥਾਂਈ ਕਲੇਸ਼ ਦਾ ਜ਼ਿਕਰ ਕੀਤਾ ਪਰ ਪਾਤੰਜਲ ਰਿਸ਼ੀ ਜੀ ਨੇ ਆਪਣੇ ਯੋਗ ਸ਼ਾਸ਼ਤਰ ਵਿਚ ਕਲੇਸ਼ਾਂ ਦੀ ਗਿਣਤੀ ਦੇ ਕੇ ਇਨ੍ਹਾਂ ਨੂੰ ਪੰਜ ਕਲੇਸ਼ਾਂ ਵਿਚ ਨਿਰਣੇ ਕੀਤਾ ਹੈ।

ਮਾਨਸ ਸਰੀਰ ਪ੍ਰਕ੍ਰਿਤਕ ਸੰਸਾਰ ਵਿਚ ਸਭ ਤੋਂ ਉਤਮ ਸਰੀਰ ਹੈ। ਇਸ ਰਾਹੀਂ ਆਤਮ ਸ਼ਾਖਸ਼ਾਤ ਕਰਕੇ, ਪ੍ਰਭੂ ਪ੍ਰਾਪਤੀ ਪਰਮ ਮਨੋਰਥ ਹੈ। ਨਿਰੰਤਰ ਆਤਮ ਅਭਿਆਸ ਰਾਹੀਂ ਅਸੀਂ ਮਨੋਰਥ ਪ੍ਰਾਪਤੀ ਦਾ ਜਤਨ ਕਰਨਾ ਹੈ ਜਿਸ ਲਈ ਸਭ ਤੋਂ ਵੱਧ ਮਨ ਦੀ ਇਕਾਗਰਤਾ, ਚਿੱਤ ਦੀ ਸਾਵਧਾਨੀ ਅਤੀ ਆਵੱਸ਼ਕ ਹੈ। ਸੰਸਾਰ ਦਾ ਇਕ ਅਸਲੀ ਸਰੂਪ ਹੈ ਜਿਸਨੂੰ ਨਿਸ਼ਚੇ-ਪੂਰਵਕ ਜਾਣ ਲੈਣ ਕਰਕੇ ਇਹ ਪ੍ਰਮੇਸ਼ਰ ਰੂਪ ਪ੍ਰਤੀਤ ਦਿੰਦਾ ਹੈ ਜੋ ਸਤਯ ਅਵਸਥਾ ਹੈ, ਪਰਮ ਆਨੰਦ ਹੈ। ਦੂਜਾ ਸਰੂਪ ਇਸਦੇ ਵਿਪਰੀਤ ਹੈ - ਇਹੋ ਸੰਸਾਰ ਦੁਖਾਂ ਦਾ ਘਰ, ਬੇਚੈਨੀ, ਹੌਕੇ-ਹਾਵਿਆਂ, ਵੈਰ-ਵਿਰੋਧਾਂ, ਹਾਣ-ਲਾਭ ਦਾ ਦੇਣਹਾਰ, ਜ਼ਹਿਰ ਭਰਿਆ ਪ੍ਰਤੀਤ ਦਿੰਦਾ ਹੈ।



ਪੰਜ ਗਿਆਨ ਇੰਦ੍ਰੀਆਂ ਰਾਹੀਂ ਅਸਾਨੂੰ ਸੰਸਾਰ ਦਾ ਗਿਆਨ ਹੁੰਦਾ ਹੈ ਜੋ ਪੰਜ ਸੂਖਮ ਭੂਤਾਂ, ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਵਿਸ਼ਿਆਂ ਦਾ ਪ੍ਰਭਾਵ ਕਬੂਲਦੀਆਂ ਸੁਖ-ਦੁਖ, ਹਰਖ-ਸੋਗ ਆਦਿ ਮਹਿਸੂਸ ਕਰਾਉਂਦੀਆਂ ਹਨ। ਪੰਜ ਪ੍ਰਾਣ (ਪ੍ਰਾਣ, ਉਪਾਨ, ਓਦਾਨ,

ਬਿਆਨ, ਸੁਮਾਨ) ਸਰੀਰ ਦੀ ਕ੍ਰਿਆ ਆਪੋ ਆਪਣੇ ਧਰਮਾਂ ਅਨੁਸਾਰ ਨਿਭਾਉਂਦੇ ਹਨ। ਮਨ, ਬੁਧੀ, ਚਿਤ ਅਤੇ ਅਹੰਭਾਵ ਕਰਕੇ ਚੇਤਨ ਆਤਮਾ ਆਪਣੇ ਅਸਲੀ ਸਰੂਪ ਦੀ ਥਾਂ ਜੀਵ ਆਤਮਾ ਪ੍ਰਤੀਤ ਦੇਣ ਲਗ ਜਾਂਦੀ ਹੈ ਅਤੇ ਅਹੰਭਾਵ ਅਧੀਨ ਕਰਮ ਕਰਕੇ ਹਉਂ ਧਾਰਦੀ ਹੈ ਅਤੇ ਕਰਮ ਜਾਲ ਵਿਚ ਫਸ ਕੇ ਜੰਮਣ-ਮਰਣ ਦੇ ਚੱਕਰ ਵਿਚ ਪੈ ਕੇ, ਪਰਮ ਦੁਖ ਮਹਿਸੂਸ ਕਰਦੀ ਹੈ। ਇਹ ਦੁਖ ਦੂਰ ਕਰਕੇ, ਪਰਮ ਆਨੰਦ ਆਪਣੀ ਸਤ ਤੇ ਚਿਤ ਅਵਸਥਾ ਪ੍ਰਾਪਤ ਕਰਨੀ ਜ਼ਰੂਰੀ ਹੈ। ਜਿਸ ਲਈ ਚਿਤ ਦੀ ਇਕਾਗਰਤਾ ਅਤਿ ਜ਼ਰੂਰੀ ਹੈ ਪਰ ਗਿਆਨ ਇੰਦ੍ਰੀਆਂ ਅਤੇ ਅੰਤਸ਼ਕਰਣ ਰਾਹੀਂ ਪਏ ਅਨੰਤ ਪ੍ਰਭਾਵ, ਚਿਤ ਇਕਾਗਰ ਨਹੀਂ ਹੋਣ ਦਿੰਦੇ। ਇਸ ਮੰਤਵ ਦੀ ਪ੍ਰਾਪਤੀ ਵਾਸਤੇ ਦ੍ਰਿੜ ਅਭਿਆਸ ਕਰਨਾ ਪੈਂਦਾ ਹੈ। ਆਤਮ ਗਿਆਨ ਦੀ ਪ੍ਰਾਪਤੀ ਦੇ ਸਾਧਨਾਂ ਵਿਚ ਜੋ ਰੁਕਾਵਟਾਂ ਪੈਂਦੀਆਂ ਹਨ, ਉਨ੍ਹਾਂ ਨੂੰ ਕਲੇਸ਼ ਕਿਹਾ ਜਾਂਦਾ ਹੈ ਜੋ ਸ਼ਾਸ਼ਤਰਕਾਰਾਂ ਨੇ ਪੰਜ ਰੂਪਾਂ ਵਿਚ ਵੰਡੇ ਹਨ।

ਇਹ ਪੰਜ ਪ੍ਰਕਾਰ ਦੇ ਕਲੇਸ਼ ਇਸ ਜੀਵਨ ਪ੍ਰਵਾਹ ਰੂਪ ਨਦੀ ਵਿਚ ਪੰਜ ਜ਼ਹਿਰੀਲੇ ਸਰੋਤਾਂ ਰੂਪ, ਪੰਜ ਗਿਆਨ ਇੰਦ੍ਰੀਆਂ ਰਾਹੀਂ ਹਰ ਜੀਵਨ ਉਪਰ ਮਾਰੂ ਅਸਰ ਕਰ ਰਹੇ ਹਨ ਅਤੇ ਆਤਮ ਸ਼ਾਖਸ਼ਾਤਕਾਰ ਵਿਚ ਭਾਰੀ ਵਿਘਨ ਹਨ। ਜਦੋਂ ਤਾਈਂ ਇਨ੍ਹਾਂ ਕਲੇਸ਼ਾਂ ਦੀ ਨਵਿਰਤੀ ਨਹੀਂ ਹੋ ਜਾਂਦੀ, ਆਪਣਾ ਲਖਸ਼ ਪ੍ਰਾਪਤ ਹੋਣਾ ਅਸੰਭਵ ਹੈ। ਇਨ੍ਹਾਂ ਦੇ ਨਾਮ ਹਨ - ਅਵਿਦਿਆ, ਅਸਿਮਤਾ, ਰਾਗ, ਦ੍ਵੈਖ ਅਤੇ ਅਭਿਨਿਵੇਸ਼।

**1. ਅਵਿਦਿਆ ਕਲੇਸ਼** - ਅਨਿਤ ਵਿਚ ਨਿਤ, ਅਪਵਿਤ੍ਰ ਵਿਚ ਪਵਿਤ੍ਰ, ਦੁਖ ਵਿਚ ਸੁਖ, ਅਤੇ ਅਨਾਤਮ ਵਿਚ ਆਤਮਾ ਦਾ ਗਿਆਨ ਅਵਿਦਿਆ ਕਿਹਾ ਜਾਂਦਾ ਹੈ। ਜਿਸਦਾ ਜੋ ਧਰਮ ਨਹੀਂ ਹੈ, ਉਸ ਵਿਚ ਓਹੋ ਧਰਮ ਮੰਨ ਲੈਣਾ ਅਵਿਦਿਆ ਹੈ।

ਇਹ ਸੰਪੂਰਨ ਜਗਤ ਅਤੇ ਇਸਦੀ ਸੰਪਤੀ ਅਨਿਤ ਹੈ ਅਤੇ ਨਾਸ਼ਮਾਨ ਹੈ। ਇਸਨੂੰ ਨਾਸ਼ਮਾਨ ਨ ਸਮਝਣਾ ਅਵਿਦਿਆ ਹੈ।

ਸਰੀਰ ਕਫ, ਲਹੂ, ਮਲ ਮੂਤਰ ਅਤੇ ਅਨੇਕਾਂ ਮੈਲਾਂ ਕਰਕੇ ਅਪਵਿਤ੍ਰ ਹੈ - ਇਸ ਨੂੰ ਪਵਿਤ੍ਰ ਮੰਨ ਲੈਣਾ; ਅਤੇ ਅਧਰਮ, ਪਾਪ, ਹਿੰਸਾ ਦਾ ਭਰਿਆ ਹੋਇਆ ਅੰਤਸ਼ਕਰਣ ਅਪਵਿਤ੍ਰ ਹੈ - ਇਸ ਸਰੀਰ ਨੂੰ ਪਵਿਤ੍ਰ ਮੰਨਣਾ; ਸੰਸਾਰ ਦੇ ਸਾਰੇ ਵਿਸ਼ੇ ਦੁਖਾਂ ਨਾਲ ਭਰੇ ਹੋਏ ਹਨ - ਉਨ੍ਹਾਂ ਵਿਚ ਸੁਖ ਮੰਨਣਾ, ਇਸੇ ਤਰ੍ਹਾਂ ਅਨਾਤਮ ਵਿਚ ਆਤਮ ਗਿਆਨ। ਇੰਦ੍ਰੀਆਂ, ਸਰੀਰ ਅਤੇ ਮਨ, ਚਿਤ, ਬੁਧ ਆਦਿ ਜੋ ਜੜ੍ਹ ਰੂਪ ਹਨ - ਇਨ੍ਹਾਂ ਨੂੰ ਆਤਮਾ ਮੰਨਣਾ, ਇਹ ਅਵਿਦਿਆ ਹੈ।

ਤਿੰਨਾਂ ਗੁਣਾਂ ਦਾ ਕੁਦਰਤੀ ਸੁਭਾਵ ਛਿਨ-ਛਿਨ ਕਰਕੇ ਬਦਲਦੇ ਰਹਿਣਾ ਹੈ। ਮਨੁਖੀ ਚਿਤ, ਤਿੰਨ ਗੁਣਾਂ ਸਹਿਤ ਜੜ੍ਹ ਹੈ ਜਿਸ ਵਿਚ ਈਸ਼ਵਰੀ ਚਿਤ ਦਾ ਪ੍ਰਤੀਬਿੰਬ ਪੈਣ ਕਰਕੇ ਵਖਰਾ-ਪਨ ਦਾ ਅਹਿਸਾਸ ਹੋ ਰਿਹਾ ਹੈ, ਅਵਿਦਿਆ ਕਰਕੇ ਆਤਮਾ ਤੇ ਜੀਵ-ਆਤਮਾ ਭਿੰਨ-ਭਿੰਨ ਪ੍ਰਤੀਤ ਹੋ ਰਹੇ ਹਨ ਜਿਵੇਂ ਲੱਖਾਂ ਪਾਣੀ ਦੇ ਬਰਤਨਾਂ ਵਿਚ ਇਕੋ ਚੰਦਰਮਾਂ ਦਾ ਪ੍ਰਤੀਬਿੰਬ ਪੈਣ ਕਰਕੇ ਹਰ ਬਰਤਨ ਵਿਚ ਅਨੇਕਤਾ ਦਾ ਪ੍ਰਭਾਵ ਪੈ ਰਿਹਾ ਹੈ ਅਤੇ ਜੜ੍ਹ ਚਿਤ ਅਤੇ ਚੇਤਨ ਪੁਰਸ਼ ਵਿਚ, ਭੇਦ ਗਿਆਨ ਦਾ ਹੋ ਜਾਣਾ, ਅਸਿਮਤਾ ਕਲੇਸ਼ ਉਤਪੰਨ ਕਰਦਾ ਹੈ।

**2. ਅਸਿਮਤਾ ਕਲੇਸ਼** - ਪੁਰਸ਼ ਦ੍ਰਿਸ਼ਟਾ ਹੈ, ਚਿਤ ਦਿਖਾਣ ਵਾਲਾ ਉਸਦਾ ਇਕ ਕਰਣ ਹੈ, ਆਤਮਾ ਚੇਤਨ ਹੈ, ਚਿਤ ਜੜ੍ਹ ਹੈ। ਆਤਮਾ ਕ੍ਰਿਆ ਰਹਿਤ ਹੈ, ਚਿਤ ਕ੍ਰਿਆਸ਼ੀਲ ਹੈ ਆਤਮ ਕੇਵਲ ਹੈ ਚਿਤ ਤਿੰਨਾਂ ਗੁਣਾਂ - ਰਜੋ, ਤਮੋ, ਸਤੋ ਸਹਿਤ ਹੈ। ਆਤਮਾ ਵਿਚ ਕੋਈ ਬਦਲੀ ਨਹੀਂ, ਚਿਤ ਪ੍ਰਣਾਮਸ਼ੀਲ ਹੈ - ਛਿਨ-ਛਿਨ ਬਦਲਦਾ ਹੈ। ਆਤਮਾ ਸੁਆਮੀ ਹੈ, ਚਿਤ ਉਸਦੀ ਸੰਪਤੀ ਹੈ। ਇਸ ਤਰ੍ਹਾਂ ਆਤਮਾ ਅਤੇ ਚਿਤ ਅਤਿਅੰਤ ਭਿੰਨ ਹਨ। ਅਵਿਦਿਆ ਕਰਕੇ ਦੋਹਾਂ ਪ੍ਰਤੀਕੂਲ ਗੁਣਾਂ ਕਰਕੇ ਜੜ੍ਹ ਚਿਤ ਅਤੇ ਚੇਤਨ (ਪੁਰਸ਼) ਆਤਮਾ ਵਿਚ ਅਵਿਦਿਆ ਕਰਕੇ ਭੇਦ ਦਾ ਗਿਆਨ ਨਹੀਂ ਰਹਿੰਦਾ ਅਤੇ ਬੁਧੀ ਨੂੰ ਆਤਮਾ ਕਰਕੇ ਜਾਨਣ ਲਗ ਜਾਂਦਾ ਹੈ। ਇਹ ਪ੍ਰਸਥਿਤੀ ਪੈਦਾ ਹੋ ਜਾਣੀ ਹਿਰਦੇ ਗ੍ਰੰਥੀ (ਗੰਢ) ਕਹਾਉਂਦੀ ਹੈ। ਨਿਸ਼ਚੇ ਪੂਰਵਕ ਜੜ੍ਹ ਚਿਤ ਅਤੇ ਆਤਮਾ ਨੂੰ ਇਕੋ ਜਾਣ ਲੈਣਾ ਅਸਿਮਤਾ ਕਲੇਸ਼ ਕਹਾਉਂਦਾ ਹੈ। ਚਿਤ ਦੀ ਜੜ੍ਹਤਾ ਆਤਮ ਦੀ ਚੇਤਨਤਾ ਦਾ ਪਰਤੱਖ ਗਿਆਨ ਨਿਸ਼ਚੇ ਪੂਰਵਕ ਹੋ ਜਾਣ ਨਾਲ ਇਸ ਕਲੇਸ਼ ਦਾ ਨਾਸ਼ ਹੋ ਜਾਂਦਾ ਹੈ।

**3. ਰਾਗ ਕਲੇਸ਼** - ਉਪਰ ਦਸੇ ਅਸਿਮਤਾ ਕਲੇਸ਼ ਦੇ ਕਾਰਨ ਮਨ, ਇੰਦ੍ਰੀਆਂ ਅਤੇ ਸਰੀਰ ਵਿਚ ਆਤਮ ਭਾਵ ਪੈਦਾ ਹੋ ਕੇ, ਸੁਖ ਦੇਣ ਵਾਲੇ ਵਿਸ਼ਿਆਂ ਵਿਚ ਰਾਗ (attachment) ਪੈਦਾ ਹੋ ਜਾਣੀ 'ਰਾਗ' ਕਹਾਉਂਦਾ ਹੈ। ਇਸ ਸੁਖ ਦੇ ਪ੍ਰਾਪਤ ਕਰਨ ਦੇ ਸਾਧਨਾਂ ਨਾਲ ਜੋ ਇੱਛਾ ਰੂਪ ਤ੍ਰਿਸ਼ਨਾ ਅਤੇ ਲੋਭ ਪੈਦਾ ਹੋ ਜਾਂਦਾ ਹੈ, ਉਸਦੇ ਸੰਸਕਾਰ ਚਿਤ ਵਿਚ ਪੈ ਜਾਂਦੇ ਹਨ ਇਸ ਮਾਨਸਿਕ ਸਥਿਤੀ ਦਾ ਨਾਮ 'ਰਾਗ' ਕਲੇਸ਼ ਹੈ।

**4. ਦ੍ਵੈਸ਼ ਕਲੇਸ਼** - ਉਪਰ ਕਥਿਆ 'ਰਾਗ' ਹੀ ਦ੍ਵੈਤ ਦਾ ਜਨਮ ਦਾਤਾ ਹੈ ਕਿਉਂਕਿ ਜਦੋਂ ਰਾਗ ਦੇ ਸੰਸਕਾਰ ਚਿਤ ਵਿਚ ਜੰਮ ਜਾਂਦੇ ਹਨ ਜਿਨ੍ਹਾਂ ਵਸਤਾਂ ਵਿਚ ਸਰੀਰ ਅਤੇ ਮਨ ਨੂੰ ਦੁਖ ਪ੍ਰਤੀਤ ਦਿੰਦਾ ਹੈ ਅਥਵਾ ਜਿਨ੍ਹਾਂ ਕਰਕੇ ਸੁਖ ਪ੍ਰਾਪਤੀ ਵਿਚ ਬਿਘਨ ਪ੍ਰਤੀਤ ਹੋ ਜਾਂਦਾ ਹੈ, ਉਨ੍ਹਾਂ ਨਾਲ ਦ੍ਵੈਸ਼ ਹੋ ਜਾਣਾ ਹੀ ਦ੍ਵੈਸ਼ ਕਲੇਸ਼ ਹੈ ਜਿਨ੍ਹਾਂ ਵਸਤੂਆਂ, ਜਿਨ੍ਹਾਂ ਸਾਧਨਾਂ ਤੋਂ ਦੁਖ ਪ੍ਰਤੀਤ ਹੋਵੇ, ਉਸ ਤੋਂ ਘ੍ਰਿਣਾ, ਕ੍ਰੋਧ, ਈਰਖਾ, ਵੈਰ, ਉਦਾਸੀਨਤਾ ਪੈਦਾ ਹੋਵੇ ਅਤੇ ਉਸ ਤੋਂ ਜੋ ਸੰਸਕਾਰ ਪੈਦਾ ਹੋ ਜਾਣ, ਈਰਖਾ, ਨਿੰਦਾ, ਨਫਰਤ, ਦ੍ਵੈਸ਼, ਕ੍ਰੋਧ ਆਦਿ ਦੇ ਜਿਹੜੇ ਪ੍ਰਭਾਵ ਚਿਤ ਗ੍ਰਹਿਣ ਕਰੇ, ਉਸ ਨੂੰ ਦ੍ਵੈਸ਼ ਕਲੇਸ਼ ਕਹਿੰਦੇ ਹਨ। ਰਾਗ ਦ੍ਵੈਸ਼ ਦੇ ਕਾਰਨ ਚਿਤ ਨਿਸਚਲ ਨਹੀਂ ਹੁੰਦਾ ਅਤੇ ਗਿਆਨ ਦੀ ਪ੍ਰਾਪਤੀ ਵਿਚ ਪੂਰਨ ਰੂਪ ਵਿਚ ਵਿਘਨਕਾਰੀ ਰੁਕਾਵਟ ਬਣੀ ਰਹਿੰਦੀ ਹੈ।

*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮਰਾਇ ਦੇਇ ਸਜਾਇ॥* *ਪੰਨਾ - 278*

**5. ਅਭਿਨਿਵੇਸ਼ ਕਲੇਸ਼** - ਸਰੀਰ ਇੰਦ੍ਰੀਆਂ ਆਦਿ ਨੂੰ ਦੁੱਖ ਤੋਂ ਬਚਾਉਣ ਦੇ ਸੰਸਕਾਰ ਹੀ ਅਭਿਨਿਵੇਸ਼ ਕਲੇਸ਼ ਦਾ ਕਾਰਨ ਹਨ। ਮਰਣ ਦਾ ਭੈ ਵਿਦਵਾਨ ਅਤੇ ਮੂਰਖ ਦੇ ਮਨ ਵਿਚ ਸੁਭਾਵਕ ਹੀ ਪ੍ਰਤੀਤ ਹੋ ਰਿਹਾ ਹੈ। ਮਰਣ ਦਾ ਭੈ ਜਨਮਾਂ ਜਨਮਾਤਰਾਂ ਤੋਂ ਬਹੁਤ ਗਹਿਰੇ ਸੰਸਕਾਰ ਚਿਤ ਵਿਚ ਪੈਦਾ ਕਰ ਰਿਹਾ ਹੈ ਇਹ ਭੈ ਦੇ ਸੰਸਕਾਰ ਚਲ ਰਹੇ ਹਨ ਅਤੇ ਹਰ ਪ੍ਰਾਣੀ ਇਹ ਚਾਹੁੰਦਾ ਹੈ ਕਿ ਮੈਂ ਸਦਾ ਹੀ ਆਪਣੀ ਸੰਪਤੀ, ਪੁਤਰ, ਪੋਤਰੇ, ਪ੍ਰਵਾਰ ਵਿਚ (ਮੋਹ ਦਾ ਬੰਨ੍ਹਿਆਂ)

ਰਹਾਂ, ਕਦੇ ਮੇਰਾ ਅਭਾਵ ਨ ਹੋਵੇ, ਮੇਰਾ ਵਿਯੋਗ ਕਦੇ ਭੀ ਨਾ ਹੋਵੇ, ਮੇਰੀ ਅਮੀਰੀ, ਮੇਰੇ ਪਿਆਰੇ ਸਬੰਧੀ ਸਦਾ ਹੀ ਰਹਿਣ। ਇਹ ਲੋਚਾ ਤੇ ਭੈ (ਅੰਦੇਸ਼ਾ) ਅਭਿਨਿਵੇਸ਼ ਕਲੇਸ਼ ਕਹਾਉਂਦਾ ਹੈ।

ਅਗਿਆਨ ਦੇ ਕਾਰਨ ਉਪਰ ਕਥੇ ਪੰਜ ਕਲੇਸ਼ ਜੀਵ ਆਤਮਾ ਨੂੰ ਅੰਤਸ਼ਕਰਣ ਵਿਚ ਭਰੇ ਸੰਸਕਾਰਾਂ ਦੇ ਕਾਰਨ ਜਨਮ ਮਰਨ ਦੇ ਚੱਕਰ ਵਿਚ ਪਾ ਕੇ ਅਨੰਤ ਕਾਲ ਤੋਂ ਦੁਖੀ ਕਰ ਰਹੇ ਹਨ। ਗਿਆਨਵਾਨ ਪੁਰਸ਼ ਜਾਣਦਾ ਹੈ ਕਿ ਆਤਮਾ ਕਿਸੇ ਕਾਲ ਵਿਚ ਵੀ ਜਨਮ ਨਹੀਂ ਲੈਂਦਾ ਅਤੇ ਨਾ ਹੀ ਮਰਦਾ ਹੈ, ਨਾ ਹੀ ਕਿਸੇ ਸਮੇਂ ਇਸਦੀ ਅਣਹੋਂਦ ਹੁੰਦੀ ਹੈ ਕਿਉਂਕਿ ਇਹ ਅਜਨਮਾ, ਨਿਤਿ ਅਤੇ ਪੁਰਾਤਨ ਹੈ, ਸਰੀਰ ਦੇ ਨਾਸ਼ ਹੋਣ ਨਾਲ ਆਤਮਾ ਦਾ ਨਾਸ਼ ਨਹੀਂ ਹੋਇਆ ਕਰਦਾ।

ਕ੍ਰਿਸ਼ਨ ਮਹਾਰਾਜ ਜੀ ਗੀਤਾ ਵਿਚ ਫੁਰਮਾਉਂਦੇ ਹਨ ਕਿ ਹੇ ਅਰਜਨ! ਜੋ ਪੁਰਸ਼ ਇਸ ਆਤਮਾ ਨੂੰ ਨਾਸ਼ ਰਹਿਤ, ਨਿਤਿ, ਅਜਨਮਾ ਜਾਣਦਾ ਹੈ, ਉਹ ਪੁਰਖ ਕਿਵੇਂ ਕਿਸੇ ਨੂੰ ਮਰਵਾਉਂਦਾ ਹੈ ਅਤੇ ਕਿਵੇਂ ਕਿਸੇ ਨੂੰ ਮਾਰਦਾ ਹੈ। ਜਿਵੇਂ ਮਨੁੱਖ ਪੁਰਾਣੇ ਬਸਤਰਾਂ ਨੂੰ ਤਿਆਗ ਕੇ ਦੂਸਰੇ ਨਵੇਂ ਬਸਤਰਾਂ ਨੂੰ ਗ੍ਰਹਿਣ ਕਰਦਾ ਹੈ, ਉਸੇ ਤਰ੍ਹਾਂ ਆਤਮਾ ਵੀ ਪੁਰਾਣੇ ਸਰੀਰਾਂ ਨੂੰ ਤਿਆਗ ਕੇ ਨਵੇਂ ਸਰੀਰਾਂ ਨੂੰ ਧਾਰਨ ਕਰਦਾ ਹੈ। ਇਸ ਆਤਮਾ ਨੂੰ ਨਾ ਹੀ ਕੋਈ ਸ਼ਸ਼ਤਰ ਕੱਟ ਸਕਦਾ ਹੈ, ਇਸ ਨੂੰ ਅੱਗ ਜਲਾ ਵੀ ਨਹੀਂ ਸਕਦੀ ਅਤੇ ਜਲ ਡੁਬੋ ਨਹੀਂ ਸਕਦਾ ਅਤੇ ਵਾਯੂ ਸੁਕਾ ਨਹੀਂ ਸਕਦੀ। ਨਾ ਇਹ ਆਤਮਾ ਸ਼ਸ਼ਤਰਾਂ ਤੋਂ ਕੱਟਿਆ ਜਾ ਸਕਦਾ ਹੈ, ਨਾ ਹੀ ਜਲਾਇਆ ਜਾ ਸਕਦਾ ਹੈ, ਨਾ ਹੀ ਗਲਦਾ ਹੈ, ਸੁਕਾਇਆ ਵੀ ਨਹੀਂ ਜਾ ਸਕਦਾ। ਸੋ ਇਹ ਆਤਮਾ ਬਿਨਾਂ ਸ਼ੱਕ ਨਿਤਿ, ਸਰਵ-ਵਿਆਪਕ, ਅਚੱਲ, ਕੂਟਸਥ ਅਤੇ ਸਨਾਤਨ ਹੈ। ਇਹ ਆਤਮਾ ਅਵਿਅਕਤ ਅਰਥਾਤ ਇੰਦ੍ਰੀਆਂ ਦਾ ਵਿਸ਼ਾ ਨਹੀਂ ਹੈ, ਨਾ ਹੀ ਇਹ ਆਤਮਾ ਮਨ ਦਾ ਵਿਸ਼ਾ ਹੈ, ਨਾ ਹੀ ਆਤਮਾ ਵਿਚ ਕੋਈ ਵਿਕਾਰ ਆਇਆ ਕਰਦਾ ਹੈ। ਇਸ ਕਰਕੇ ਇਹ ਨਿਸ਼ਚੇ ਪੂਰਵਕ ਸਮਝ ਕਿ ਆਤਮਾ ਕਦੇ ਭੀ ਮਰਦਾ ਨਹੀਂ। ਇਸ ਕਰਕੇ ਇਹ ਅਭਿਨਿਵੇਸ਼ ਕਲੇਸ਼ ਮਨ ਦੀ ਹੀ ਇਕ ਵਿਅਰਥ ਕਲਪਨਾ ਹੈ। ਪਰ ਏਨੇ ਗਿਆਨ ਦੇ ਹੁੰਦਿਆਂ, ਰਾਗ ਅਤੇ ਦ੍ਵੇਸ਼ ਦੇ ਕਲੇਸ਼ ਦੇ ਕਾਰਨ ਸਰੀਰ ਵਿਚ ਹੀ ਆਤਮ ਅਧਿਆਸ ਹੋ ਜਾਇਆ ਕਰਦਾ ਹੈ। ਮੂਰਖ ਤੋਂ ਲੈ ਕੇ ਪੁਸਤਕਾਂ ਪੜ੍ਹ ਕੇ ਹੋਏ ਵਿਦਵਾਨ, ਆਪਣੇ ਵਾਸਤਵਿਕ ਆਤਮ ਸਰੂਪ ਨੂੰ ਭੁੱਲ ਕੇ ਭੌਤਿਕ (ਪ੍ਰਾਕ੍ਰਿਤਕ) ਸਰੀਰ ਦੀ ਰਖਸ਼ਾ ਵਿਚ, ਪਾਲਣ-ਪੋਸਣ ਵਿਚ ਹਰ ਸਮੇਂ ਲੱਗੇ ਰਹਿੰਦੇ ਹਨ ਅਤੇ ਇਸਦੇ ਨਾਸ਼ ਹੋਣ ਤੋਂ ਘਬਰਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਇਸ ਮ੍ਰਿਤੂ ਦੇ ਭੈ ਦੇ ਜੋ ਸੰਸਕਾਰ ਚਿਤ ਵਿਚ ਪੈ ਜਾਂਦੇ ਹਨ, ਇਨ੍ਹਾਂ ਸੰਸਕਾਰਾਂ ਰਾਹੀਂ ਘਬਰਾਹਟ ਪੈਦਾ ਹੋ ਕੇ ਚਿਤ ਦੁਖੀ ਰਹਿੰਦਾ ਹੈ। ਏਸੇ ਅਵਸਥਾ ਨੂੰ ਅਭਿਨਿਵੇਸ਼ ਕਲੇਸ਼ ਕਹਿੰਦੇ ਹਨ। ਇਹ ਅਭਿਨਿਵੇਸ਼ ਕਲੇਸ਼ ਹੀ ਸੁਕਾਮ ਕਰਮਾਂ ਦਾ ਕਾਰਨ ਹੈ ਜਿਨ੍ਹਾਂ ਦੀਆਂ ਵਾਸ਼ਨਾਵਾਂ ਚਿਤ ਭੂਮੀ ਵਿਚ ਬੈਠ ਕੇ ਵਰਤਮਾਨ ਅਤੇ ਅਗਲੇ ਜਨਮਾਂ (ਆਵਾਗਵਨ) ਨੂੰ ਦੇਣ ਵਾਲੀਆਂ ਹੁੰਦੀਆਂ ਹਨ।

ਇਨ੍ਹਾਂ ਕਲੇਸ਼ਾਂ ਦਾ ਸੂਖਸ਼ਮ ਬੀਜ, ਅੰਤਸ਼ਕਰਣ ਵਿਚ ਗੁਪਤ ਰੂਪ ਵਿਚ ਜਨਮਾਂ-ਜਨਮਾਤਰਾਂ ਤੱਕ ਲੁਕਿਆ ਰਹਿੰਦਾ ਹੈ ਅਤੇ ਆਤਮ ਸਰੂਪ ਦੀ ਲੱਖਤਾ ਹੋਣ ਵਿਚ ਬਹੁਤ ਹੀ ਵਿਘਨਕਾਰੀ ਹੋਣ ਕਰਕੇ ਇਸ ਜੀਵ ਨੂੰ ਆਪਣੇ ਵਾਸਤਵਿਕ ਸਰੂਪ ਤੋਂ ਇਹ ਕਲੇਸ਼ ਸਦਾ ਹੀ ਭੁਲਾ ਕੇ ਰੱਖਦੇ ਹਨ। ਗੁਰਬਾਣੀ ਦੇ ਅੰਦਰ ਬਾਰ-ਬਾਰ ਇਨ੍ਹਾਂ ਕਲੇਸ਼ਾਂ ਬਾਰੇ ਗੁਰੂ ਮਹਾਰਾਜ ਜੀ ਸਾਵਧਾਨ ਕਰਦੇ ਰਹਿੰਦੇ ਹਨ ਅਤੇ ਇਨ੍ਹਾਂ ਸਾਰਿਆਂ ਕਲੇਸ਼ਾਂ ਦਾ ਇਲਾਜ ਆਪ ਜੀ ਨੇ ਇਕ ਮਨ, ਇਕ ਚਿਤ ਹੋ ਕੇ ਪ੍ਰਭੂ ਸਿਮਰਨ ਹੀ ਦੱਸਿਆ ਹੈ –

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥*** ***ਪੰਨਾ - 262***

ਵਾਹਿਗੁਰੂ ਜੀ ਦੀ ਯਾਦ ਵਿਚ ਲਿਵਲੀਨ ਹੋਣ ਨਾਲ ਅਤੇ ਨਿਸ਼ਕਾਮ ਸ਼ੁਭ ਕਰਮਾਂ ਵਿਚ ਪਰਵਿਰਤ ਹੋ ਕੇ ਤੱਤ-ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਦਿਆਂ, ਕਰਮ, ਉਪਾਸ਼ਨਾ ਦੇ ਰਾਹੀਂ ਮਲ ਤੇ ਵਿਖਸ਼ੇਪ ਦੇ ਦੋਸ਼ ਦੂਰ ਕਰਕੇ ਅਤੇ ਮਹਾਂਪੁਰਸ਼ਾਂ ਤੇ ਗੁਰਮਤਿ ਸਿਧਾਂਤ ਦੇ ਗਿਆਨ ਰੂਪੀ ਬਚਨ ਧਾਰਨ ਕਰਕੇ ਇਹ ਕਲੇਸ਼ ਦੂਰ ਹੋ ਜਾਂਦੇ ਹਨ। ਨਹੀਂ ਤਾਂ ਮਨੁੱਖ ਦੀ ਅਚੇਤਤਾ ਇਸਨੂੰ ਜਨਮ ਮਰਨ ਦੇ ਦੁਖਦਾਈ ਚੱਕਰ ਵਿਚੋਂ ਕੱਢ ਨਹੀਂ ਸਕਦੀ। ਸੋ ਸੁਖੈਨ ਮਾਰਗ ਤੱਤ-ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਨਾ, ਦ੍ਰਿੜ੍ਹ ਚਿਤ ਹੋ ਕੇ ਨਾਮ ਅਭਿਆਸ ਕਰਨਾ ਅਤੇ ਨਿਸ਼ਕਾਮ, ਵਾਸ਼ਨਾ ਰਹਿਤ ਹੋ ਕੇ ਪੂਰੀ ਵਿਧੀ ਨਾਲ ਸੰਗਤ, ਗੁਰੂ ਤੇ ਵਾਹਿਗੁਰੂ ਜੀ ਦੀ ਸੇਵਾ ਵਿਚ ਆਪਣਾ ਜੀਵਨ ਬਤੀਤ ਕਰਨ ਨਾਲ ਵਿਖਸ਼ੇਪ ਤੇ ਮਲ ਦੋਸ਼ ਦੂਰ ਹੋ ਜਾਇਆ ਕਰਦੇ ਹਨ। ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਅਵਰਨ ਨੂੰ ਦੂਰ ਕਰ ਦੇਂਦੀ ਹੈ। ਇਸ ਲਈ ਗੁਰੂ ਸਿਧਾਂਤ ਵਿਚ ਸੰਗਤ ਕਰਨ ਦੀ ਬਹੁਤ ਹੀ ਮਹਾਨਤਾ ਦੱਸੀ ਗਈ ਹੈ।

ਸੰਗਤ ਉਹ ਹੀ ਹੋਇਆ ਕਰਦੀ ਹੈ ਜਿਥੇ ਕੇਵਲ ਨਾਮ ਦੀ ਪ੍ਰੇਰਨਾ ਮਿਲੇ ਅਤੇ ਸ਼ੁਭ ਕਰਮ ਕਰਨ ਦਾ ਉਤਸ਼ਾਹ ਹਿਰਦੇ ਵਿਚ ਉਤਪੰਨ ਹੋਵੇ। ਸੋ ਐਸੀ ਸੰਗਤ ਪੂਰਬਲੇ ਭਾਗਾਂ ਤੋਂ ਬਗੈਰ ਪ੍ਰਾਪਤ ਨਹੀਂ ਹੋਇਆ ਕਰਦੀ –

***ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ॥*** ***ਪੰਨਾ - 642***

ਤੱਤ ਬੇਤੇ ਮਹਾਂਪੁਰਸ਼, ਜਿੰਨ੍ਹਾਂ ਦੇ ਅੰਦਰ ਨਾਮ ਦਾ ਪ੍ਰਕਾਸ਼ ਹੋ ਚੁਕਿਆ ਹੋਵੇ ਅਤੇ ਖ਼ੁਸ਼ਕ ਗਿਆਨ ਦੀ ਥਾਂ ਰਸਕ ਬੈਰਾਗੀ ਹੋਣ, ਉਨ੍ਹਾਂ ਦੀ ਸੰਗਤ, ਉਨ੍ਹਾਂ ਦਾ ਮਿਲਾਪ ਪਿਛਲੇ ਕੀਤੇ ਹੋਏ ਸ਼ੁਭ ਕਰਮ ਉਦੇ ਹੋਣ ਤੋਂ ਹੋਇਆ ਕਰਦਾ ਹੈ। ਐਸੇ ਮਹਾਂਪੁਰਸ਼ਾਂ ਨੂੰ ਦੇਖਦੀ ਤਾਂ ਸਾਰੀ ਦੁਨੀਆਂ ਹੈ ਅਤੇ ਨੇੜੇ ਵੀ ਬਹੁਤ ਰਹਿੰਦੇ ਹਨ ਪਰ ਉਨ੍ਹਾਂ ਦੇ ਬਚਨਾਂ ਦੀ ਪ੍ਰਤੀਤੀ ਕਿਸੇ ਭਾਗਾਂ ਵਾਲੇ ਦੇ ਹਿਰਦੇ ਵਿਚ ਹੀ ਪ੍ਰਕਾਸ਼ਿਤ ਹੁੰਦੀ ਹੈ। ਐਸਾ ਫੁਰਮਾਨ ਹੈ –

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥*** ***ਪੰਨਾ - 204***

ਉਨ੍ਹਾਂ ਨੂੰ ਮਿਲ ਕੇ ਅਵਿਦਿਆ ਆਦਿ ਸਮੂੰਹ ਕਲੇਸ਼ਾਂ, ਸ਼ੰਕਿਆਂ, ਕਰਮਾਂ ਦਾ ਪਾਇਆ ਹੋਇਆ ਅਗਿਆਨ ਹਨ੍ਹੇਰਾ ਮਿਟ ਜਾਇਆ ਕਰਦਾ ਹੈ ਅਤੇ ਜਨਮਾਂ ਜਨਮਾਤਰਾਂ ਤੋਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਮਾਇਆ ਦੇ ਪ੍ਰਭਾਵ ਵਿਚ ਸੁੱਤੀ ਪਈ ਸੁਰਤੀ ਜਾਗ ਕੇ ਆਪਣੇ ਆਤਮਕ ਸਰੂਪ ਨੂੰ ਸ਼ਾਖਸ਼ਾਤ ਕਰ ਲੈਂਦੀ ਹੈ। ਮਹਾਤਮਾ ਭਾਵੇਂ ਪੂਰਨ ਬ੍ਰਹਮ ਗਿਆਤਾ ਅਤੇ ਪ੍ਰਭੂ ਵਿਚ ਅਭੇਦ ਅਵਸਥਾ ਵਾਲਾ ਕਿਉਂ ਭੀ ਨਾ ਹੋਵੇ ਪਰ ਜੇ ਜਗਿਆਸੂ ਦੇ ਹਿਰਦੇ ਵਿਚ ਸ਼ਰਧਾ, ਅੰਤਮ ਸੀਮਾਂ ਤੱਕ ਪੈਦਾ ਨਹੀਂ ਹੁੰਦੀ ਤਾਂ ਮਹਾਤਮਾ ਦਾ ਉਪਦੇਸ਼ ਐਸੇ ਜਗਿਆਸੂ ਦੇ ਮਨ ਵਿਚ ਪਏ ਹਨ੍ਹੇਰੇ ਨੂੰ ਦੂਰ ਨਹੀਂ ਕਰ ਸਕਿਆ ਕਰਦਾ ਜਿ. ਕਿ ਗੁਰਬਾਣੀ ਦਾ ਫੁਰਮਾਨ ਹੈ –

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥***
***ਪੰਨਾ - 1372***

ਦੇਖਿਆ ਇਹ ਗਿਆ ਹੈ ਕਿ ਪਹਿਲਾਂ ਤਾਂ ਜਗਿਆਸਾ ਦੀ ਅਣਹੋਂਦ ਹੋਣ ਕਰਕੇ ਆਪਣੇ ਆਤਮ ਸਰੂਪ ਨੂੰ ਜਾਨਣ ਦੀ ਤੀਬਰਤਾ ਨਹੀਂ ਹੈ ਅਤੇ ਨਾ ਹੀ ਮਹਾਤਮਾ ਉਪਰ ਪੂਰਨ ਸ਼ਰਧਾ ਹੁੰਦੀ ਹੈ। ਕਾਰਨ ਇਹ ਹੈ ਕਿ ਇਸ ਜੀਵ ਦੇ ਅੰਤਸ਼ਕਰਣ ਵਿਚ ਭੇਦ ਵਾਦੀਆਂ ਦੇ ਬਚਨਾਂ ਅਤੇ ਕੇਵਲ ਬੁੱਧੀ ਤਕ ਸੀਮਤ ਰਹਿਣ ਵਾਲਿਆਂ ਦੀਆਂ ਅਨੇਕ ਜੁਗਤੀਆਂ ਭਰੀਆਂ ਪੁਸਤਕਾਂ ਦੇ ਸੰਸਕਾਰ ਸ਼ਰਧਾ ਨੂੰ ਪੂਰੀ ਤਰ੍ਹਾਂ ਨਾਲ ਅਛਾਦਨ ਕਰ ਦਿੰਦੇ ਹਨ ਅਤੇ ਇਸ ਸ਼ਰਧਾ ਵਿਚ ਨਹੀਂ ਆਉਂਦੇ -

*ਸੰਤ ਅਨੰਤਹਿ ਅੰਤਰੁ ਨਾਹੀ॥* ਪੰਨਾ - 466

ਸੰਤਾਂ ਨੂੰ ਕੇਵਲ ਇਕ ਮਨੁੱਖ ਕਰਕੇ ਹੀ ਵੇਖਦੇ ਹਨ ਅਤੇ ਪਤਲੀ ਜਿਹੀ ਸ਼ਰਧਾ ਧਾਰ ਕੇ ਬਚਨ ਸੁਣਦੇ ਹਨ। ਸੋ ਐਨੀ ਪਤਲੀ ਸ਼ਰਧਾ ਨਾਲ ਸੁਣੇ ਹੋਏ ਬਚਨ, ਸੰਸਿਆਂ ਦੇ ਭਰੇ ਹੋਏ ਮੈਲੇ ਅੰਤਸ਼ਕਰਣ ਨੂੰ ਪਵਿੱਤਰ ਕਰਨ ਤੋਂ ਅਸਮਰਥ ਹੁੰਦੇ ਹਨ। ਇਕ ਇਹ ਵੀ ਗੱਲ ਹੈ ਕਿ ਸੰਤ ਨਾ ਤਾਂ ਭੇਖ ਤੋਂ ਹੀ ਪਛਾਣਿਆ ਜਾਂਦਾ ਹੈ, ਨਾ ਕਿਸੇ ਜਪਾਂ ਤਪਾਂ ਤੋਂ ਪਛਾਣ ਹੁੰਦਾ ਹੈ ਕਿਉਂਕਿ ਸੰਤਾਂ ਦੀ ਮਹਿਮਾ ਨੂੰ ਸੰਤ ਹੀ ਜਾਣਦੇ ਹਨ। ਭੇਖੀ ਅਤੇ ਵਾਕ ਚਤੁਰ ਦੰਭੀ ਪੁਰਸ਼ ਦਾ ਮਨ, ਮਾਇਆਕਾਰ ਹੋਣ ਕਰਕੇ ਮਾਇਆ ਵਿਚ ਫਸਿਆ ਰਹਿੰਦਾ ਹੈ। ਆਪਣੇ ਅੰਦਰ ਹਨ੍ਹੇਰਾ ਹੋਣ ਕਰਕੇ ਦੂਸਰੇ ਦੇ ਹਿਰਦੇ ਵਿਚ ਪ੍ਰਕਾਸ਼ਮਈ ਜੋਤ ਨਹੀਂ ਜਗਾ ਸਕਦਾ। ਸੋ ਇਸ ਕਲਜੁਗ ਦੇ ਅੰਦਰ ਇਹ ਬਹੁਤ ਹੀ ਵੱਡੀ ਔਕੜ ਜਗਿਆਸੂਆਂ ਦਾ ਭਲਾ ਨਹੀਂ ਹੋਣ ਦਿੰਦੀ। ਵਾਹਿਗੁਰੂ ਜੀ ਕ੍ਰਿਪਾ ਕਰਨ, ਜਗਿਆਸੂ ਦੇ ਭਾਗ ਜਾਗ ਪੈਣ ਤਾਂ ਸੱਚੇ ਸੰਤ ਨਾਲ ਵਾਹਿਗੁਰੂ ਜੀ ਦੀ ਪ੍ਰੇਰਨਾ ਨਾਲ ਹੀ ਮੇਲ ਹੁੰਦਾ ਹੈ। ਐਸਾ ਸੰਤ ਭਾਵੇਂ ਆਪਣੇ ਖੇਤਾਂ ਵਿਚ ਖੇਤੀ ਕਰ ਰਿਹਾ ਹੈ ਜਾਂ ਫੌਜ ਵਿਚ ਡਿਊਟੀ ਦੇ ਰਿਹਾ ਹੈ ਜਾਂ ਵਣਜ ਵਪਾਰ ਦੇ ਸਰਕਲ ਵਿਚ ਆਪਣੀ ਸੁੱਚੀ ਕਿਰਤ ਨਾਲ ਜੁੜਿਆ ਹੋਇਆ ਹੈ; ਕੁਝ ਕਿਹਾ ਨਹੀਂ ਜਾ ਸਕਦਾ। ਜੀਵ ਦੇ ਵਸ ਵਿਚ ਕੇਵਲ ਇਕ ਅਰਦਾਸ ਹੈ ਕਿ ਹੇ ਵਾਹਿਗੁਰੂ! ਕੋਈ ਆਪਣਾ ਐਸਾ ਗੁਰਮੁਖ ਪਿਆਰਾ ਮੇਲ ਦੇ, ਜਿਸਨੂੰ ਮਿਲਕੇ ਮੇਰਾ ਜਨਮ ਸਫਲਾ ਹੋ ਜਾਵੇ। ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਬਾਰ-ਬਾਰ ਆਦੇਸ਼ ਦਿੰਦੀ ਹੈ ਕਿ ਤੂੰ ਪ੍ਰਭੂ ਪਿਆਰੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਜਾ ਕੇ ਆਪਣਾ ਜੀਵਨ ਮਨੋਰਥ ਪੂਰਾ ਕਰਨ ਦਾ ਉਪਰਾਲਾ ਕਰ।

ਸੰਤਾਂ ਨੂੰ ਕੋਈ ਵਾਸ਼ਨਾ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਇਹ ਸਾਰਾ ਦਿਸਦਾ ਸੰਸਾਰ ਕੇਵਲ ਵਾਹਿਗੁਰੂ ਹੀ ਹੈ। ਸੋ ਉਹ ਕਿਸਨੂੰ ਉਪਦੇਸ਼ ਦੇਣ ਜਦੋਂ ਕਿ ਸਾਰਾ ਸੰਸਾਰ ਵਾਹਿਗੁਰੂ ਦੀ ਆਪਣੀ ਮੌਜ ਵਿਚ ਕੀਤੀ ਜਾਂਦੀ ਇਕ ਖੇਲ੍ਹ ਹੀ ਹੈ। ਪਰ ਸੰਤ ਦਾ ਸਰੀਰ, ਜੀਵਾਂ ਦੀ ਪਰਾਲਬਧ ਦੇ ਵਸ ਹੁੰਦਾ ਹੋਇਆ, ਪ੍ਰਭੂ ਹੁਕਮ ਵਿਚ ਤੱਤ ਬਚਨਾਂ ਦਾ ਉਪਦੇਸ਼ ਦੇ ਰਿਹਾ ਹੁੰਦਾ ਹੈ। ਆਪ ਉਹ ਪੂਰਨ ਗਿਆਨ ਦੀ ਸਥਿਤੀ ਵਿਚ ਸਦਾ ਹੀ ਅਭੇਦ ਅਵਸਥਾ ਵਿਚ ਸਥਿਤ ਰਹਿੰਦੇ ਹਨ। ਇਹ ਗੱਲ ਆਮ ਮਨੁੱਖ ਦੀ ਸਮਝ ਤੋਂ ਅਛੋਹ ਹੈ, ਸਮਝ ਵਿਚ ਆਉਣੀ ਮੁਸ਼ਕਲ ਹੈ। ਵਾਹਿਗੁਰੂ ਜੀ ਕ੍ਰਿਪਾ ਕਰਨ, ਆਪ ਹੀ ਆਪਣੀ ਕ੍ਰਿਆ ਵਿਚ ਕੌਤਕ ਵਰਤਾ ਕੇ ਅਜਿਹੇ ਸੰਜੋਗ ਪੈਦਾ ਕਰਨ।

ਖਿਆਲ ਹੈ ਕਿ ਤੁਸੀਂ ਸਾਰੇ ਇਸ ਵਿਚਾਰ ਨੂੰ ਭਲੀ-ਭਾਂਤ ਸਮਝ ਗਏ ਹੋਵੋਂਗੇ ਅਤੇ ਆਪਣੇ ਮਨ ਦੀ ਸੂਈ ਨੂੰ ਸਤਿਸੰਗ ਦੇ ਪਿਆਰ ਵਿਚ ਰੱਖ ਕੇ ਸਤਿਸੰਗ ਕਰਨ ਦਾ ਉਪਰਾਲਾ ਕਰਦੇ ਰਹੋਗੇ।

---

*With best compliments from : -*

CCEI
LEARN COMPUTER EDUCATION ★ TO SERVE THE NATION

**CITY COMPUTER EDUCATIONAL INSTITUTE**

REGD. OFFICE : OFFICE S.C.O. 87 (1st FLOOR), SECTOR 35-C, CHANDIGARH.
INSTITUTE : # 543, PHASE 1ST (AT THE BACK OF FRANCO HOTEL), S.A.S. NAGAR. MOHALI

Certificate Courses in DTP & Engineering Designing

# ਭੱਟਾਂ ਦੀ ਨਜ਼ਰ ਵਿਚ ਗੁਰੂ ਰਾਮਦਾਸ ਜੀ

*ਬੀਬੀ ਅਮਰਜੀਤ ਕੌਰ*
*ਭਾਈ ਵੀਰ ਸਿੰਘ ਗੁਰਮਤਿ ਵਿਦਿਆਲਾ*
*(ਸੈਂਟਰਲ ਖਾਲਸਾ ਯਤੀਮਖਾਨਾ) ਪੁਤਲੀ ਘਰ*
*ਅੰਮ੍ਰਿਤਸਰ*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਵਈਏ ਮਹਲੇ ਚੌਥੇ ਕੇ' ਦੇ ਸਿਰਲੇਖ ਹੇਠ ਗੁਰੂ ਰਾਮਦਾਸ ਜੀ ਦੀ ਉਪਮਾ ਸਬੰਧੀ ਭੱਟਾਂ ਦੇ 60 ਸਵਈਏ ਦਰਜ ਹੋਏ ਮਿਲਦੇ ਹਨ। ਇਨ੍ਹਾਂ 60 ਵਿਚੋਂ ਭੱਟ ਕਲਸਹਾਰ ਦੇ 13, ਨਲ ਦੇ 16, ਗਾਯੰਦ ਦੇ 13, ਮਥੁਰਾ ਦੇ 7, ਬਲ੍ਯ ਦੇ 5, ਕੀਰਤ ਦੇ 4 ਅਤੇ ਸਲ੍ਯ ਦੇ 2 ਸਵਈਏ ਸ਼ਾਮਲ ਹਨ।

ਗੁਰਬਾਣੀ ਵਿਚ ਸਿਧਾਂਤਕ ਤੌਰ ਤੇ ਪਰਮਾਤਮਾਂ ਨੂੰ ਨਿਰਗੁਣ ਰੂਪ ਵਿਚ ਚਿਤਰਿਆ ਗਿਆ ਹੈ ਪਰ ਕਿਧਰੇ ਕਿਧਰੇ ਪ੍ਰਮਾਤਮਾਂ ਦੇ ਸਰਗੁਣ ਸੂਰਪ ਬਾਰੇ ਵੀ ਵਰਨਣ ਕੀਤਾ ਹੋਇਆ ਮਿਲਦਾ ਹੈ। ਭੱਟ ਵੀ ਸਰਗੁਣ ਵਿਚਾਰਧਾਰਾ ਨੂੰ ਮੁਖ ਰੱਖਦੇ ਹੋਏ ਨਿਜੀ ਵਿਸ਼ਵਾਸ਼ਾਂ, ਪੁਰਾਤਨ ਇਤਿਹਾਸਕ ਤੇ ਮਿਥਿਹਾਸਕ ਸੰਕਲਪਾਂ ਦਾ ਆਸਰਾ ਲੈ ਕੇ ਆਪਣੇ ਸਮੇਂ ਵਿਚ ਫੈਲੀ ਗੁਰੂ ਸ਼ਰਧਾ ਨੂੰ ਇਸ ਬਾਣੀ ਵਿਚ ਵਿਅਕਤ ਕਰਦੇ ਹਨ। ਭੱਟ ਗੁਰੂ ਰਾਮਦਾਸ ਜੀ ਦੀ ਸਖਸ਼ੀਅਤ ਨੂੰ ਦੈਵੀ ਪ੍ਰਸੰਗ ਨਾਲ ਜੋੜ ਕੇ ਉਹਨਾਂ ਦੀ ਮਹਾਨਤਾ ਉਜਾਗਰ ਕਰਦੇ ਹਨ।

ਜਦ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸੰਕਲਨ ਕਰ ਰਹੇ ਸਨ ਤਾਂ ਇਹ ਭੱਟ ਵੀ ਆਪਣੀ ਰਚਨਾ ਲੈ ਕੇ ਗੁਰੂ ਸਾਹਿਬ ਪਾਸ ਪਹੁੰਚੇ। ਭੱਟਾਂ ਦੇ ਕੁਲ 123 ਸਵੱਈਆਂ ਵਿਚੋਂ 60 ਗੁਰੂ ਰਾਮਦਾਸ ਜੀ ਬਾਰੇ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਭੱਟ ਗੁਰੂ ਰਾਮਦਾਸ ਜੀ ਦੀ ਸਖਸ਼ੀਅਤ ਤੋਂ ਕਾਫੀ ਪ੍ਰਭਾਵਿਤ ਹੋਏ ਜਾਪਦੇ ਹਨ। ਭੱਟ ਨਲ ਆਪਣੇ ਸਵਈਆਂ ਵਿਚ ਆਖਦਾ ਹੈ ਕਿ ਨਾਮ ਅੰਮ੍ਰਿਤ ਪੀਣ ਦੀ ਮੇਰੇ ਅੰਦਰ ਚਿਰਾਂ ਦੀ ਤਾਂਘ ਸੀ। ਜਦੋਂ ਮੈਂ ਗੁਰੂ ਰਾਮਦਾਸ ਜੀ ਦਾ ਦਰਸ਼ਨ ਕੀਤਾ ਤਾਂ ਮੇਰੀ ਇਹ ਤਾਂਘ ਪੂਰੀ ਹੋ ਗਈ –

*ਗੁਰੂ ਮੁਖੁ ਦੇਖਿ, ਗੁਰੂ ਸੁਖੁ ਪਾਯਉ॥*
*ਹੁਤੀ ਜੁ ਪਿਆਸ ਪਿਊਸ ਪਿਵੰਨ ਕੀ*
*ਬੰਛਤ ਸਿਧਿ ਕਉ ਬਿਧਿ ਮਿਲਾਯਉ॥*

*ਪੰਨਾ - 1400*

ਭੱਟ ਕੀਰਤ ਆਪਣੇ ਸਵਈਆਂ ਵਿਚ ਕਹਿ ਰਿਹਾ ਹੈ ਕਿ ਅਸੀਂ ਅਵਗੁਣਾਂ ਨਾਲ ਭਰੇ ਹੋਏ ਹਾਂ। ਮਾਇਆ ਦੇ ਮੋਹ ਅਤੇ ਭਰਮਾਂ ਵਿਚ ਪੈ ਕੇ ਅਸੀਂ ਸਹੀ ਜੀਵਨ ਦਾ ਰਸਤਾ ਭੁੱਲ ਚੁੱਕੇ ਹਾਂ ਤੇ ਪੁਤਰ ਧੀਆਂ, ਇਸਤਰੀ ਨਾਲ ਮੋਹ ਵਧਾਇਆ ਹੋਇਆ ਹੈ। ਆਪਣੇ ਇਨ੍ਹਾਂ ਅਵਗੁਣਾਂ ਨੂੰ ਚਿਤਾਰਦੇ ਹੋਏ ਭੱਟ ਕੀਰਤ ਗੁਰੂ ਰਾਮਦਾਸ ਜੀ ਅਗੇ ਪ੍ਰਾਰਥਨਾ ਕਰਦੇ ਹਨ –

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ।*
*ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ*
*ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ*
*ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ*
*ਗੁਰ ਰਾਮਦਾਸ ਰਾਖਹੁ ਸਰਣਾਈ॥*       *ਪੰਨਾ - 1406*

ਭੱਟਾਂ ਨੇ ਸਵੱਈਆਂ ਵਿਚ ਮੁਖ ਰੂਪ ਵਿਚ ਗੁਰੂ ਰਾਮਦਾਸ ਮਹਾਰਾਜ ਜੀ ਦੇ ਗੁਰੂ ਸਰੂਪ ਨੂੰ ਚਿਤਰਿਆ ਹੈ। ਉਨ੍ਹਾਂ ਨੇ ਗੁਰੂ ਜੋਤਿ ਦੀ ਏਕਤਾ ਦੇ ਸਿਧਾਂਤ ਨੂੰ ਪਰਵਾਨ ਕਰਦਿਆਂ ਹੋਇਆਂ ਗੁਰੂ ਰਾਮਦਾਸ ਜੀ ਨੂੰ ਗੁਰੂ ਪਰੰਪਰਾ ਦਾ ਅੰਗ ਦਰਸਾਇਆ ਹੈ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਪਰਮਾਤਮਾ ਨਾਲ ਮੇਲ ਪ੍ਰਾਪਤ ਹੋਣ ਨਾਲ ਗੁਰੂ ਨਾਨਕ ਦੇਵ ਜੀ ਵਿਚ ਪ੍ਰਗਟ ਹੋਈ ਦੈਵੀ ਜੋਤਿ ਗੁਰੂ ਅੰਗਦ, ਗੁਰੂ ਰਾਮਦਾਸ ਜੀ ਰਾਹੀਂ ਗੁਰੂ ਰਾਮਦਾਸ ਜੀ ਤੱਕ ਪਹੁੰਚੀ ਹੈ। ਇਸ ਤਰ੍ਹਾਂ ਉਹ ਗੁਰੂ ਰਾਮਦਾਸ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਦਾ ਵਾਰਸ ਪਰਵਾਨ ਕਰਦੇ ਹਨ –

*ਗੁਰ ਨਾਨਕੁ ਨਿਕਟਿ ਬਸੈ ਬਨਵਾਰੀ॥*
*ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥*

*ਲਹਣੈ ਪੰਥੁ ਧਰਮ ਕਾ ਕੀਆ॥*
*ਅਮਰਦਾਸ ਭਲੇ ਕਉ ਦੀਆ॥*

*ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ॥*
*ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ॥*       *ਪੰਨਾ - 1401*

ਭੱਟ ਕਲਸਹਾਰ ਕਹਿੰਦਾ ਹੈ ਕਿ ਹਰਦਾਸ ਜੀ ਦੇ ਸਪੁਤਰ ਗੁਰੂ ਰਾਮਦਾਸ ਜੀ ਹਿਰਦੇ ਰੂਪੀ ਖਾਲੀ ਸਰੋਵਰ ਨੂੰ ਭਰਨ ਵਾਲੇ ਹਨ –

*ਕਵਿ ਕਲ ਠਕੁਰ ਹਰਦਾਸ ਤਨੇ*
*ਗੁਰ ਰਾਮਦਾਸ ਸਰ ਅਭਰ ਭਰੇ॥*       *ਪੰਨਾ - 1396*

ਉਹ ਪਾਰਸ ਰੂਪੀ ਗੁਰੂ ਅਮਰਦਾਸ ਜੀ ਨੂੰ ਮਿਲ ਕੇ ਪੂਰਨ ਅਡੋਲ ਅਵਸਥਾ ਵਿਚ ਆਏ ਅਤੇ ਗੁਰੂ ਨਾਨਕ ਦੇਵ ਜੀ ਦੀ ਮਿਹਰ ਨਾਲ ਗੁਰੂ ਅੰਗਦ ਦੇਵ ਜੀ ਦੀ ਚੰਗੀ ਸਮਝ ਨਾਲ ਗੁਰੂ ਰਾਮਦਾਸ ਜੀ ਨੇ ਹਰੀ ਦਾ ਹੁਕਮ ਸੰਸਾਰ ਵਿਚ ਪ੍ਰਚਲਤ ਕੀਤਾ ਹੈ। ਇਸ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਅਟੱਲ ਅਮਰ ਪਦ ਪ੍ਰਾਪਤ ਕੀਤਾ ਹੈ –

*ਗੁਰ ਰਾਮਦਾਸ ਕਲਚਰੇ*
*ਤੈ ਅਭੈ ਅਮਰ ਪਦੁ ਪਾਇਅਉ॥*   *ਪੰਨਾ - 1397*

ਭੱਟ ਗੁਰੂ ਰਾਮਦਾਸ ਜੀ ਦੇ ਸਰੂਪ ਨੂੰ ਚਿਤਰਦੇ ਹੋਏ ਉਨ੍ਹਾਂ ਨੂੰ ਪਰਮਾਤਮਾਂ ਵਾਲੇ ਗੁਣਾਂ ਦਾ ਧਾਰਨੀ ਦਰਸਾਉਂਦੇ ਹਨ। ਗੁਰੂ ਜੀ ਨੂੰ ਸੰਭਵਿਉ, ਨਿਰਭਉ, ਨਿਰੰਕਾਰ, ਅਪਾਰ, ਅਕੱਥ, ਅਗੋਚਰ, ਅਪਰੰਪਰ ਆਦਿ ਪਰਮਾਤਮਾ ਵਾਲੇ ਗੁਣਾਂ ਨਾਲ ਭਰਪੂਰ ਦੈਵੀ ਸਖਸ਼ੀਅਤ ਦੇ ਰੂਪ ਵਿਚ ਚਿਤਰਿਆ ਹੈ। ਭੱਟ ਨਲ ਆਪਣੇ ਸਵਈਏ ਵਿਚ ਦਰਸਾਉਂਦਾ ਹੈ ਕਿ –

*ਪਰਤਖਿ ਦੇਹ ਪਾਰਬ੍ਰਹਮੁ ਸੁਆਮੀ*
*ਆਦਿ ਰੂਪਿ ਪੋਖਣ ਭਰਣੰ।*

*ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ*
*ਸ੍ਰੀ ਰਾਮਦਾਸੁ ਤਾਰਣ ਤਰਣੰ॥ ਪੰਨਾ - 1401*

ਭੱਟ ਨਲ ਗੁਰੂ ਰਾਮਦਾਸ ਜੀ ਦੀ ਵਡਿਆਈ ਕਰਦੇ ਹੋਏ ਫੁਰਮਾਉਂਦੇ ਹਨ ਕਿ ਉਸ ਦੇ ਸਿਮਰਨ ਨਾਲ ਇਸ ਤਰ੍ਹਾਂ ਹੀ ਤਬਦੀਲ ਹੋ ਜਾਈਦਾ ਹੈ ਜਿਸ ਤਰ੍ਹਾਂ ਪਾਰਸ ਦੀ ਛੋਹ ਨਾਲ ਕੱਚ ਸੋਨਾ ਹੋ ਜਾਂਦਾ ਹੈ ਅਤੇ ਚੰਦਨ ਦੀ ਛੂਹ ਨਾਲ ਹੋਰ ਰੁੱਖ ਸੁਗੰਧਤ ਹੋ ਜਾਂਦੇ ਹਨ। ਇਸ ਤਰ੍ਹਾਂ ਗੁਰੂ ਰਾਮਦਾਸ ਜੀ ਦੇ ਦਵਾਰੇ ਨੂੰ ਦੇਖਣ ਨਾਲ ਕਾਮ ਕ੍ਰੋਧ ਆਦਿ ਔਗੁਣ ਮਨੁੱਖ ਤੋਂ ਦੂਰ ਹੋ ਜਾਂਦੇ ਹਨ -

*ਨਲੵ ਕਵਿ ਪਾਰਸ ਪਰਸ ਕਚ ਕੰਚਨਾ ਹੁਇ*
*ਚੰਦਨਾ ਸੁਬਾਸੁ ਜਾਸੁ ਸਿਮਰਤ ਅਨਤਰ॥*
*ਜਾ ਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ*
*ਜੀ ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ॥*
*ਪੰਨਾ - 1399*

ਪੁਰਾਣੇ ਮਿਥਿਹਾਸਕ ਹਵਾਲਿਆਂ ਦੇ ਪ੍ਰਮਾਣ ਦੇ ਕੇ ਭਟ ਨਲ ਕਹਿ ਰਹੇ ਹਨ ਕਿ ਜਿਵੇਂ ਪਰਮਾਤਮਾਂ ਨੇ ਪ੍ਰਹਿਲਾਦ, ਦਰੋਪਤੀ, ਸੁਦਾਮਾ, ਗਨਿਕਾ ਦੀ ਲਾਜ ਰੱਖੀ, ਇਸੇ ਤਰ੍ਹਾਂ ਹੀ ਗੁਰੂ ਜੀ! ਮੇਰੀ ਇਸ ਕਲਜੁਗ ਵਿਚ ਲਾਜ ਰਖੋ -

*ਅਬ ਰਾਖਹੁ ਦਾਸ ਭਾਟ ਕੀ ਲਾਜ॥ ਪੰਨਾ - 1400*

ਭੱਟ ਨਲ ਜੀ ਮਨੁੱਖੀ ਜੀਵਨ ਲਈ ਗੁਰੂ ਜੀ ਦੀ ਮਹਾਨਤਾ ਨੂੰ ਸਵੀਕਾਰ ਕਰਦੇ ਹੋਏ ਆਪਣੇ ਮਨ ਨੂੰ ਸੰਬੋਧਨ ਹੋ ਕੇ ਫੁਰਮਾਉਂਦੇ ਹਨ ਕਿ ਹੇ ਮੇਰੇ ਮਨ, ਤੂੰ ਗੁਰੂ-ਗੁਰੂ ਜਪ ਕਿਉਂਕਿ ਉਹ ਗੁਰੂ, ਕਲਜੁਗ ਵਿਚ ਤਾਰਨ ਦੇ ਸਮਰੱਥ ਹੈ ਤੇ ਦੁਖਾਂ ਨੂੰ ਨਾਸ਼ ਕਰਨ ਵਾਲਾ ਹੈ। ਭੱਟ ਨਲ ਜੀ ਦਾ ਕਥਨ ਹੈ -

*ਗੁਰੂ ਗੁਰੂ ਗੁਰ ਕਰੁ ਮਨ ਮੇਰੇ॥*
*ਤਾਰਣ ਤਰਣ ਸਮ੍ਰਥੁ ਕਲਿਜੁਗਿ*
*ਸੁਨਤ ਸਮਾਧਿ ਸਬਦ ਜਿਸੁ ਕੇਰੇ॥ ਪੰਨਾ - 1399-1400*

ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਜੀਵਨ ਵਿਚ ਹਨੇਰਾ ਹੀ ਹਨੇਰਾ ਹੈ। ਗੁਰੂ ਤੋਂ ਬਿਨਾਂ ਸਹੀ ਜੀਵਨ ਉਦੇਸ਼ ਦੀ ਸਮਝ ਨਹੀਂ ਹੋ ਸਕਦੀ, ਗੁਰੂ ਤੋਂ ਬਿਨਾਂ ਮੁਕਤ ਵੀ ਨਹੀਂ ਹੋਇਆ ਜਾ ਸਕਦਾ-

*ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨਾ ਆਵੈ॥*
*ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥*
*ਪੰਨਾ - 1399*

ਭੱਟ, ਗੁਰੂ ਜੀ ਦੀ ਵਡੱਤਣ ਨੂੰ ਇਸ ਤਰ੍ਹਾਂ ਦ੍ਰਿੜ੍ਹ ਕਰਵਾ ਰਹੇ ਹਨ ਕਿ ਗੁਰੂ ਰਾਮਦਾਸ ਜੀ ਨੇ ਮਾਇਆ ਦੇ ਮਦ ਵਿਚ ਮੋਹੇ ਹੋਏ ਸੰਸਾਰ ਨੂੰ ਤਾਰਿਆ ਹੈ ਤੇ ਅੰਮ੍ਰਿਤ ਨਾਮ ਬਖਸ਼ਿਆ ਹੈ। ਭੱਟ ਮਥਰਾ ਕਹਿੰਦੇ ਹਨ -

*ਤਾਰਉ ਸੰਸਾਰੁ ਮਾਯਾ ਮਦ ਮੋਹਿਤ*
*ਅੰਮ੍ਰਿਤ ਨਾਮੁ ਦੀਅਉ ਸਮਰਥੁ॥ ਪੰਨਾ - 1404*

ਗੁਰੂ ਰਾਮਦਾਸ ਜੀ ਦੇ ਸਰੂਪ ਦਾ ਵਰਨਣ ਕਰਦਿਆਂ ਭੱਟ ਉਨ੍ਹਾਂ ਨੂੰ ਹਿੰਦੂ ਅਵਤਾਰਾਂ ਦੇ ਪ੍ਰਸੰਗ ਵਿਚ ਵੀ ਉਸੇ ਦੈਵੀ ਸ਼ਕਤੀ ਨੂੰ ਚਿਤਰਦੇ ਹਨ। ਖਾਸ ਕਰਕੇ ਭੱਟ ਗੁਰੂ ਸਾਹਿਬ ਨੂੰ ਬਾਵਨ, ਰਾਮ ਤੇ ਕ੍ਰਿਸ਼ਨ ਆਦਿ ਅਵਤਾਰਾਂ ਨਾਲ ਉਪਮਾਂ ਦਿੰਦੇ ਹਨ -

*ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ*
*ਆਪ ਹੀ ਦੇਵਾਧਿ ਦੇਵ ਸਹਜ ਮੁਖ ਫਨਿੰਦ ਜੀਓ॥ ਪੰਨਾ-1403*

ਭੱਟ ਕੀਰਤ ਗੁਰੂ ਰਾਮਦਾਸ ਜੀ ਦੀ ਵਡਿਆਈ ਨੂੰ ਇਸ ਤਰ੍ਹਾਂ ਦਰਸਾ ਰਹੇ ਹਨ ਕਿ ਗੁਰੂ ਰਾਮਦਾਸ ਜੀ ਦੇ ਚਰਨੀਂ ਲੱਗਿਆਂ ਕਾਮ, ਕ੍ਰੋਧ ਤੇ ਜਮਾਂ ਦਾ ਡਰ ਖਤਮ ਹੋ ਜਾਂਦਾ ਹੈ -

*ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ*
*ਤਿਨ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ॥ ਪੰਨਾ - 1405*

ਭੱਟ ਕਲਸਹਾਰ ਬੇਨਤੀ ਕਰਦਾ ਹੈ ਕਿ ਹੇ ਗੁਰੂ, ਮੇਰੀ ਆਸ ਪੂਰੀ ਕਰ ਕਿ ਮੈਂ ਇਕਾਗਰ ਮਨ ਹੋ ਕੇ ਮਾਇਆ ਤੋਂ ਰਹਿਤ ਅਕਾਲ ਪੁਰਖ ਦਾ ਸਿਮਰਨ ਕਰਾਂ ਤੇ ਗੁਣ ਗਾਉਂਦਿਆਂ ਮੇਰੇ ਵਿਚ ਆਨੰਦ ਪੈਦਾ ਹੋਵੇ -

*ਇਕ ਮਨਿ ਪੁਰਖੁ ਨਿਰੰਜਨੁ ਧਿਆਵਉ॥*
*ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ॥*
*ਗੁਨ ਗਾਵਤ ਮਨਿ ਹੋਇ ਬਿਗਾਸਾ॥*
*ਸਤਿਗੁਰ ਪੂਰਿ ਜਨਹ ਕੀ ਆਸਾ॥ ਪੰਨਾ - 1396*

ਭੱਟ ਨਲ ਗੁਰੂ ਜੀ ਦੀ ਉਪਮਾਂ ਨੂੰ ਇਸ ਤਰ੍ਹਾਂ ਵਰਨਣ ਕਰਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ, ਤੇਰੀ ਸਾਰੇ ਜਗਤ ਵਿਚ ਜੈ ਜੈ ਕਾਰ ਹੋ ਰਹੀ ਹੈ। ਭੱਟ ਕੀਰਤ ਵੀ ਇਸ ਤਰ੍ਹਾਂ ਹੀ ਵਰਨਣ ਕਰਦਾ ਹੈ -

*ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ*
*ਤੈ ਹਰਿ ਪਰਮ ਪਦੁ ਪਾਇਯਉ॥ ਪੰਨਾ - 1405*

ਭੱਟ, ਸਿਰਫ ਗੁਰੂ ਰਾਮਦਾਸ ਜੀ ਦੇ ਦੈਵੀ ਸਰੂਪ ਨੂੰ ਹੀ ਨਹੀਂ ਚਿਤਰਦੇ ਬਲਕਿ ਉਹ ਗੁਰੂ ਜੀ ਨੂੰ ਆਤਮਿਕ ਅਡੋਲਤਾ ਦੀ ਅਵਸਥਾ ਵਿਚ ਟਿਕੀ ਇਕ ਅਜਿਹੀ ਸਖਸ਼ੀਅਤ ਮੰਨਦੇ ਹਨ ਜਿਸ ਦੇ ਦਰਸ਼ਨ ਨਾਲ ਹੀ ਦੁਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਸਰਬ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

*ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ॥*
*ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ॥ ਪੰਨਾ-1397*

ਇਸ ਲਈ ਸਿਖ ਸੇਵਕ ਉਨ੍ਹਾਂ ਦੇ ਦਰਸ਼ਨਾਂ ਲਈ ਖਿੱਚੇ ਤੁਰੇ ਆਉਂਦੇ ਹਨ -

*ਸੇਵਕ ਸਿਖ ਸਦਾ ਅਤਿ ਲੁਭਿਤ*
*ਅਲਿ ਸਮੂਹ ਜਿਉ ਕੁਸਮ ਸੁਬਾਸੇ॥ ਪੰਨਾ - 1404*

ਭੱਟਾਂ ਨੇ ਆਪਣੀ ਰਚਨਾਂ 'ਸਵਈਆਂ' ਵਿਚ ਗੁਰੂ ਦੇ ਸਰੂਪ ਨੂੰ ਉਜਾਗਰ ਕੀਤਾ ਹੈ ਅਤੇ ਉਨ੍ਹਾਂ ਨੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੂੰ ਗੁਰੂ ਨਾਨਕ ਦੇਵ ਜੀ ਦਾ ਸਰੂਪ ਪਰਵਾਨਿਆਂ ਹੈ। ਭੱਟ ਬਾਣੀ ਅਨੁਸਾਰ ਗੁਰੂ ਅਗਿਆਨ ਰੂਪੀ ਹਨੇਰੇ ਵਿਚ ਗਿਆਨ ਰੂਪੀ ਚਾਨਣਾ ਹੈ ਅਤੇ ਮਨੁਖਤਾ ਦਾ ਕਲਿਆਣ ਕਰਨਾ ਜਿਨ੍ਹਾਂ ਦਾ ਮਿਸ਼ਨ ਹੈ। ਭਾਵੇਂ ਭੱਟ ਉਪਰੀ ਨਜ਼ਰੇ ਗੁਰੂ ਸਾਹਿਬਾਨਾਂ ਦੇ ਸਰੂਪ ਨੂੰ ਵੈਸ਼ਨਵ ਅਵਤਾਰਾਂ ਦੇ ਪ੍ਰਸੰਗ ਵਿਚ ਚਿਤਰਦੇ ਪ੍ਰਤੀਤ ਹੁੰਦੇ ਹਨ ਪਰੰਤੂ ਉਹ ਗੁਰੂ ਸਾਹਿਬਾਨ ਲਈ ਮੂਲ ਉਪਾਧੀ 'ਗੁਰੂ' ਹੀ ਵਰਤਦੇ ਹਨ, ਜੋ ਪ੍ਰਮਾਤਮਾ ਅਤੇ ਸ਼ਬਦ ਨਾਲ ਅਭੇਦ ਹੋਣ ਕਾਰਣ ਅਵਤਾਰ ਨਾਲੋਂ ਵੱਖਰੀ ਪਛਾਣ ਦੇ ਧਾਰਨੀ ਹਨ।

# ਦਿਮਾਗ ਦੀ ਦੂਸ਼ਿਤ ਕ੍ਰਿਆ

*(ਲੜੀ ਜੋੜਨ ਲਈ ਅਪ੍ਰੈਲ ਅੰਕ, ਪੰਨਾ - 46 ਵੇਖੋ)*

*ਡਾ. ਕੁਲਦੀਪ ਸਿੰਘ*

ਤਨ ਦੇ ਰੋਗੀ ਹੋਣ ਤੋਂ ਪਹਿਲਾਂ ਮਨੁਖ ਦਾ ਮਨ ਰੋਗੀ ਹੁੰਦਾ ਹੈ। ਵਿਕਾਰ ਮਨ ਤੇ ਕਾਬੂ ਪਾ ਕੇ ਇਸ ਨੂੰ ਰੋਗੀ ਬਣਾਉਂਦੇ ਹਨ। ਇਹ ਕਾਮ, ਕ੍ਰੋਧ, ਲੋਭ ਮੋਹ, ਅਹੰਕਾਰ, ਤ੍ਰਿਸ਼ਨਾ ਆਦਿ ਵਰਗੇ ਵਿਕਾਰ ਸਾਡੀ ਮਨਮਤਿ ਤੋਂ ਉਤਪੰਨ ਹੁੰਦੇ ਹਨ। ਸਾਡੀ ਮਨਮਤਿ ਦਾ ਕਾਰਨ ਅਵਿਦਿਆ ਹੈ। ਅਵਿਦਿਆ ਬੁੱਧੀ ਮੰਡਲ ਵਿਚ ਇਕ ਚੰਗੇ ਬੁੱਧੀਜੀਵੀ (ਪ੍ਰਾਕ੍ਰਿਤਕ ਗਿਆਨਵਾਨ) ਤੋਂ ਮੂਰਖ (ਅਨਪੜ੍ਹ, ਗਵਾਰ) ਦੇ ਵਿਚ ਦਾ ਅੰਤਰ ਹੈ। ਅਨੁਭਵ ਮੰਡਲ ਵਿਚ ਆਪਣੇ ਸਵੈ-ਸਰੂਪ ਨੂੰ ਨਾ ਪਛਾਨਣਾ ਅਤੇ ਪ੍ਰਮਾਤਮਾ, ਜੀਵਆਤਮਾ (ਆਪਣੇ ਆਪ ਨੂੰ) ਅਤੇ ਪ੍ਰਕ੍ਰਿਤੀ ਨੂੰ ਅਲੱਗ ਅਲੱਗ ਸਮਝਣਾ ਹੀ ਅਵਿਦਿਆ ਹੈ।

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***

***ਪੰਨਾ - 441***

ਆਪਣੇ ਸਵੈ-ਸਰੂਪ ਨੂੰ ਨਾ ਪਛਾਣ ਕੇ ਹਉਮੈ ਵਸ ਕੀਤੀਆਂ ਪ੍ਰਾਪਤੀਆਂ ਅਹੰਕਾਰ ਹਨ ਅਤੇ ਕੀਤੇ ਹੋਏ ਸਾਰੇ ਕਰਮ ਲੇਖਾ ਜੋਖਾ ਬਣ ਜਾਂਦੇ ਹਨ ਅਤੇ ਮਰਨ ਜੰਮਣ ਦੇ ਚੱਕਰ ਵਿਚੋਂ ਨਿਕਲਣ ਨਹੀਂ ਦਿੰਦੇ।

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***

***ਪੰਨਾ - 466***

ਅਸੀਂ ਮਲੀਨ ਮਤਿ ਤੋਂ ਉਤਪੰਨ ਵਿਕਾਰਾਂ ਰਾਹੀਂ ਦਿਮਾਗ ਦੀ ਕ੍ਰਿਆ ਦੂਸ਼ਿਤ ਕਰਕੇ ਕੁਝ ਐਸੇ ਸਰੀਰ ਵਿਚ ਰਸ ਅਤੇ ਕੈਮੀਕਲ (secretion, Harmones, chemicals) ਪੈਦਾ ਕਰਦੇ ਹਾਂ ਜੋ ਸਰੀਰ ਦੇ ਸਤੁੰਲਨ ਨੂੰ ਵਿਗਾੜ ਕੇ ਰੋਗੀ ਕਰਦੇ ਹਨ।

ਇਸ ਵਿਕਾਰਾਂ ਦੀ ਮਾਰ ਨੂੰ ਮੈਡੀਕਲ ਸਾਇੰਸ ਦੇ ਪੱਧਰ ਤੇ ਸਮਝਣ ਲਈ ਦਿਮਾਗ ਦੀ ਕ੍ਰਿਆ ਨੂੰ ਜਾਨਣਾ ਜ਼ਰੂਰੀ ਹੈ। ਮੈਡੀਕਲ ਸਾਇੰਸ ਵੀ ਦਿਮਾਗ ਦੀ ਕ੍ਰਿਆ ਨੂੰ ਪੂਰੀ ਤਰ੍ਹਾਂ ਬੁੱਝਣ ਵਿਚ ਲੱਗੀ ਹੋਈ ਹੈ। ਆਮ ਇਨਸਾਨ ਦੀ ਸਮਝ ਲਈ ਮੋਟੇ ਤੌਰ ਤੇ ਦਿਮਾਗ ਦੇ ਕੁਝ ਕੇਂਦਰਾਂ ਦੀ ਅਤੇ ਉਸ ਦੇ ਕੰਮ ਕਰਨ ਦੇ ਢੰਗ ਦੀ ਜਾਣਕਾਰੀ ਜ਼ਰੂਰੀ ਹੈ। ਇਹ ਇਸਨੂੰ ਗੁਰਮਤਿ ਦੇ ਸੁਰਤਿ ਸਬਦਿ ਮਾਰਗ ਤੇ ਚਲਣ ਲਈ ਜਗਿਆਸਾ ਪੈਦਾ ਕਰੇਗੀ।

**1. Sensory Centre** – ਦੇਖਣਾ, ਸੁਣਨਾ, ਸਪਰਸ਼, ਸੁੰਘਣਾ ਤੇ ਸਵਾਦ ਅਸੀਂ ਗਿਆਨ ਇੰਦ੍ਰੀਆਂ ਰਾਹੀਂ ਦਿਮਾਗ ਵਿਚ ਮੌਜੂਦ ਇਨ੍ਹਾਂ ਦੇ ਕੇਂਦਰਾਂ ਅਤੇ ਉਸਦੇ ਨਾਲ ਜੁੜੀ ਨਿਜੀ ਯਾਦਦਾਸ਼ਤ ਨਾਲ ਕਰਦੇ ਹਾਂ।

ਇਹ ਕੇਂਦਰ ਦਿਮਾਗ ਦੇ ਮੱਧ ਵਿਚ ਮੌਜੂਦ ਹੁੰਦੇ ਹਨ। ਸਾਡੀਆਂ ਪੰਜ ਗਿਆਨ ਇੰਦ੍ਰੀਆਂ ਅੱਖਾਂ, ਕੰਨ, ਤਵਚਾ, ਨੱਕ ਤੇ ਜੀਭ ਵਿਚ ਮੌਜੂਦ ਖਾਸ ਤਰ੍ਹਾਂ ਦੇ ਅਣੂ (receptor cells) ਆਪਣੇ ਉਤੇ ਸੰਦੇਸ਼ ਲੈ ਕੇ ਦਿਮਾਗ ਤੱਕ ਇਨ੍ਹਾਂ ਕੇਂਦਰਾਂ ਨੂੰ ਪਹੁੰਚਾਉਂਦੇ ਹਨ।

**2. Parametres & Biofeed back receiving centre** – ਇਹ ਕੇਂਦਰ ਦਿਮਾਗ ਦੇ ਪਿਛਲੇ ਪਾਸੇ ਗਰਦਨ ਉਤੇ ਹੁੰਦਾ ਹੈ। ਇਸਨੂੰ (thalmus) ਕਹਿੰਦੇ ਹਨ। ਇਹ ਸਰੀਰ ਦੇ ਅੰਦਰੂਨੀ ਚਲ ਰਹੀ ਸਾਹ ਦੀ ਕ੍ਰਿਆ, ਖੂਨ ਦਾ ਦੌਰਾ, ਦਿਲ ਦੀ ਕ੍ਰਿਆ, ਖੂਨ ਦਾ ਦਬਾਵ, ਮਲਮੂਤਰ ਕ੍ਰਿਆ, ਸਰੀਰ ਦਾ ਤਾਪਮਾਨ ਆਦਿ ਵਰਗੀਆਂ ਬਹੁਤ ਸਾਰੀਆਂ ਕਿਰਿਆਵਾਂ ਨੂੰ ਨਿਯਮਿਤ ਢੰਗ ਵਿਚ ਰੱਖਦਾ ਹੈ। ਸਰੀਰ ਦੇ ਤੱਤਾਂ ਤੇ ਰਸਾਂ ਨੂੰ ਸਹੀ ਮਿਕਦਾਰ ਵਿਚ ਰੱਖਦਾ ਹੈ।

**3. Stored past experiences & memory centre** – ਸਾਡੇ ਦਿਮਾਗ ਅੰਦਰ ਇਕ ਯਾਦਦਾਸ਼ਤ ਜਾਂ memory centre ਹੁੰਦਾ ਹੈ ਜੋ ਗਿਆਨ ਇੰਦ੍ਰੀਆਂ ਦੀ ਨਿਜੀ ਯਾਦਦਾਸ਼ਤ ਤੋਂ ਅਲੱਗ ਹੈ। ਇਹ conscious level ਅਤੇ subconsious level ਤੇ ਕੰਮ ਕਰਦਾ ਹੈ। ਇਸ ਦੇ ਵਿਚ ਸਾਡੇ ਪੈਦਾ ਹੋਣ ਤੋਂ ਬਾਦ ਦੇ ਸਾਰੇ ਅਨੁਭਵ, ਵਿਚਾਰ ਧਾਰਾਵਾਂ, ਸੂਝ-ਬੂਝ ਇਕੱਠੀ ਹੋ ਕੇ ਸਾਡੀ ਮਤਿ ਬਣਾਉਂਦੀਆਂ ਹਨ। ਕੁਝ ਮੈਡੀਕਲ ਬਰਾਂਚਾਂ ਨੇ ਪਿਛਲੇ ਜਨਮ ਦੇ ਸੰਸਕਾਰ ਹੋਣ ਦਾ ਜ਼ਿਕਰ ਵੀ ਕੀਤਾ ਹੈ। ਇਹ ਇਕ ਬੜਾ ਰੌਚਕ ਅਤੇ ਗੂੜ੍ਹ ਵਿਸ਼ਾ ਹੈ। ਇਸ ਬਾਰੇ ਵਾਦ-ਵਿਵਾਦ ਵਿਚ ਨਾ ਪੈ ਕੇ ਇਸਦਾ ਜ਼ਿਕਰ ਮੈਡੀਕਲ ਅਤੇ ਗੁਰਮਤਿ ਪੱਧਰ ਤੇ ਪ੍ਰਮਾਣਾਂ ਨਾਲ ਕਰਾਂਗੇ।

**4. Pre-frontal cortex** – ਇਹ ਕੇਂਦਰ ਮੱਥੇ ਦੇ ਕੋਲ ਮੌਜੂਦ ਹੁੰਦਾ ਹੈ। ਇਹ sensory centre, Parameters & Bio feed back receiving centre ਤੋਂ ਅਤੇ stored past experiences & memory centre ਤੋਂ ਆਏ ਸੰਦੇਸ਼ਾਂ ਨੂੰ Integrate (ਤਾਲਮੇਲ) ਕਰਕੇ ਭਾਵ ਵਿਚ ਪ੍ਰਗਟ ਕਰਦਾ ਹੈ। ਇਹ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜਾਂ ਇਸ ਤੋਂ ਉਲਟ ਪਿਆਰ, ਖੁਸ਼ੀ, ਖੇੜੇ ਜਾਂ ਅਨੰਦ ਦੇ ਹੋ ਸਕਦੇ ਹਨ। ਇਹ ਭਾਵ ਨੂੰ ਸੰਦੇਸ਼ਕ ਰੂਪ ਵਿਚ Limbic system ਵਿਚ ਕ੍ਰਿਆ ਹਿਤ ਭੇਜਦਾ ਹੈ।

ਇਸ ਕੇਂਦਰ ਦੇ ਨਜ਼ਦੀਕ ਤੀਜੀ ਅੱਖ ਜਾਂ ਸ਼ਿਵ ਨੇਤਰ ਹੋਣ ਦੀ ਰੌਚਕ ਗੱਲ ਦਾ ਜ਼ਿਕਰ ਦਲਾਈਲਾਮਾਂ ਦੇ ਸਲਾਹਕਾਰ 'ਲੋਬਸਾਂਗ ਰਾਂਪਾ' ਨੇ ਆਪਣੀ ਕਿਤਾਬ 'ਦੀ ਥਰਡ ਆਈ' ਵਿਚ ਕੀਤਾ ਹੈ ਕਿ ਉਹ ਮੱਥੇ ਦੀ ਹੱਡੀ ਵਿਚ ਆਪਰੇਸ਼ਨ ਰਾਹੀਂ ਮੋਰੀ ਕਰਵਾ ਕੇ ਇਸ ਕੇਂਦਰ ਤੋਂ ਦੂਜੇ ਮਨੁੱਖਾਂ ਵਿਚੋਂ ਨਿਕਲ ਰਹੇ (aura or charged magnetic particles) ਨੂੰ ਅਧਿਐਨ ਕਰਦੇ ਸਨ ਕਿ ਉਨ੍ਹਾਂ ਦੇ ਮੁਖੀ ਨਾਲ ਗੱਲ ਕਰਨ ਵਾਲਾ ਕਿਸ ਭਾਵ ਵਿਚ ਗੱਲ ਕਰ ਰਿਹਾ ਹੈ।

**5. Limbic System** - ਇਹ ਕੇਂਦਰ ਵੀ ਦਿਮਾਗ ਦੇ ਪਿਛਲੇ ਪਾਸੇ ਗਰਦਨ ਦੇ ਕੋਲ ਹੁੰਦਾ ਹੈ। ਇਸਦਾ ਨਾਂ Hypothalmus ਹੈ। ਇਹ Pre frontal cortex ਤੋਂ ਆਏ ਭਾਵ ਨੂੰ ਰਸ ਬਣਾਉਣ ਵਾਲੇ ਕੇਂਦਰਾਂ ਵਿਚ ਪ੍ਰਤੀਕ੍ਰਿਆ ਵਜੋਂ ਭੇਜਦਾ ਹੈ। ਇਹ ਰਸ, ਸਰੀਰ ਦੀ ਕ੍ਰਿਆ ਦੇ ਸੰਤੁਲਨ ਨੂੰ ਲੋੜ ਅਤੇ ਭਾਵ ਮੁਤਾਬਿਕ ਪ੍ਰਭਾਵਿਤ ਕਰਦੇ ਹਨ।

ਪ੍ਰਮੇਸ਼ਰ ਦੀ ਬਣਾਈ ਇਸ ਸੰਤੁਲਨ ਕ੍ਰਿਆ ਨਾਲ ਸਰੀਰ ਰੂਪੀ ਕਾਰਖਾਨਾ ਨਿਯਮਿਤ ਰੂਪ ਵਿਚ ਚਲਦਾ ਹੈ। ਇਸਨੂੰ ਅਸੰਤੁਲਿਤ ਕਰਨ ਵਿਚ ਸਾਡੇ stored past experiences & memories (conscious & subconscious level) ਦਾ ਬਹੁਤ ਵੱਡਾ ਹੱਥ ਹੈ।

ਗੱਲ ਸਮਝਣ ਵਿਚ ਮੁਸ਼ਕਲ ਲੱਗਦੀ ਹੈ ਪਰ ਇਸ ਤਰ੍ਹਾਂ ਸਮਝ ਆ ਜਾਵੇਗੀ ਕਿ ਬੱਚਾ ਪੈਦਾ ਹੋਣ ਤੇ ਆਪਣੀ ਕੋਈ ਵਿਚਾਰਧਾਰਾ ਜਾਂ ਸੂਝ ਨਹੀਂ ਰੱਖਦਾ। ਉਸਦੇ ਮਾਂ-ਬਾਪ ਬੱਚੇ ਦੇ ਵਿਚਾਰ ਬਣਾਉਂਦੇ ਹਨ। ਉਸਨੂੰ ਦੱਸਦੇ ਹਨ ਕਿ ਇਹ ਲੜਕਾ ਹੈ ਜਾਂ ਲੜਕੀ ਹੈ, ਗੋਰਾ ਹੈ, ਕਾਲਾ ਹੈ, ਮਿੱਠਾ ਹੈ, ਨਮਕੀਨ ਹੈ, ਗਰਮ ਹੈ ਜਾਂ ਠੰਢਾ ਆਦਿ-ਆਦਿ। ਉਹ ਦੁੱਧ ਦੇ ਬਰਤਨ ਨੂੰ ਸਪਰਸ਼ ਕਰਕੇ ਸੂਝ ਰਾਹੀਂ ਦੱਸਦਾ ਹੈ ਕਿ ਇਹ ਗਰਮ ਹੈ ਜਾਂ ਠੰਡਾ ਹੈ। ਜਿਸ ਜਿਸ ਤਰ੍ਹਾਂ ਬੱਚੇ ਦਾ ਵਿਕਾਸ ਹੁੰਦਾ ਜਾਂਦਾ ਹੈ, ਉਹ ਆਸ-ਪਾਸ ਦੇ ਮਾਹੌਲ ਤੋਂ, ਵਾਤਾਵਰਨ ਤੋਂ, ਸਮਾਜ ਤੋਂ, ਕਿਤਾਬਾਂ ਪੜ੍ਹ ਕੇ, ਟੈਲੀਵੀਜ਼ਨ, ਚੱਲ ਚਿਤਰ ਦੇਖ ਕੇ ਗਿਆਨ ਇੰਦਰੀਆਂ ਰਾਹੀਂ ਆਪਣੀ ਇਕ ਵਿਚਾਰਧਾਰਾ, ਸੂਝ-ਬੂਝ, ਤਜਰਬੇ ਅਤੇ ਮਤਿ ਬਣਾਉਂਦਾ ਹੈ। ਪ੍ਰਾਕ੍ਰਿਤਕ ਗਿਆਨ ਮਤਿ ਵਿਚ ਇਕੱਠਾ ਹੋ ਜਾਂਦਾ ਹੈ ਅਤੇ ਇਨ੍ਹਾਂ ਵਿਚਾਰਧਾਰਾ ਦੇ ਅਧੀਨ ਸਾਡਾ ਮਨ ਫੁਰਨੇ ਕਰਦਾ ਹੈ।

ਸਮਝਣ ਦੇ ਯਤਨ ਲਈ ਇਹ ਜਾਣ ਲਓ ਕਿ ਸਾਹਮਣੇ ਕੋਈ ਇਨਸਾਨ ਖੜ੍ਹਾ ਹੈ। ਅੱਖਾਂ ਨੇ ਉਸਦੀ ਤਸਵੀਰ ਬਣਾਈ। ਜਾਣ ਲਿਆ ਕਿ ਫਲਾਣੇ ਨਾਂ ਦਾ ਇਨਸਾਨ ਖੜ੍ਹਾ ਹੈ। ਇਹ ਕਿਸ ਤਰ੍ਹਾਂ ਪਛਾਣਿਆ? ਸਭ ਤੋਂ ਪਹਿਲਾਂ ਗਿਆਨ ਇੰਦਰੀਆਂ ਨਾਲ ਉਸਦੀ ਇਕ ਨਿੱਜੀ ਯਾਦਦਾਸ਼ਤ ਜੁੜੀ ਹੁੰਦੀ ਹੈ ਜੋ ਦਸਦੀ ਹੈ ਕਿ ਤਸਵੀਰ ਫਲਾਣੇ ਨਾਂ ਦੇ ਇਨਸਾਨ ਦੀ ਹੈ। ਇਹ ਗਿਆਨ ਇੰਦਰੀਆਂ ਦੀ ਨਿਜੀ ਯਾਦਦਾਸ਼ਤ ਅਸੀਂ ਆਪਣੇ ਕੇਂਦਰ ਨੂੰ ਉਸ ਵਕਤ ਦਿੰਦੇ ਹਾਂ ਜਦੋਂ ਪਹਿਲੀ ਵਾਰ ਉਸ ਨੂੰ ਮਿਲ ਕੇ ਉਸ ਦਾ ਨਾਂ ਪੁਛਿਆ ਹੁੰਦਾ ਹੈ ਜਾਂ ਕਿਸੇ ਨੇ ਉਸਦੀ ਵਾਕਫ਼ੀਅਤ (Introduction) ਕਰਾਈ ਹੁੰਦੀ ਹੈ ਜਾਂ ਉਸ ਇਨਸਾਨ ਦੀ ਤਸਵੀਰ ਤੇ ਨਾਂ ਕਿਤੇ ਦੇਖਿਆ ਪੜ੍ਹਿਆ ਹੁੰਦਾ ਹੈ।

ਗੁਰਮਤਿ ਵਿਚ ਇਥੇ ਤੱਕ ਅਵਿਦਿਆ ਅਤੇ ਹਉਮੈ ਵਸ ਸਿਰਫ ਇਕ ਦੂਸ਼ਿਤ ਕ੍ਰਿਆ ਹੁੰਦੀ ਹੈ - ਨੇਤਰ ਦੋਸ਼ ਦੀ।

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥*
*ਪੰਨਾ - 922*

(ਇਸ ਅਵਿਦਿਆ ਕਲੇਸ਼ ਅਤੇ ਹਉਮੈ ਰੂਪੀ ਦੂਸ਼ਿਤ ਕ੍ਰਿਆ ਦੀ ਵਿਸਥਾਰਪੂਰਵਕ ਜਾਣਕਾਰੀ ਮਹਾਂਪੁਰਖ ਆਪਣੇ ਲੇਖਾਂ ਵਿਚ ਕਰਦੇ ਰਹਿੰਦੇ ਹਨ) ਇਸ ਦੂਸ਼ਿਤ (ਨੇਤ੍ਰ ਦੋਸ਼ ਦੀ) ਕ੍ਰਿਆ ਨਿੱਜੀ ਰੂਪ ਵਿਚ ਅਸਥੂਲ ਸਰੀਰਕ ਰੋਗ ਦਾ ਕਾਰਨ ਤਾਂ ਨਹੀਂ ਬਣਦੀ ਪਰ ਇਸ ਤੋਂ ਬਾਅਦ ਆਏ ਸਾਰੇ ਵਿਚਾਰ, ਸੂਝ-ਬੂਝ, ਅਨੁਭਵ ਮਨਮਤਿ ਬਣ ਜਾਂਦੇ ਹਨ ਕਿਉਂਕਿ ਗੁਰਮਤਿ ਦਾ ਸਿਧਾਂਤ ਏਕੋ ਬ੍ਰਹਮ ਦੁਤੀਆ ਨੇਸਤ' ਅਸੀਂ ਪਹਿਲੇ ਹੀ ਕਦਮ ਤੇ ਭੁੱਲ ਜਾਂਦੇ ਹਾਂ। ਅਸੀਂ ਪ੍ਰਕ੍ਰਿਤਕ ਜੀਵਾਂ ਨੂੰ ਪ੍ਰਮੇਸ਼ਰ ਤੋਂ ਅਤੇ ਅਪਣੇ ਆਪ ਤੋਂ ਅਲੱਗ ਸਮਝਦੇ ਹਾਂ।

*ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥*
*ਪੰਨਾ - 3*

ਸਰੀਰਕ ਰੋਗ ਦੀ ਕ੍ਰਿਆ ਮਨਮਤਿ ਸਬੰਧਤ, ਸੂਝ-ਬੂਝ, ਵਿਚਾਰਧਾਰਾ ਨਾਲ ਪ੍ਰਭਾਵਿਤ ਹੁੰਦੀ ਹੈ। ਇਹ ਸਮਝਣ ਦੀ ਲੋੜ ਹੈ।

ਅੱਖਾਂ ਨੇ ਤਸਵੀਰ ਵੇਖੀ, ਅਸੀਂ ਉਸਨੂੰ ਆਪਣੀ ਵਿਚਾਰਧਾਰਾ ਨਾਲ ਕਿਸ ਤਰ੍ਹਾਂ ਪ੍ਰਭਾਵਿਤ ਕਰਕੇ ਭਾਵ ਬਣਾਉਂਦੇ ਹਾਂ -

1. ਇਸ ਇਨਸਾਨ ਨੇ ਮੈਨੂੰ ਧੋਖਾ ਦਿਤਾ ਸੀ, ਠੱਗੀ ਮਾਰੀ ਸੀ। ਕ੍ਰੋਧ ਭਾਵ ਉਤਪੰਨ ਹੋ ਜਾਂਦਾ ਹੈ।
2. ਇਸ ਇਨਸਾਨ ਲਈ ਮੈਂ ਦਿਨ ਰਾਤ ਨੱਠ ਭੱਜ ਕੀਤੀ, ਪੜ੍ਹਾਇਆ, ਲਿਖਾਇਆ ਪਰ ਇਹ ਮੇਰੀ ਕਦਰ ਨਹੀਂ ਜਾਣਦਾ। ਕ੍ਰੋਧ ਭਾਵ ਆ ਜਾਂਦਾ ਹੈ।
3. ਇਹ ਇਨਸਾਨ ਇਸ ਫੈਕਟਰੀ ਵਿਚ ਨਾ ਹੁੰਦਾ ਤਾਂ ਮੈਂ ਮਨੇਜਰ ਬਣ ਜਾਂਦਾ। ਈਰਖਾ ਭਾਵ ਜਾਗ ਜਾਂਦਾ ਹੈ।
4. ਇਸ ਇਨਸਾਨ ਨੇ ਕਿਤਨੇ ਵਧੀਆ ਵਸਤਰ, ਗਹਿਣਾ ਪਹਿਨਿਆ ਹੈ। ਈਰਖਾ ਭਾਵ ਜਾਗ ਜਾਵੇਗਾ।
5. ਇਸ ਇਨਸਾਨ ਦੇ ਸਰੀਰ ਦੀ ਬਨਾਵਟ ਅੱਛੀ ਹੈ, ਸੁਗੰਧੀ ਆ ਰਹੀ ਹੈ। ਕਾਮ ਭਾਵ ਜਾਗ ਜਾਏਗਾ।
6. ਇਹ ਇਨਸਾਨ ਰਿਸ਼ਤੇ ਵਿਚ ਮੇਰਾ ਪੁੱਤਰ ਹੈ। ਮੋਹ ਭਾਵ ਪੈਦਾ ਹੋ ਜਾਂਦਾ ਹੈ।
7. ਇਹ ਇਨਸਾਨ ਨਿਰਬਲ ਅਤੇ ਬਦਸੂਰਤ ਹੈ। ਅਹੰਕਾਰ ਪੈਦਾ ਹੋ ਜਾਂਦਾ ਹੈ।

ਇਹੀ ਭਾਵਾਂ ਅਧੀਨ ਇਨਸਾਨ ਦੀ ਵਿਚਾਰਧਾਰਾ ਨੇ ਅਲੱਗ-ਅਲੱਗ ਜਾਤਾਂ ਨੂੰ, ਕੌਮਾਂ ਨੂੰ ਅਤੇ ਫਿਰਕਾਪ੍ਰਸਤੀ ਨੂੰ ਜਨਮ ਦਿਤਾ ਹੈ ਜਿਸ ਕਰਕੇ ਸਮਾਜ, ਦੇਸ਼ ਬਲਕਿ ਦੁਨੀਆਂ ਦੁਖੀ ਅਤੇ ਰੋਗੀ ਹੈ।

*ਨਾਨਕ ਦੁਖੀਆ ਸਭੁ ਸੰਸਾਰੁ॥ ਪੰਨਾ - 954*

ਇਸੇ ਤਰ੍ਹਾਂ ਬਾਕੀ ਗਿਆਨ ਇੰਦਰੀਆਂ ਤੋਂ ਆਏ ਸੰਦੇਸ਼ਾਂ ਨੂੰ ਅਸੀਂ ਆਪਣੀ ਮਨਮਤਿ ਦੀ ਸੂਝ ਜੋੜ ਕੇ ਇਹ ਵਿਕਾਰਾਂ ਦੇ ਭਾਵ ਪੈਦਾ ਕਰ ਲੈਂਦੇ ਹਾਂ। ਕਾਮ ਅਤੇ ਕ੍ਰੋਧ ਦੋ ਮਾਰੂ ਭਾਵ ਹਨ।

*ਕਾਮ ਕ੍ਰੋਧੁ ਕਾਇਆ ਕਉ ਗਾਲੈ॥*
*ਜਿਉ ਕੰਚਨ ਸੋਹਾਗਾ ਢਾਲੈ॥ ਪੰਨਾ - 932*

ਸ਼ਬਦਾਂ ਨੂੰ ਗਾਲ੍ਹਾਂ, ਨਿੰਦਿਆ, ਚੁਗਲੀ ਦਾ ਰੂਪ, ਸਪਰਸ਼ ਨੂੰ ਵਾਸ਼ਨਾ ਦਾ ਰੂਪ, ਜੀਭਾ ਤੋਂ ਮਾਸ ਮੱਛੀ ਅਤੇ ਚਟਕੀਲੇ ਸਵਾਦਾਂ ਦਾ ਰੂਪ ਦੇ ਕੇ ਵਿਕਾਰਾਂ ਦਾ ਭਾਵ ਪੈਦਾ ਕਰ ਲੈਂਦੇ ਹਾਂ। ਇਹ ਭਾਵ ਸਾਡੇ ਸਰੀਰ ਵਿਚ ਰਸਾਂ ਦੀ ਉਤਪਤੀ ਦਾ ਕਾਰਨ ਬਣਦਾ ਹੈ। ਅੰਦਰੂਨੀ ਸਰੀਰਕ ਕਿਰਿਆਵਾਂ ਦੀ ਗਤੀ ਵਿਧੀਆਂ ਵੱਧ ਜਾਂਦੀਆਂ ਹਨ। ਮਾਪ ਦੰਡ ਦੇ ਲੈਵਲ ਚੜ੍ਹ ਜਾਂਦੇ ਹਨ। ਸਾਹ ਦੀ ਕ੍ਰਿਆ ਤੇਜ਼ ਹੋ ਜਾਂਦੀ ਹੈ, ਦਿਲ ਦੀ ਧੜਕਨ ਵੱਧ ਜਾਂਦੀ ਹੈ, ਖੂਨ ਦਾ ਦਬਾਵ ਵੱਧ ਜਾਂਦਾ ਹੈ, ਪਾਚਨ ਕ੍ਰਿਆ ਵਿਚ ਖਾਣਾ ਹਜ਼ਮ ਕਰਨ ਵਾਲੇ ਰਸਾਂ ਦਾ ਅਨਿਯਮਿਤ ਹੋ ਜਾਣ ਵਰਗੀਆਂ ਕਿਰਿਆਵਾਂ ਹੁੰਦੀਆਂ ਹਨ। ਇਹ ਸਾਰੀ ਕਿਰਿਆ ਨੂੰ ਸਾਡੇ ਸਰੀਰ ਦਾ defence system ਜਾਂ resistance system ਸਤੁੰਲਨ ਵਿਚ ਲਿਆਉਣ ਦੀ ਕੋਸ਼ਿਸ਼ ਕੁਝ ਹੋਰ ਤਰ੍ਹਾਂ ਦੇ ਰਸ ਬਣਾ ਕੇ ਕਰਦਾ ਹੈ। ਪਰ ਸਾਰਾ ਦਿਨ

ਸਾਡੇ ਵਿਕਾਰਾਂ ਵਾਲੇ ਭਾਵ ਰਹਿਣ ਕਰਕੇ ਇਹ ਰੱਖਿਅਕ ਪ੍ਰਣਾਲੀ ਹੱਥ ਖੜ੍ਹੇ ਕਰ ਦਿੰਦੀ ਹੈ ਜਿਸ ਕਾਰਨ ਸਾਡੇ ਬਲੱਡ ਪਰੈਸ਼ਰ, ਪੇਟ ਵਿਚ ਜ਼ਿਆਦਾ ਤੇਜ਼ਾਬ ਬਣਨਾ, ਦਿਲ ਦੀ ਜ਼ਿਆਦਾ ਧੜਕਨ ਦਾ ਰਹਿਣਾ ਆਦਿ ਵਰਗੀਆਂ ਬਿਮਾਰੀਆਂ ਲਗ ਜਾਂਦੀਆਂ ਹਨ। ਹਾਲੇ ਵੀ 'ਦੁਖੁ ਦਾਰੂ ਸੁਖੁ ਰੋਗ ਭਇਆ' ਦੇ ਉਪਦੇਸ਼ ਨੂੰ ਨਾ ਸਮਝ ਕੇ ਪ੍ਰਮੇਸ਼ਰ ਨੂੰ ਨਿਸ਼ਚੇ ਨਾਲ ਚੇਤੇ ਨਹੀਂ ਲਿਆਉਂਦਾ। ਆਪਣੇ ਅੰਦਰਲੇ ਗਿਆਨ ਵਿਸ਼ਿਸ਼ਟ ਚੇਤਨ ਡਾਕਟਰ ਨੂੰ ਭੁੱਲ ਕੇ ਆਮ ਡਾਕਟਰ ਨਾਲ ਸਲਾਹ ਕਰਕੇ ਦਵਾਈਆਂ (chemicals) ਰਾਹੀਂ ਸਰੀਰਕ ਕ੍ਰਿਆ ਨੂੰ ਸੰਤੁਲਨ ਵਿਚ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਸੁਭਾਅ ਵਿਚ ਗੁੱਸਾ ਅਤੇ ਚਿੜਚਿੜਾ-ਪਨ ਵਧਣ ਨਾਲ ਵਿਕਾਰਾਂ ਦਾ ਜ਼ੋਰ ਵੱਧ ਜਾਂਦਾ ਹੈ। ਇਸੇ ਕਰਕੇ ਦਵਾਈ ਦੀਆਂ ਗੋਲੀਆਂ ਦੀ ਗਿਣਤੀ ਵਧਦੀ ਜਾਂਦੀ ਹੈ। ਦਵਾਈਆਂ ਦਾ ਅਸਰ ਘਟਦਾ ਦੇਖ ਕੇ ਚਿੰਤਾ ਘੇਰ ਲੈਂਦੀ ਹੈ, ਵਿਸ਼ਵਾਸ਼ ਡਗ-ਮਗਾ ਜਾਂਦਾ ਹੈ ਤੇ ਆਖਿਰ ਦਵਾਈਆਂ ਵੀ ਅਸਰ ਕਰਨ ਤੋਂ ਹਟ ਜਾਂਦੀਆਂ ਹਨ ਅਤੇ ਇਨਸਾਨ ਦਾ ਅਸਥੂਲ ਸਰੀਰ ਨਾਸ਼ ਹੋ ਜਾਂਦਾ ਹੈ।

ਇਨ੍ਹਾਂ ਵਿਕਾਰਾਂ ਤੋ ਉਲਟ ਕਿਰਿਆਵਾਂ ਪਿਆਰ, ਖੇੜੇ, ਖੁਸ਼ੀ ਅਤੇ ਅਨੰਦ ਦੀਆਂ ਹੁੰਦੀਆਂ ਹਨ। ਇਹ ਸਰੀਰ ਦਾ ਸੰਤੁਲਨ ਵਿਗੜਨ ਨਹੀਂ ਦਿੰਦੀਆਂ ਬਲਕਿ ਕੁਝ ਐਸੇ ਰਸ ਪੈਦਾ ਕਰਦੀਆਂ ਹਨ ਜੋ ਸਰੀਰ ਨੂੰ ਤਰੋ-ਤਾਜ਼ਾ ਤੇ ਚੁਸਤ ਰੱਖਦੀਆਂ ਹਨ। ਸਰੀਰ ਵਿਚ ਸਭ ਤੋਂ ਵੱਧ ਚੰਗੇ ਰਸ ਅਤੇ ਅਲਫਾ ਥੀਟਾ ਅਤੇ ਡੈਲਟਾ ਲਹਿਰਾਂ (ਜਿਨ੍ਹਾਂ ਦਾ ਜ਼ਿਕਰ ਪਿਛਲੇ ਲੇਖ ਵਿਚ ਕੀਤਾ ਸੀ) ਅਨੰਦ ਦੀ ਸਥਿਤੀ ਵਿਚ ਬਣਦੀਆਂ ਹਨ। ਪੱਕੇ ਤੌਰ ਤੇ ਅਨੰਦ ਸਿਰਫ ਪ੍ਰਮੇਸ਼ਰ ਦੀ ਪਿਆਰ ਭਰੀ ਅਭੁੱਲ-ਯਾਦ ਨਾਲ ਹੀ ਪ੍ਰਾਪਤ ਹੋ ਸਕਦਾ ਹੈ। ਗੁਰਮੁਖਿ ਦੀ ਇਹੀ ਸਦਾ ਅਨੰਦ ਅਵਸਥਾ ਨੂੰ -

*ਗੁਰਮੁਖਿ ਬੁਢੇ ਕਦੇ ਨਾਹੀ॥ ਪੰਨਾ - 1418*

ਬਾਕੀ ਸਭ ਸੁੱਖ, ਪਿਆਰ, ਖੁਸ਼ੀ, ਖੇੜੇ ਛਿੰਨ-ਮਾਤਰ ਦੇ ਹੁੰਦੇ ਹਨ। ਇਸ ਸੁੱਖ ਦੇ ਨਾਲ ਦੁੱਖ, ਪਿਆਰ ਨਾਲ ਨਫ਼ਰਤ, ਖੁਸ਼ੀ ਨਾਲ ਗਮੀ ਜੁੜੀ ਹੋਈ ਹੈ। ਇਹ ਇਕੋ ਮਾਪ ਦੰਡ (ਤੱਕੜੀ) ਦੇ ਦੋ ਪੱਲੜੇ ਹਨ ਜੋ ਹਮੇਸ਼ਾ ਹਿਲਜੁਲ ਵਿਚ ਰਹਿੰਦੇ ਹਨ।

ਪਿਛਲੇ ਦਿਨੀਂ ਪੀ.ਜੀ.ਆਈ ਚੰਡੀਗੜ੍ਹ ਵਿਚ ਇੰਟਰਨੈਸ਼ਨਲ ਪੱਧਰ ਦੀ ਦਿਮਾਗ ਦੇ ਡਾਕਟਰਾਂ ਦੀ ਕਾਨਫਰੰਸ ਹੋਈ। ਜੋ ਤੱਥ ਸਾਹਮਣੇ ਆਏ ਉਹਦੇ ਵਿਚ ਇਕ ਗੱਲ ਇਹ ਸੀ ਕਿ ਦਿਮਾਗ ਦੇ ਵਿਕਾਰਾਂ ਨੂੰ ਰੂਹਾਨੀਅਤ ਵਿਚ ਰੋਕ ਲਗਦੀ ਹੈ। ਇਹ ਕਿਸ ਤਰ੍ਹਾਂ ਲਗਦੀ ਹੈ? ਇਹ ਗੱਲ ਉਨ੍ਹਾਂ ਦੀ ਸਮਝ ਤੋਂ ਬਾਹਰ ਹੈ।

ਗੁਰਬਾਣੀ ਵਿਚ ਬਾਰ-ਬਾਰ ਸੁਰਤਿ, ਮਤਿ, ਮਨ ਅਤੇ ਬੁਧ ਦਾ ਜ਼ਿਕਰ ਆਉਂਦਾ ਹੈ। ਇਹ ਚਾਰੋਂ ਦਿਮਾਗ ਦੀ ਕ੍ਰਿਆ ਨਾਲ ਸਬੰਧਤ ਹਨ। ਸੁਰਤਿ ਸਾਡੀ ਚੇਤਨ ਸ਼ਕਤੀ ਹੈ। ਮਤਿ ਸਾਡੀ ਵਿਚਾਰ ਧਾਰਾਵਾਂ, ਸੂਝ-ਬੂਝ ਅਤੇ ਸਾਡੇ ਸੰਸਕਾਰ ਹਨ ਜੋ ਅਸੀਂ ਅਨਾਦੀ ਤੋਂ, ਪ੍ਰਮੇਸ਼ਰ ਤੋਂ ਵਿਛੜ ਕੇ ਕਈ ਜੂਨਾਂ ਦਾ ਸਫਰ ਕਰਕੇ ਇਕੱਠੇ ਕੀਤੇ ਹਨ।

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥ ਪੰਨਾ - 176*

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ॥ ਪੰਨਾ - 651*

ਫੁਰਨੇ ਮਨ ਤੋਂ ਉਠਦੇ ਹਨ। ਸਾਡੀ ਬੁੱਧ ਇਕ ਵਿਚਾਰਨ ਦੀ ਸ਼ਕਤੀ ਹੈ। ਜੋ ਇਨਸਾਨ ਦੀ ਮਤਿ ਵਿਚ ਵਿਚਾਰ ਭਰੇ ਹੁੰਦੇ ਹਨ, ਉਨ੍ਹਾਂ ਵਿਚੋਂ ਬੁੱਧ ਨਿਰਣਾ ਲੈ ਕੇ ਸਾਡੇ ਅੰਦਰ ਉਹੋ ਜਿਹੇ ਕੰਮ ਕਰਨ ਦੀ ਪ੍ਰੇਰਨਾ ਦਿੰਦੀ ਹੈ। ਪ੍ਰਕ੍ਰਿਤਕ ਗਿਆਨ ਪ੍ਰਮੇਸ਼ਰ ਤੋਂ ਦੂਰ ਲੈ ਜਾਂਦਾ ਹੈ। ਮਨ ਗਿਆਨ ਇੰਦ੍ਰੀਆਂ ਨੂੰ ਕਾਬੂ ਕਰਨ ਦੀ ਥਾਂ ਆਪ ਗੁਲਾਮ ਬਣ ਜਾਂਦਾ ਹੈ। ਇਸੇ ਕਰਕੇ ਮਨ ਵੀ ਪ੍ਰਕ੍ਰਿਤਕ ਚੀਜ਼ਾਂ ਵਿਚ ਉਲਝਿਆ ਰਹਿੰਦਾ ਹੈ ਅਤੇ ਸਾਡੀਆਂ ਗਿਆਨ ਇੰਦ੍ਰੀਆਂ ਪ੍ਰਕ੍ਰਿਤਕ ਚੀਜ਼ਾਂ ਵਿਚੋਂ ਅਨੰਦ ਭਾਲਦੀਆਂ ਹਨ। ਪ੍ਰੰਤੂ ਅਨੰਦ ਇਹ ਸਾਰੇ ਪ੍ਰਾਕ੍ਰਿਤਕ ਪੜ੍ਹੇ ਗਿਆਨ ਨੂੰ ਭੁੱਲਣਾ ਹੈ।

*ਪੜਿ ਪੜਿ ਗਡੀ ਲਦੀਅਹਿ .................*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*
*ਪੰਨਾ - 467*

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥*
*ਪੰਨਾ - 140*

ਸਾਡਾ ਮਨ ਹਮੇਸ਼ਾ ਕਿਸੇ ਨਾ ਕਿਸੇ ਪ੍ਰਕ੍ਰਿਤਕ ਗਿਆਨ-ਵਸ ਫੁਰਨੇ ਵਿਚ ਲੱਗਿਆ ਰਹਿੰਦਾ ਹੈ। ਇਸ ਫੁਰਨੇ ਨੂੰ ਰੋਕਣ ਲਈ ਸਾਧੂ, ਮਹਾਤਮਾ, ਯੋਗੀ ਜੁਗਾਂ-ਜੁਗਾਂ ਤੋਂ ਕੋਸ਼ਿਸ਼ ਕਰਦੇ ਆ ਰਹੇ ਹਨ। ਮੈਡੀਕਲ ਸਾਇੰਸ ਵੀ ਇਸ ਫੁਰਨੇ ਨੂੰ ਰੋਕਣ ਲਈ ਕੁਝ ਪ੍ਰਾਣਾਯਾਮ ਵਰਗੀਆਂ ਕਿਰਿਆਵਾਂ ਕਰਕੇ ਸਰੀਰ ਵਿਚੋਂ ਰੋਗਾਂ ਨੂੰ ਦੂਰ ਕਰਨ ਵਿਚ ਕਾਮਯਾਬ ਹੋਈ ਤਾਂ ਹੈ ਪ੍ਰੰਤੂ ਇਨਸਾਨ ਦਾ ਜੀਵਨ ਇਤਨਾ ਰੁਝੇਵੇਂ ਪੂਰਵਕ ਅਤੇ ਡਾਵਾਂਡੋਲ ਇਰਾਦੇ ਦਾ ਹੋਣ ਕਰਕੇ ਜਲਦੀ ਹੀ ਉਹੀ ਜਾਂ ਹੋਰ ਰੋਗ ਉਸ ਉਤੇ ਹਾਵੀ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮ ਮਾਰਗ ਹੀ ਇਕ ਐਸਾ ਜਤਨ ਹੈ ਜੋ ਮਨ ਦੇ ਫੁਰਨਿਆਂ ਨੂੰ ਰੋਕ ਸਕਦਾ ਹੈ। ਇਸ ਨਾਮ ਮਾਰਗ ਨੂੰ ਸਮਝਣ ਲਈ ਇਕ ਮਹਾਂਪੁਰਖ ਦੀ ਲੋੜ ਹੈ। ਮਹਾਂਪੁਰਖ ਧਰਮ ਦੇ ਗੁਰਮਤਿ ਮਾਰਗ ਤੇ ਚਲ ਕੇ ਸਤਿ ਨੂੰ ਜੀਵਨ ਵਿਚ ਢਾਲਦੇ ਹਨ ਅਤੇ ਤੱਤ ਦੀ ਗੱਲ ਨੂੰ ਪ੍ਰਪੱਕ ਕਰਦੇ ਹਨ। ਇਸੇ ਕਰਕੇ ਇਨ੍ਹਾਂ ਵਿਚ ਬ੍ਰਹਮਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਤੇ ਦੁਨੀਆਂ ਲਈ ਚਾਨਣ ਮੁਨਾਰੇ ਬਣ ਜਾਂਦੇ ਹਨ। ਇਹ ਲੋਕਾਂ ਨੂੰ ਇਸ ਅਨੰਦਮਈ ਨਾਮ ਮਾਰਗ ਤੇ ਚਲਣ ਲਈ ਪ੍ਰੇਰਨਾ ਕਰਦੇ ਹਨ, ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਦੇ ਹਨ ਅਤੇ ਹੋਰ ਆਉਣ ਵਾਲੀਆਂ ਔਕੜਾਂ ਤੋਂ ਸੁਚੇਤ ਕਰਦੇ ਹਨ। ਇਹ ਮਾਰਗ ਬੁੱਧ ਮੰਡਲ ਦਾ ਨਾ ਹੋਣ ਕਰਕੇ ਅਨੁਭਵ ਮੰਡਲ ਦਾ ਹੁੰਦਾ ਹੈ। ਪਰ ਮੈਡੀਕਲ ਸਾਇੰਸਦਾਨ ਅਨੁਭਵ ਮੰਡਲ ਤੋਂ ਲਾਂਭੇ ਰਹਿ ਕੇ -

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥ ਪੰਨਾ - 4*

ਦੀ ਗੂੜ੍ਹ ਰੂਹਾਨੀਅਤ ਸਾਇੰਸ ਨੂੰ ਸਮਝਣ ਲਈ ਵਿਆਕੁਲ ਹੁੰਦੇ ਹੋਏ ਵੀ ਅਸਮਰੱਥ ਹਨ।

--'ਚਲਦਾ'---

# ਸਿਹਤ ਵਿਗਿਆਨ -2

**ਅਗਨਵਾਯੂ** - ਆਗਨੇਯ ਵਿਸਰਪ, ਇਸ ਦਾ ਮੂਲ ਕਾਰਣ ਜਨਰਅਗਨੀ ਦਾ ਵਿਗਾੜ ਹੈ, ਬਹੁਤਾ ਲੂਣ, ਖੱਟਾ, ਕੱਚੇ ਅਥਵਾ ਸੜੇ ਹੋਏ ਫਲ, ਬਹੁਤ ਮਿਰਚਾਂ ਅਤੇ ਗਰਮ ਮਸਾਲੇ, ਸ਼ਰਾਬ ਨਸ਼ਿਆਂ ਦੇ ਬਹੁਤਾ ਵਰਤਣ ਤੋਂ ਇਹ ਰੋਗ ਪੈਦਾ ਹੁੰਦਾ ਹੈ ਅਗਨਵਾਯੂ ਦੇ ਰੋਗੀ ਨੂੰ ਭੁੱਖ ਘੱਟ ਲਗਦੀ ਹੈ, ਜੀ ਮਤਲਾਉਂਦਾ ਹੈ, ਹੱਡ ਭੱਨਣੀ ਹੁੰਦੀ ਹੈ, ਤ੍ਰਿਖਾ ਬਹੁਤ ਅਤੇ ਮੱਥੇ ਵਿਚ ਜਲਨ ਮਲੂਮ ਹੁੰਦੀ ਹੈ। ਜੇ ਛੇਤੀ ਇਲਾਜ ਨਾ ਕੀਤਾ ਜਾਵੇ ਤਾਂ ਸੰਗ੍ਰਹਿਣੀ, ਅਤੀਸਾਰ, ਸੂਲ, ਅਫਾਰਾ ਆਦਿ ਅਨੇਕਾਂ ਰੋਗ ਆ ਗ੍ਰਸਦੇ ਹਨ।

ਇਸ ਰੋਗ ਦੇ ਦੂਰ ਕਰਨ ਲਈ ਹਲਕਾ ਜੁਲਾਬ ਦੇਣਾ ਅਤੇ ਕੈ (ਵਮਨ) ਕਰਾਉਣੀ ਗੁਣਕਾਰੀ ਹਨ, ਪਰ ਜਿਨ੍ਹਾਂ ਦਵਾਈਆਂ ਤੋਂ ਦਾਹ ਪੈਦਾ ਹੋਵੇ ਉਹ ਵਰਤਣੀਆਂ ਠੀਕ ਨਹੀਂ।

ਚਰਾਇਤ, ਬਾਂਸਾ, ਕੜੂ, ਪਟੋਲਪਤ੍ਰ, ਹਰੜ, ਬਹੇੜਾ, ਆਉਲਾ, ਲਾਲ ਚੰਦਨ, ਨਿੰਮ ਦੀ ਛਿੱਲ ਇਹ ਸਭ ਸਮਾਨ ਲੈ ਕੇ ਕੁੱਟ ਲੈਣੀਆਂ ਇਕ ਪਾ ਵਿਚ ਡੇਢ ਤੋਲਾ ਇਹ ਚੂਰਨ ਉਬਾਲਣਾ, ਜਦ ਅੱਧ ਪਾ ਪਾਣੀ ਰਹੇ ਤਦ ਛਾਣ ਕੇ ਤੇ ਠੰਢਾ ਕਰਕੇ ਰੋਗੀ ਨੂੰ ਦੇਣਾ ਬਹੁਤ ਚੰਗਾ ਅਸਰ ਕਰਦਾ ਹੈ।

**ਅਜੀਰਣ** - ਜੋ ਪੁਰਾਣਾ ਨਾ ਹੋਵੇ। ਜਦ ਖਾਧਾ ਭੋਜਨ, ਜੀਰਣ ਨਹੀਂ ਹੁੰਦਾ (ਪਚਦਾ ਨਹੀਂ) ਉਸ ਨੂੰ ਅਜੀਰਣ ਅਥਵਾ ਮੰਦਾਗਨਿ ਰੋਗ ਆਖਦੇ ਹਨ ਸੂਏ ਹਜਮ, ਬਦਹਜ਼ਮੀ, ਬਹੁਤ ਖਾਣਾ, ਖਾਧੇ ਉਪਰ ਖਾਣਾ, ਭਰੇ ਪੇਟ ਕਰੜੀ ਮਿਹਨਤ ਕਰਨੀ ਵੇਲੇ ਸਿਰ ਨਾ ਸੌਣਾ, ਸ਼ੋਕ ਦਾ ਹੋਣਾ, ਭੋਜਨ ਖਾ ਕੇ ਪਾਣੀ ਵਿਚ ਤਰਣਾ ਆਦਿ ਕਾਰਣਾਂ ਤੋਂ ਇਹ ਰੋਗ ਹੁੰਦਾ ਹੈ, ਅਨਪਚ ਦੇ ਰੋਗੀ ਨੂੰ ਲੰਘਣ ਕਰਨ ਅੱਛਾ ਹੈ, ਹਿੰਗ ਤ੍ਰਿਕੁਟਾ, ਸੈਂਧਾ ਨਮਕ, ਸਿਰਕੇ ਵਿਚ ਪੀਹ ਕੇ ਨਾਭੀ ਉਪਰ ਲੇਪ ਕਰਨਾ ਲਾਭਦਾਇਕ ਹੈ।

ਕਾਲਾ ਜੀਰਾ, ਧਨੀਏ ਦੇ ਚਾਉਲ, ਮਘਾਂ, ਕਾਲੀ ਮਿਰਚਾਂ, ਸੁੰਢ, ਪਤ੍ਰਜ, ਸੌਂਫ ਦੇ ਚਾਉਲ, ਪਿੱਪਲਾਮੂਲ, ਚ੍ਰਿਤਾ, ਕਚੂਰ, ਜੰਗ ਹਰੜ, ਅੰਬਲਬੇਦ, ਇਲਾਚੀਆਂ, ਦੇਸੀਲੂਣ, ਕਾਲਾਲੂਣ, ਇਹ ਸਭ ਸਮ ਭਾਗ ਲੈ ਕੇ ਚੂਰਣ ਬਣਾਉ ਡੇਢ ਅਥਵਾ ਦੋ ਮਾਸੇ ਦਿਨ ਵਿਚ ਦੋ ਵਾਰ ਜਲ ਨਾਲ ਫੱਕੀ ਲੈਣ ਤੋਂ ਅਜੀਰਣ ਰੋਗ ਹਟ ਜਾਂਦਾ ਹੈ।

**ਅਠਪਹਿਰੀ** - ਉਹ ਅਜਵਾਯਨ (ਜਵਾਇਣ) ਜੋ ਅੱਠ ਪਹਿਰ ਕੋਰੇ ਕੁੱਜੇ ਅੰਦਰ ਪਾਣੀ ਵਿਚ ਭਿੱਜੀ ਰਹੇ। ਇਸ ਨੂੰ ਸਵੇਰੇ ਵੇਲੇ ਰਗੜ ਕੇ ਪੀਂਦੇ ਹਨ ਹਿ ਬਦਹਜ਼ਮੀ ਅਤੇ ਤਾਪ ਆਦਿ ਰੋਗਾਂ ਨੂੰ ਦੂਰ ਕਰਦੀ ਹੈ।

**ਅਠਰਾਹਾ** - ਮ੍ਰਿਤਵਤਸਾ ਬੰਧਯਾ ਦੋਸ਼ ਜਨਮ ਤੋਂ ਅੱਠਵੇ ਅਥਵਾ ਅਠਾਰਵੇਂ ਦਿਨ ਅਤੇ ਅਠਾਰਾਂ ਮਹੀਨਿਆਂ ਵਿਚ ਸੰਤਾਨ ਦੀ ਮੌਤ ਹੋਣ ਕਰਕੇ ਪ੍ਰਸਿਧ ਨਾਉਂ ਅਠਰਾਹਾ ਹੋ ਗਿਆ ਹੈ ਅਠ ਤੰਤਰ ਸ਼ਾਸ਼ਤਰ ਵਾਲੇ ਅੱਠ ਜੋਗਣੀਆਂ ਦੇ ਅਸਰ ਤੋਂ ਇਹ ਰੋਗ ਹੋਣਾ ਮੰਨਦੇ ਹਨ, ਪਰ ਇਹ ਬਾਤ ਸਹੀ ਨਹੀਂ ਕਿ ਅੱਠ ਦੀ ਗਿਣਤੀ ਤੇ ਹੀ ਮੌਤ ਆਉਂਦੀ ਹੈ। ਵਿਦਵਾਨਾਂ ਨੇ ਤਿੰਨ ਪ੍ਰਕਾਰ ਦੀ ਬਾਂਝ ਇਸਤਰੀ ਲਿਖੀ ਹੈ -

(ੳ) ਕਾਕ ਬੰਧਯਾ - ਜਿਸ ਦੇ ਇਕ ਸੰਤਾਨ ਹੋ ਕੇ ਫੇਰ ਨਾ ਹੋਵੇ।
(ਅ) ਗਰਭਸ੍ਰਾਵੀ - ਜਿਸ ਦੇ ਗਰਭ ਸ੍ਰਵ ਜਾਣ ਜਾਂ ਪਾਤ ਹੋ ਜਾਣ।
(ੲ) ਮ੍ਰਿਤਵਤਸਾ - ਜਿਸ ਦੇ ਔਲਾਦ ਪੈਦਾ ਹੋ ਕੇ ਜਿਉਂਦੀ ਨਾ ਰਹੇ। ਇਸੇ ਦੋਸ਼ ਦਾ ਨਾਉਂ ਅਠਰਾਹਾਂ ਹੈ। ਇਹ ਰੋਗ ਮਾਤਾ ਪਿਤਾ ਦੇ ਰਜ ਅਤੇ ਵੀਰਯ ਵਿਚ ਵਿਕਾਰ ਹੋਣ ਤੋਂ ਹੁੰਦਾ ਹੈ ਅਤੇ ਇਸ ਦਾ ਸਭ ਤੋਂ ਵੱਡਾ ਕਾਰਣ ਬਾਦਫਿਰੰਗ ਹੈ ਬੱਚੇ ਨੂੰ ਪਾਲਣ ਵਾਲੀ ਖੁਰਾਕ ਜਦ ਗਰਭ ਵਿਚ ਨਹੀਂ ਮਿਲਦੀ ਅਤੇ ਉਸਦਾ ਲਹੂ ਭੀ ਵਿਕਾਰੀ ਹੋ ਜਾਂਦਾ ਹੈ, ਤਦ ਮੌਤ ਦਾ ਹੋਣਾ ਅਵੱਸ਼ ਹੈ।

ਇਸ ਦਾ ਸਭ ਤੋਂ ਚੰਗਾ ਇਲਾਜ ਇਹ ਹੈ ਕਿ ਮਾਤਾ ਪਿਤਾ ਆਪਣੇ ਸਰੀਰ ਨੂੰ ਰੋਗ ਤੋਂ ਸਾਫ ਕਰਨ ਫੇਰ ਗਰਭ ਠਹਿਰਣ ਪੂਰ ਮੈਥੁਨ ਦਾ ਤਿਆਗ ਕਰਨ। ਮਾਤਾ ਖਾਣ ਪੀਣ ਦਾ ਪੂਰਾ ਸੰਜਮ ਰੱਖੇ, ਲੂਣ ਦਾ ਘੱਟ ਸੇਵਨ ਕਰੇ, ਅਤੇ ਦੁੱਧ ਚਾਉਲ ਆਦਿ ਹਲਕੀ ਗਿਜ਼ਾ ਖਾਵੇ, ਸਵਛ ਪੌਣ ਵਿਚ ਬਹੁਤ ਸਮਾਂ ਬਿਤਾਵੇ ਅਤੇ ਵਸਤਰ ਨਿਰਮਲ ਰੱਖੇ।

ਅਸਗੰਧ, ਹਲਦੀ, ਚਿਤ੍ਰਾ, ਦਾਰੁਹਲਦੀ, ਦੇਵਦਾਰੁ, ਹਰੜ, ਛੋਟੀ ਇਲਾਚੀ, ਪਿੱਤ ਪਾਪੜਾ, ਏਲੂਆ, ਕਚੂਰ, ਮੂੰਗੇ ਦੀ ਸੁਆਹ, ਅਜਮੋਦ, ਕੌਲ ਡੋਡੇ ਦੀ ਗਿਰੀ, ਕਸੁੰਭਾ, ਰਸੌਤ, ਲਾਲ ਚੰਦਨ, ਵਾਯਵੜਿੰਗ ਇਹ ਸਭ ਬਰੋਬਰ ਲੈ ਕੇ ਬਰੀਕ ਪੀਹ ਅਤੇ ਛਾਣ ਕੇ ਬੋਤਲ ਵਿਚ ਮੂੰਹ ਬੰਦ ਕਰਕੇ ਰੱਖੋ। ਜਦ ਗਰਭ ਠਹਿਰ ਤਦ ਇਸਤਰੀ ਇਹ ਚੂਰਣ ਦੋ ਮਾਸੇ ਨਿਤ ਜਲ ਨਾਲ ਛੀ ਮਹੀਨੇ ਖਾਂਦੀ ਰਹੇ। ਸੱਤਵਾਂ ਮਹੀਨਾ ਸ਼ੁਰੂ ਹੋਣ ਤੋਂ ਛੱਡ ਦੇਵੇ, ਐਸਾ ਕਰਨ ਤੋਂ ਅਠਰਾਹਾ ਅਸਰ ਨਹੀਂ ਕਰਦਾ।

**ਅਤਿਸਾਰ** - (ੳ) ਤੱਤ ਨਿਚੋੜ (ਅ) ਵੈਦਯਕ ਅਨੁਸਾਰ ਇਕ ਰੋਗ ਇਸਹਾਲ diarrhoea ਇਹ ਰੋਗ ਹਾਜ਼ਮਾ ਵਿਗੜਨ ਤੋਂ ਹੁੰਦਾ ਹੈ, ਜੋ ਲੋੜ ਤੋਂ ਵੱਧ ਅਥਵਾ ਮਲੀਨ ਭੋਜਨ ਕਰਦੇ ਹਨ, ਕੱਚੇ ਅਥਵਾ ਪੱਕੇ ਅਤੇ ਸੜੇ ਹੋਏ ਫਲ ਖਾਂਦੇ ਹਨ, ਲੇਸਦਾਰ ਭਾਰੀ ਚੀਜ਼ਾਂ ਦਾ ਸੇਵਨ ਕਰਦੇ ਹਨ, ਸਿਲ੍ਹੀ ਥਾਂ ਤੇ ਸੌਂਦੇ ਹਨ ਮੈਲਾ ਪਾਣੀ ਪੀਂਦੇ ਹਨ ਉਹ ਇਸ ਇਸ ਰੋਗ ਦਾ ਸ਼ਿਕਾਰ ਹੁੰਦੇ ਹਨ ਖਾਧੀ ਗਿਜ਼ਾ ਚੰਗੀ ਤਰ੍ਹਾਂ ਪਚਦੀ ਨਹੀਂ, ਦਸਤ ਲਗਾਤਾਰ ਆਉਂਦੇ ਰਹਿੰਦੇ ਹਨ।

ਦਸਤ ਬੰਦ ਕਰਨ ਤੋਂ ਪਹਿਲਾਂ ਇਰੰਡੀ ਦਾ ਤੇਲ ਅਥਵਾ ਹੋਰ ਕੋਈ ਨਰਮ ਦ੍ਰਾਵਕ ਦਵਾ ਦੇ ਕੇ ਅੰਦਰ ਦਾ ਗੰਦ ਕੱਢ ਦੇਣਾ ਚਾਹੀਏ, ਫੇਰ ਤਬਾਸੀਰ, ਇਲਾਇਚੀਆਂ, ਕੱਸ ਅਤੇ ਕਿੱਕਰ ਦੀ ਗੂੰਦ, ਮਸਤਗੀ, ਮਿਸ਼ਰੀ, ਅਫੀਮ ਸਭ ਇਕੋ ਤੋਲ ਦੇ ਲੈ ਕੇ ਰੱਤੀ ਰੱਤੀ ਦੀਆਂ ਗੋਲੀਆਂ ਬਣਾ ਲਓ। ਰੋਗੀ ਦੀ ਉਮਰ ਅਤੇ ਬਲ ਅਨੁਸਾਰ ਸੌਂਫ ਦੇ ਅਰਕ ਅਥਵਾ ਸੱਜਰੇ ਪਾਣੀ ਨਾਲ ਇਕ ਤੋਂ ਤਿੰਨ ਤੀਕ ਰੋਜ਼ ਦਿਓ ਅਥਵਾ ਬਿਲ ਦੀ ਗਿਰੀ ਅਤੇ ਸੌਂਫ ਉਬਾਲ ਕੇ ਚਾਹ ਦੀ ਤਰ੍ਹਾਂ ਪਿਆਓ। ਗਊ ਦਾ ਮਠਾ ਕਾਲੀ ਮਿਰਚ ਸੁੰਢ ਅਤੇ ਲੂਣ ਇਹ ਸਮਾਨ ਲੈ ਕੇ ਬਰੀਕ ਚੂਰਣ ਬਣਾਓ। ਰੋਗੀ ਨੂੰ ਨਿੱਤ ਕੋਸੇ ਜਲ ਨਾਲ ਦੋ ਤੋਂ ਚਾਰ ਮਾਸੇ ਤੀਕ ਖਵਾਓ।

ਅਤੀਸਾਰ ਦੇ ਰੋਗੀ ਨੂੰ ਰੋਟੀ ਅਤੇ ਭਾਰੀਆਂ ਚੀਜ਼ਾਂ ਖਾਣੀਆਂ ਚੰਗੀਆਂ ਨਹੀਂ। ਸਾਬੂਦਾਨਾ, ਆਂਡੇ ਦੀ ਸਫੇਦੀ, ਚਾਉਲ, ਦੁੱਧ ਆਦਿ ਨਰਮ ਗਿਜਾ ਦੇਣੀ ਚਾਹੀਦੀ ਹੈ।

*"ਤਿਸ ਕੋ ਲਗੈ ਅਧਿਕ ਅਤਿਸਾਰ।"*

**ਅਧਰੰਗ** – ਜਿਸ ਰੋਗ ਨਾਲ ਸਰੀਰ ਦਾ ਅੱਧਾ ਅੰਗ ਮਾਰਿਆ ਜਾਵੇ। ਪਕਾਘਾਤ ਫ਼ਾਲਿਜ਼ hemiplegia ਇਹ ਪੱਠਿਆ ਦੀ ਬੀਮਾਰੀ ਹੈ। ਇਸ ਦੇ ਕਾਰਣ ਹਨ – ਸਕਤੇ ਦੀ ਬੀਮਾਰੀ, ਦਿਮਾਗ ਦਾ ਫੋੜਾ, ਵਾਉਗੋਲਾ, ਮਿਰਗੀ, ਆਤਸ਼ਕ ਆਦਿ ਜੇ ਇਹ ਰੋਗ ਸਰੀਰ ਦੇ ਖੱਬੇ ਪਾਸੇ ਹੋਵੇ ਤਾਂ ਬਹੁਤ ਬੁਰਾ ਹੁੰਦਾ ਹੈ ਕਿਉਂਕਿ ਖੱਬੇ ਪਾਸੇ ਦਿਲ ਹੈ। ਅਧਰੰਗ ਦੇ ਰੋਗੀ ਦੀ ਛੇਤੀ ਖਬਰ ਲੈਣੀ ਚਾਹੀਦੀ ਹੈ। ਦੋ ਮਹੀਨੇ ਪਿਛੋਂ ਇਸ ਦਾ ਹਟਣਾ ਔਖਾ ਹੁੰਦਾ ਹੈ। ਰੋਗੀ ਨੂੰ ਸਣ ਦੇ ਬੀਜ ਪੀਸ ਕੇ ਸ਼ਹਿਦ ਵਿਚ ਮਿਲਾ ਕੇ ਖਵਾਉਣੇ ਅਥਵਾ ਅਦਰਕ ਦੇ ਰਸ ਵਿਚ ਮਿਲਾਕੇ ਸ਼ਹਿਦ ਚਟਾਉਣਾ ਗੁਣਕਾਰੀ ਹੈ।

ਸੇਂਧਾ ਲੂਣ, ਪਿੱਪਲਾ ਮੂਲ, ਚਿਤਰਾ, ਸੁੰਢ, ਰਾਯਸਨ ਸਭ ਸਮਾਨ ਲੈ ਕੇ ਚੂਰਣ ਕਰਕੇ ਮਾਹਾਂ ਦੇ ਸ਼ੋਰਵੇ ਨਾਲ ਛੀ ਮਾਸੇ ਨਿੱਤ ਖਾਣਾ ਅਧਰੰਗ ਦਾ ਸਿੱਧ ਇਲਾਜ ਹੈ ਯੋਗਰਾਜ ਗੁਗਲ ਦਾ ਵਰਤਣਾ ਭੀ ਬਹੁਤ ਅੱਛਾ ਹੈ।

ਅੱਕ ਬਕਾਇਣ, ਸੁਹਾਂਜਣਾ, ਸੰਭਾਲੂ, ਅਰਿੰਡ ਇਨ੍ਹਾਂ ਦੇ ਪੱਤਿਆਂ ਦਾ ਰਸ ਇੱਕੋ ਤੋਲ ਦਾ ਲੈਣਾ ਅਤੇ ਸਾਰੇ ਰਸ ਦੇ ਵਜ਼ਨ ਬਰਾਬਰ ਤੇਲ ਲੈ ਕੇ ਉਸ ਵਿਚ ਪਕਾਣਾ, ਜਦ ਰਸ ਜਲ ਜਾਵੇ ਤਦ ਤੇਲ ਨੂੰ ਛਾਣ ਕੇ ਸੀਸੀ ਵਿਚ ਧਾ ਰੱਖਣਾ। ਇਸ ਤੇਲ ਦੀ ਮਾਲਿਸ਼ ਕਰਨੀ ਬਹੁਤ ਲਾਭਦਾਇਕ ਹੈ। ਸ਼ੇਰ ਅਤੇ ਰਿੱਛ ਦੀ ਚਰਬੀ ਦੀ ਮਾਲਿਸ਼ ਭੀ ਗੁਣਕਾਰੀ ਹੈ।

ਅਧਰੰਗ ਦੇ ਰੋਗੀ ਨੂੰ ਬਾਇ (ਵਾਈ) ਵਧਾਉਣ ਵਾਲੀਆਂ ਅਤੇ ਲੇਸਲੀਆਂ ਚੀਜ਼ਾਂ ਖਾਣ ਲਈ ਨਹੀਂ ਦੇਣੀਆਂ ਚਾਹੀਦੀਆਂ ਹਨ। ਮਾਸ ਅਥਵਾ ਛੋਲਿਆਂ ਦਾ ਰਸ ਆਦਿਕ ਪਦਾਰਥ ਲਾਭਦਾਇਕ ਹਨ।

**ਅਨਾਰ** – ਨਾਰ (ਗਰਦਨ) ਬਿਨਾ। ਫ਼ਾ, ਦਾੜਿਮ, ਦਾੜੂ, ਦੁਮਸਾਰ, ਮਿੱਠਾ ਅਨਾਰ ਪਿਆਸ ਕੰਠ ਦੇ ਰੋਗ ਤਾਪ ਨੂੰ ਦੂਰ ਕਰਦਾ ਹੈ। ਵੀਰਯ ਪੁਸ਼ਠ ਕਰਦਾ ਹੈ ਕਾਬਿਜ ਹੈ, ਕੰਧਾਰ ਦਾ ਬੇਦਾਨਾ ਅਨਾਰ ਬਹੁਤ ਉਤਮ ਹੁੰਦਾ ਹੈ। ਖੱਟਾ ਅਨਾਰ ਚਟਣੀ ਮਸਾਲੇ ਆਦਿ ਵਿਚ ਵਰਤੀਦਾ ਹੈ। ਅਨਾਰ ਦਾ ਛਿਲਕਾ 'ਨਾਸਪਾਲ' ਅਨੇਕ ਰੋਗਾਂ ਵਿਚ ਵਰਤਿਆ ਜਾਂਦਾ ਹੈ।

**ਅਪਾਨਨਬਾਇ** – ਅਪਾਨਵਾਯੂ, ਮਲਾਸ਼ਯ (ਮੈਲ ਧਾਰਨ ਵਾਲੀ ਅੰਤੜੀ) ਅੰਡਕੋਸ਼ (ਫੋਤੇ), ਮਸਾਨਾ, ਲਿੰਗ ਆਦਿ ਅਸਥਾਨਾਂ ਵਿਚ ਰਹਿਣ ਵਾਲੀ ਪੌਣ। ਇਸੇ ਪੌਣ ਦੇ ਬਲ ਨਾਲ ਪੇਸ਼ਾਬ ਦਾ ਨਿਕਲਨਾ, ਗੁਦਾ ਤੋਂ ਮੈਲ ਦਾ ਖਾਰਿਜ ਹੋਣਾ, ਵਾਉਕਾ ਆਉਣਆ ਅਤੇ ਗਰਭ ਤੋਂ ਬੱਚੇ ਦਾ ਬਾਹਰ ਆਉਣਾ ਆਦਿਕ ਕਰਮ ਹੁੰਦੇ ਹਨ, ਜਦ ਪਿਤ ਕਫ ਆਦਿਕ ਦੇ ਵਿਗਾੜ ਨਾਲ ਆਪਨਵਾਯੂ ਵਿਗੜ ਜਾਂਦੀ ਹੈ, ਤਾਂ ਇਹ ਆਪਣੇ ਕਾਰਜ ਠੀਕ ਨਹੀਂ ਕਰ ਸਕਦੀ ਅਤੇ ਮਲ ਮੂਤਰ ਖੁਲ੍ਹਕੇ ਨਹੀਂ ਆਉਂਦੇ, ਸਰੀਰ ਜੜ੍ਹ ਜੇਹਾ ਹੋ ਜਾਂਦਾ ਹੈ, ਕਮਰ ਵਿਚ ਪੀੜ ਹੁੰਦੀ ਹੈ। ਪਥਰੀ ਬਵਾਸੀਰ ਆਦਿ ਰੋਗ ਪੈਦਾ ਹੋ ਜਾਂਦੇ ਹਨ। ਆਪਨ ਵਾਯੂ ਨੂੰ ਠੀਕ ਰੱਖਣ ਲਈ ਪੈਦਲ ਚਲਨਾ, ਘੋੜੇ ਦੀ ਸਵਾਰੀ ਕਰਨੀ, ਹਲਕੀ ਗਿਜ਼ਾ ਖਾਣੀ, ਅੰਤੜੀ ਸਾਫ ਰੱਖਣੀ, ਉਤਮ ਸਾਧਨ ਹਨ ਅਤੇ ਚਿੱਟੀ ਤ੍ਰਿਵੀ ਦਾ ਚੂਰਨ ਚਾਰ ਤੋਲੇ, ਖੰਚ ਚਾਰ ਤੋਲੋ, ਮਘਾਂ ਦਾ ਚੂਰਨ ਦੋ ਤੋਲੇ, ਇਨ੍ਹਾਂ ਨੂੰ ਮਿਲਾਕੇ ਛੀ ਮਾਸੇ ਨਿਤ ਸ਼ਹਿਦ ਵਿਚ ਮਿਲਾ ਕੇ ਚੱਟਣ ਤੋਂ ਅਪਾਨ ਵਾਯੂ ਦੇ ਦੋਸ਼ ਦੂਰ ਹੋ ਜਾਂਦੇ ਹਨ "ਪ੍ਰਾਣਬਾਇ ਆਪਾਨਬਾਇ ਭਨ"

**ਅਰਧ ਸਿਰਾ** – ਅਰਧਾਵਭੇਦਕ, ਸ਼ਕੀਕਾ, hemicrania ਰੁੱਖੀਆਂ ਚੀਜ਼ਾਂ ਖਾਣ, ਭੋਜਨ ਦੇ ਪਚਣ ਤੋਂ ਪਹਿਲਾਂ ਅਹਾਰ ਕਰਨਾ, ਬਹੁਤੀ ਬਰਫ ਅਤੇ ਸ਼ਰਾਬ ਪੀਣ, ਅਤੀ ਮੈਥੁਨ ਕਰਨ, ਸਿਰ ਉਪਰ ਬਹੁਤਾ ਬੋਝ ਉਠਾਉਣਾ, ਬਹੁਤੇ ਹੈਜ਼ ਆਉਣ ਆਦਿ ਕਾਰਣਾਂ ਤੋਂ ਅਧੇ ਸਿਰ ਵਿਚ ਪੀੜ ਹੁੰਦੀ ਹੈ, ਜੋ ਸੂਲ ਵਾਂਙ ਚੁੱਭਦੀ ਅਤੇ ਸਿਰ ਨੂੰ ਚਕਰਾ ਦਿੰਦੀ ਹੈ। ਦਿਲ ਧੜਕਨ ਲਗਦਾ ਹੈ, ਅੱਖਾਂ ਦੀ ਜੋਤ ਮੱਧਮ ਹੋ ਜਾਂਦੀ ਹੈ ਅਤੇ ਭਾਰੀ ਮਲੂਮ ਹੁੰਦੀਆਂ ਹਨ।

ਇਸ ਰੋਗ ਦੇ ਇਲਾਜ ਇਹ ਹਨ –

1. ਅਫੀਮ ਅਤੇ ਕਿੱਕਰ ਦੀ ਗੂੰਦ ਜਲ ਵਿਚ ਘਸਾ ਕੇ ਪੁੜਪੁੜੀਆਂ ਅਤੇ ਦਰਦ ਵਾਲੇ ਪਾਸੇ ਤੇ ਲੇਪ ਕਰਨਾ।
2. ਘਿਉ ਵਿਚ ਰੱਤੀ ਕੇਸਰ ਸਾੜ ਕੇ ਗਰਮ ਗਰਮ ਘੀ ਮਲਨਾ।
3. ਘੀ ਅਤੇ ਦੇਸੀ ਖੰਡ ਪਾਕੇ ਗਰਮ ਦੁੱਧ ਪੀਣਾ।
4. ਇਰੰਡੀ ਦਾ ਤੇਲ ਗਰਮ ਦੁੱਧ ਵਿਚ ਮਿਲਾ ਕੇ ਪੀਣਾ।
5. ਸੱਠੀ ਦੇ ਚਾਉਲ ਅੱਕ ਦੇ ਦੁੱਧ ਵਿਚ ਭਿਉਂ ਕੇ ਸੁਕਾ ਕੇ ਬਾਰੀਕ ਪੀਹ ਕੇ ਨਸਵਾਰ ਲੈਣੀ।
6. ਕੁੱਠ ਦਾ ਤੇਲ ਜਾਂ ਤੱਤੇ ਘਸਾ ਕੇ ਲੇਪ ਕਰਨਾ।
7. ਹਰੜ, ਬਹੇੜਾ, ਆਉਲਾ, ਚਰਾਇਤਾ, ਨਿੰਮ ਦਾ ਸੱਕ ਇਹ ਸਮਾਨ ਲੈ ਕੇ ਕਾੜ੍ਹਾ ਕਰਕੇ ਗੁੜ ਮਿਲਾ ਕੇ ਪੀਣਾ।
8. ਤੁਲਸੀ ਦੇ ਦਸ ਪੱਤੇ ਗਰਮ ਦੁੱਧ ਨਾਲ ਖਾਣੇ।
9. ਵਾਇੜਾਵਿੰਗ, ਕਾਲੇ ਤਿਲ, ਦੁੱਧ ਵਿਚ ਪੀਸ ਕੇ ਲੇਪ ਕਰਨਾ।
10. ਕੱਚੇ ਨਲੀਏਰ ਦਾ ਪਾਣੀ ਪੀਣਾ।

ਜੇ ਅਰਧਸਿਰਾ ਸੂਰਜ ਚੜ੍ਹਨ ਵੇਲੇ ਸ਼ੁਰੂ ਹੁੰਦਾ ਹੈ ਅਤੇ ਸੂਰਜ ਦੇ ਨਾਲ ਹੀ ਵਧਦਾ ਜਾਂਦਾ ਹੈ ਅਤੇ ਸੂਰਜ ਛਿਪਣ ਵੇਲੇ ਬੰਦ ਹੋ ਜਾਂਦਾ ਹੈ, ਉਸਦਾ ਨਾਉਂ 'ਸੁਰਯਾਵਰਤ' ਹੈ ਇਸ ਦੇ ਦੂਰ ਕਰਨ ਲਈ ਦੋ ਰੱਤੀ ਕੁਨੈਨ ਨਾਲ ਦੋ ਰੱਤੀ ਫਟਕੜੀ ਦੀ ਖਿੱਲ ਦਾ ਚੂਰਣ ਮਿਲਾ ਕੇ ਪੀਹ ਫਟਣ ਵੇਲੇ ਤੋਂ ਦੋ ਦੋ ਘੰਟੇ ਪਿਛੋਂ ਤਿੰਨ ਵਾਰ ਪਾਣੀ ਨਾਲ ਦੇਣਾ ਬਹੁਤ ਗੁਣ ਕਰਦਾ ਹੈ। "ਅਰਧਸਿਰਾ ਅਰੁ ਹਿੰਦੇ ਸੰਘਾਤ'।

--ਚਲਦਾ--

(ਮਹਾਨ ਕੋਸ਼ ਵਿਚੋ ਧੰਨਵਾਦ ਸਹਿਤ)

# ਸਮਾਗਮ ਅਤੇ ਸਰਗਰਮੀਆਂ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਚੰਡੀਗੜ੍ਹ ਨੇ ਦਿੱਲੀ ਦੀ ਸੰਗਤ ਵਲੋਂ ਬੇਨਤੀ ਕਰਨ ਉਪਰੰਤ, ਜਲ-ਵਿਹਾਰ ਪਾਰਕ, ਨਹਿਰੂ ਨਗਰ ਵਿਖੇ ਮਿਤੀ 10, 11 ਅਤੇ 12 ਅਪਰੈਲ, 95 ਨੂੰ ਤਿੰਨ ਦਿਨ ਦਾ ਮਹਾਨ ਗੁਰਮਤਿ ਸਮਾਗਮ, ਮਿਸ਼ਨ ਦੇ ਬਾਨੀ ਤੇ ਮੁਖੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਸਰਪਰਸਤੀ ਹੇਠ ਕਰਵਾਇਆ ਗਿਆ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਵਲੋਂ ਦਿੱਲੀ ਵਿਖੇ ਇਹ ਪਹਿਲਾ ਗੁਰਮਤਿ ਸਮਾਗਮ ਸੀ। ਦਿੱਲੀ ਦੀ ਸੰਗਤ ਵਲੋਂ ਇੰਤਜ਼ਾਮ ਬੜਾ ਚੰਗਾ ਸੀ।

ਇਸ ਗੁਰਮਤਿ ਸਮਾਗਮ ਵਿਚ ਮਿਸ਼ਨ ਨਾਲ ਸਬੰਧਿਤ ਬ੍ਰਾਂਚਾਂ ਦੇ ਜੱਥਿਆਂ ਤੇ ਹੋਰ ਮਹਾਂਪੁਰਸ਼ਾਂ ਵਲੋਂ ਸੰਗਤਾਂ ਨੂੰ ਨਿਹਾਲ ਕੀਤਾ, ਜਿਨ੍ਹਾਂ ਵਿਚ ਖੂਬੀਆ ਨੰਗਲ (ਯੂ. ਪੀ.) ਤੋਂ ਭਾਈ ਗੁਰਦੀਪ ਸਿੰਘ, ਸੂਲਾਪੁਰ (ਯੂ. ਪੀ.) ਤੋਂ ਭਾਈ ਗੁਰਪਾਲ ਸਿੰਘ, ਧੂਲਕੋਟ ਤੋਂ ਸੰਤ ਬਾਬਾ ਅਵਤਾਰ ਸਿੰਘ ਜੀ, ਸੰਗਰੂਰ ਤੋਂ ਸੰਤ ਬਾਬਾ ਸਾਧੂ ਸਿੰਘ ਜੀ ਡਬਲ ਐਮ. ਏ., ਰਤਵਾੜਾ ਸਾਹਿਬ ਤੋਂ ਭਾਈ ਲਖਬੀਰ ਸਿੰਘ ਤੇ ਭਾਈ ਹਰਪਾਲ ਸਿੰਘ ਤੇ ਹੋਰ ਮਹਾਂਪੁਰਸ਼ਾਂ ਨੇ ਕੀਰਤਨ, ਕਥਾ ਰਾਹੀਂ ਨਿਹਾਲ ਕੀਤਾ। 10 ਅਪਰੈਲ ਨੂੰ ਪ੍ਰਿੰ. ਜਗਜੀਤ ਸਿੰਘ, ਗੁਰਮਤਿ ਕਾਲਜ, ਪਟਿਆਲਾ ਨੇ ਲੈਕਚਰ ਦਿੱਤਾ। ਤੀਸਰੇ ਦਿਨ 12 ਅਪ੍ਰੈਲ ਨੂੰ ਸੰਤ ਬਾਬਾ ਵਰਿਆਮ ਸਿੰਘ ਜੀ ਦਾ ਦਿੱਲੀ ਪੁੱਜਣ ਸਮੇਂ ਰੇਲਵੇ ਸਟੇਸ਼ਨ ਤੇ ਸੰਗਤਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਮਹਾਂਪੁਰਖਾਂ ਨੇ ਰਾਤ 10.00 ਵਜੇ ਤੋਂ 1.00 ਵਜੇ ਤੱਕ ਰੂਹਾਨੀ ਪ੍ਰਵਚਨਾਂ ਤੇ ਕੀਰਤਨ ਦੁਆਰਾ ਵਿਸਾਖੀ ਤੇ ਮਨੁੱਖੀ ਜੀਵਨ ਦੇ ਮਨੋਰਥ ਬਾਰੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੀਵਾਨ ਵਿਚ ਹਜ਼ਾਰਾਂ ਦਾ ਇਕੱਠ ਸੀ। ਪੂਰੇ ਤਿੰਨ ਘੰਟੇ ਸੰਗਤ ਨੇ ਇਕਾਗਰ ਚਿੱਤ ਹੋ ਕੇ ਮਹਾਂਪੁਰਖਾਂ ਦੇ ਬਚਨ ਸੁਣੇ।

ਇਸੇ ਮੌਕੇ ਤੇ ਗੁਰੂ ਨਾਨਕ ਪਾਤਿਸ਼ਾਹ ਦੀ ਅੰਸ਼ ਵੰਸ਼ ਬਾਬਾ ਸਰਬਜੋਤ ਸਿੰਘ ਜੀ ਬੇਦੀ, ਊਨਾ ਸਾਹਿਬ ਵਾਲਿਆਂ ਨੇ ਵੀ ਆਪਣੇ ਮਨੋਹਰ ਵਿਚਾਰ ਦਿਤੇ। ਇਸਤੋਂ ਇਲਾਵਾ ਬਾਬਾ ਜੋਗਿੰਦਰ ਸਿੰਘ ਜੀ ਮੋਨੀ, ਸਾਬਕਾ ਜਥੇਦਾਰ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਨੇ ਵੀ ਸੰਗਤਾਂ ਨੂੰ ਆਪਣੇ ਬਚਨਾਂ ਦੁਆਰਾ ਨਿਹਾਲ ਕੀਤਾ।

ਮਿਤੀ 13.4.95 ਨੂੰ ਅੰਮ੍ਰਿਤ ਸੰਚਾਰ ਸਮੇਂ 76 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਦਿੱਲੀ ਦੀ ਸੰਗਤ ਨੇ ਮਹਾਂਪੁਰਖਾਂ ਨੂੰ ਫਿਰ ਇਸੇ ਤਰ੍ਹਾਂ ਦਾ ਗੁਰਮਤਿ ਸਮਾਗਮ ਕਰਨ ਲਈ ਬੇਨਤੀ ਕੀਤੀ।

ਮਹਾਂਪੁਰਸ਼ਾਂ ਵਲੋਂ ਗੁਰਦਆਰਾ ਸਾਹਿਬ ਯਾਦਗਾਰ ਭਾਈ ਸਾਹਿਬ ਭਾਈ ਦਇਆ ਸਿੰਘ ਜੀ (ਪੰਜ ਪਿਆਰਿਆਂ ਦੇ ਮੁਖੀ ਜਥੇਦਾਰ) ਰਾਜਪੁਰਾ ਵਿਖੇ ਦਸਵੀਂ ਦੇ ਦਿਹਾੜੇ 10-4-95 ਨੂੰ 51 ਫੁੱਟ ਉਚੇ ਨਿਸ਼ਾਨ ਸਾਹਿਬ ਝੁਲਾਏ ਗਏ। ਨਿਸ਼ਾਨ ਸਾਹਿਬ ਦੀ ਸੇਵਾ ਭਾਈ ਰਜਿੰਦਰ ਸਿੰਘ ਸਪੁੱਤਰ ਭਾਈ ਰਛਪਾਲ ਸਿੰਘ ਜੀ, ਪੰਜਾਬੀ ਬਾਗ ਦਿੱਲੀ ਦੇ ਪਰਿਵਾਰ ਵਲੋਂ ਕਰਵਾਈ ਗਈ। ਹਰੇਕ ਦਸਵੀਂ ਦੇ ਮਾਸਿਕ ਦੀਵਾਨ ਦੀ ਤਰ੍ਹਾਂ ਰਾਤ ਨੂੰ 8 ਵਜੇ ਤੋਂ 11 ਵਜੇ ਤੱਕ ਰੂਹਾਨੀ ਕੀਰਤਨ ਅਤੇ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਵਿਸਾਖੀ, 1994 ਤੋਂ ਇਸ ਮਿਸ਼ਨ ਵਲੋਂ ਆਧੁਨਿਕ ਮੀਡੀਏ ਦੀ ਵਰਤੋਂ ਕਰ ਕੇ, 17 ਟੀ.ਵੀ. ਅਤੇ ਵੀ. ਸੀ.ਆਰ ਸੈਟਾਂ ਦੇ ਰਾਹੀਂ ਪਿੰਡਾਂ ਵਿਚ ਰੂਹਾਨੀ ਫ਼ਿਲਮਾਂ ਦਿਖਾ ਕੇ ਪ੍ਰਚਾਰ ਆਰੰਭਿਆ ਹੋਇਆ ਹੈ। ਹੁਣ ਤੱਕ ਮਹਾਂਪੁਰਸ਼ਾਂ ਦੇ ਕੀਰਤਨ ਅਤੇ ਪ੍ਰਵਚਨਾਂ ਦੀਆਂ 500 ਤੋਂ ਵੱਧ ਵੀਡੀਓ ਫ਼ਿਲਮਾਂ ਬਣ ਚੁੱਕੀਆਂ ਹਨ। ਫ਼ਿਲਮਾਂ ਰਾਹੀਂ ਹੋ ਰਹੇ ਪ੍ਰਚਾਰ ਦੇ ਅਸਰ ਨੂੰ ਜਨ ਸਮੂਹ ਬੜੇ ਉਤਸ਼ਾਹ ਨਾਲ ਕਬੂਲ ਕਰ ਰਿਹਾ ਹੈ। ਚੰਡੀਗੜ੍ਹ, ਖਰੜ, ਮੋਹਾਲੀ, ਕੁਰਾਲੀ, ਰੋਪੜ, ਬਨੂੰੜ, ਰਾਜਪੁਰਾ, ਧਮੋਟ ਅਤੇ ਪਟਿਆਲੇ ਦੇ ਲਗਭਗ 372 ਪਿੰਡਾਂ ਦੇ ਵਿਚ ਪੰਜ ਦਿਨ ਲਗਾਤਾਰ, ਰਾਤ ਦੇ ਸਮੇਂ ਇਹ ਫ਼ਿਲਮਾਂ ਦਿਖਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਗਿਆ। 17-4-95 ਤੋਂ ਚੰਡੀਗੜ੍ਹ ਸ਼ਹਿਰ ਵਿੱਚ ਮਹਾਂਪੁਰਸ਼ਾਂ ਦੀਆਂ ਰੂਹਾਨੀ ਫ਼ਿਲਮਾਂ ਦਿਖਾ ਕੇ ਇਸੇ ਤਰ੍ਹਾਂ ਰਾਤ ਦੇ ਸਮੇਂ ਇਹ ਪ੍ਰੋਗਰਾਮ ਚਲ ਰਹੇ ਹਨ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਅਤੇ ਮੁਖੀ ਪਰਮ ਪੂਜ ਸਤਿਕਾਰ ਯੋਗ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਕੋਠੀ ਨੰ 781, 3 ਬੀ 1 ਮੋਹਾਲੀ, ਜਿਥੇ ਆਪ ਨਿਵਾਸ ਰੱਖਦੇ ਹਨ, ਉਸ ਦੇ ਸਾਹਮਣੇ ਖੁੱਲ੍ਹੇ ਪੰਡਾਲ ਵਿੱਚ ਹਰੇਕ ਐਤਵਾਰ ਨੂੰ ਦਿਨ ਦੇ ਸਮੇਂ 11 ਵਜੇ ਤੋਂ ਲੈ ਕੇ 4 ਵਜੇ ਤੱਕ ਰੂਹਾਨੀ ਕੀਰਤਨ ਅਤੇ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਜਨ ਸਿਹਤ ਸੇਵਾ ਵਾਸਤੇ ਐਲੋਪੈਥਿਕ, ਹੋਮਿਓਪੈਥਿਕ ਅਤੇ ਆਯੁਰਵੈਦਿਕ ਦਵਾਈਆਂ ਦੁਆਰਾ ਡਾਕਟਰ ਇਲਾਜ਼ ਕਰਦੇ ਹਨ।

ਡਾ: ਜੋਸ਼ੀ ਜੀ ਹੱਡੀਆਂ ਦੇ ਮਾਹਿਰ, ਹੱਡੀਆਂ ਦੇ ਪੀੜਤ ਰੋਗੀਆਂ ਦਾ ਇਲਾਜ਼ ਕਰਦੇ ਹਨ।

ਮਿਸ਼ਨ ਦੇ ਦੋ ਬੀਬੀਆਂ ਦੇ ਜਥੇ ਚੰਡੀਗੜ੍ਹ ਸ਼ਹਿਰ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਅੰਮ੍ਰਿਤ ਵੇਲੇ 2 ਵਜੇ ਤੋਂ 5 ਵਜੇ ਤੱਕ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸੇਵਾ ਕਰਦੇ ਹਨ।

ਗੁ: ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਹਰੇਕ ਪੂਰਨਮਾਸ਼ੀ ਅਤੇ ਸੰਗਰਾਂਦ ਨੂੰ ਸਮਾਗਮ ਹੁੰਦੇ ਹਨ। ਗੁਰਪੁਰਬਾਂ ਦੇ ਸਮੇਂ ਵੀ ਵੱਡੇ ਸਮਾਗਮ ਹੁੰਦੇ ਹਨ। ਹਰੇਕ ਪੂਰਨਮਾਸ਼ੀ ਨੂੰ ਅੰਮ੍ਰਿਤ ਸੰਚਾਰ ਹੁੰਦਾ ਹੈ। ਮਿਸ਼ਨ ਦੇ ਪ੍ਰਚਾਰ ਕੇਂਦਰ ਗੁ. ਈਸ਼ਰ ਪ੍ਰਕਾਸ਼ ਬਨੂੜ ਵਿਖੇ ਮੱਸਿਆ ਦਾ ਸਮਾਗਮ ਰਾਤ ਦੇ ਸਮੇਂ 8 ਵਜੇ ਤੋਂ 11 ਵਜੇ ਤੱਕ ਹੁੰਦਾ ਹੈ। ਮਿਸ਼ਨ ਦਾ ਪ੍ਰਚਾਰ ਕੇਂਦਰ ਗੁ. ਸਾਹਿਬ ਯਾਦਗਾਰ ਭਾਈ ਸਾਹਿਬ ਭਾਈ ਦਇਆ ਸਿੰਘ ਜੀ (ਪਟਿਆਲਾ – ਸਰਹੰਦ ਬਾਈਪਾਸ) ਰਾਜਪੁਰੇ ਵਿਖੇ ਸਥਿਤ ਹੈ। ਇਸ ਅਸਥਾਨ ਤੇ ਹਰੇਕ ਦਸਵੀਂ ਨੂੰ ਰਾਤ ਦੇ ਸਮੇਂ 8 ਵਜੇ ਤੋਂ 11 ਵਜੇ ਤੱਕ ਸਮਾਗਮ ਹੁੰਦਾ ਹੈ।

ਉਪਰੋਕਤ ਸਾਰੇ ਸਮਾਗਮਾਂ ਤੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਉਚੇਚੇ ਤੌਰ ਤੇ ਪਹੁੰਚ ਕੇ ਰੂਹਾਨੀ ਕੀਰਤਨ ਅਤੇ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਮਹਾਂਪੁਰਸ਼ਾਂ ਦੀ ਸਰਪ੍ਰਸਤੀ ਹੇਠਾਂ ਮਿਸ਼ਨ ਦੇ 14 ਜੱਥੇ ਰੂਹਾਨੀ ਪ੍ਰਚਾਰ ਕਰਦੇ ਹਨ ਅਤੇ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਉਣ ਦੀ ਸੇਵਾ ਨਿਭਾ ਰਹੇ ਹਨ।

# ਵਿਸਾਖੀ - ਖਾਲਸੇ ਦਾ ਪ੍ਰਕਾਸ਼ ਉਤਸਵ 14-4-95

*ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ*

ਇਹ ਮਹਾਨ ਸਮਾਗਮ ਵਿਚ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਆਪਣੇ ਮਨੋਹਰ ਬਚਨਾਂ ਤੇ ਕੀਰਤਨ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਤਕ ਵਿਸਾਖੀ ਦੇ ਮਹਾਤਮ ਦੀ ਮਹਾਨਤਾ ਨੂੰ ਪ੍ਰਗਟਾਉਂਦਿਆਂ ਦੱਸਿਆ ਕਿ ਵਿਸਾਖੀ ਦੇ ਸ਼ੁਭ ਪੁਰਬ ਤੋਂ ਹੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਦੁਆਰਾ 'ਸੱਚ ਦਾ ਉਪਦੇਸ਼ ਦੇਣ ਲਈ' ਸਾਰੇ ਸੰਸਾਰ ਦਾ ਭਰਮਣ ਸ਼ੁਰੂ ਕੀਤਾ ਸੀ। ਵਹਿਮਾਂ, ਵੈਰ, ਵਿਰੋਧ ਤੇ ਜ਼ੁਲਮ ਹੇਠ ਦੱਬੀ ਮਨੁੱਖਤਾ ਨੂੰ ਸਵੈਮਾਨ, ਪਿਆਰ, ਆਪਸੀ ਭਾਈਚਾਰੇ ਅਤੇ ਪ੍ਰਮੇਸ਼ਰ ਦੀ ਬੰਦਗੀ ਕਰਕੇ ਨਰੋਈ ਜ਼ਿੰਦਗੀ ਜੀਉਣ ਦਾ ਸੱਚ ਦਾ ਰਾਹ ਵਿਖਾਇਆ। ਪਹਿਲੀ ਪਾਤਸ਼ਾਹੀ ਤੋਂ ਲੈ ਕੇ ਨੌਵੀਂ ਪਾਤਸ਼ਾਹੀ ਤਕ ਸਿੱਖੀ ਦਾ ਬੂਟਾ ਇੰਨਾ ਪ੍ਰਫੁਲਤ ਹੋ ਚੁੱਕਿਆ ਸੀ ਕਿ ਇਸ ਵਲੋਂ ਚਲਾਏ ਮਾਰਗ ਤੇ ਚਲਦੇ ਗੁਰਸਿੱਖਾਂ ਵਲੋਂ ਸੇਧ ਮਿਲ ਰਹੀ ਸੀ ਤੇ ਸਮਾਜ ਵਿਚ ਉਨ੍ਹਾਂ ਦਾ ਆਦਰ ਤੇ ਸਤਿਕਾਰ ਸੀ ਭਾਵੇਂ ਰਾਜਸੀ ਸ਼ਕਤੀਆਂ ਤੇ ਕੱਟੜਵਾਦੀਆਂ ਨੂੰ ਇਹ ਸੱਚ ਦਾ ਰਾਹ ਚੰਗਾ ਨਹੀਂ ਸੀ ਲੱਗ ਰਿਹਾ।

ਇਸ ਮਹਾਨ ਸਮਾਗਮ ਵਿਚ ਸਿੱਖ ਸੰਗਤਾਂ ਦੇ ਮਨਾਂ ਵਿਚ, ਇਤਿਹਾਸਕਾਰਾਂ ਤੇ ਲੇਖਕਾਂ ਵਲੋਂ ਪਾਏ ਗਏ ਭੁਲੇਖਿਆਂ ਤੇ ਸ਼ੰਕਿਆਂ ਨੂੰ ਮਹਾਂਪੁਰਖਾਂ ਨੇ ਨਵਿਰਤ ਕੀਤਾ ਜਿਵੇਂ ਕਿ ਆਮ ਧਾਰਨਾ ਪ੍ਰਚਲਤ ਕੀਤੀ ਜਾ ਰਹੀ ਹੈ ਕਿ 1699 ਦੀ ਵਿਸਾਖੀ ਤੋਂ ਪਹਿਲਾਂ ਸਿੱਖ ਡਾਵਾਂ-ਡੋਲ ਸੀ ਤੇ ਇਹ ਦੇਹ ਹੰਗਤਾ ਤੇ ਦੇਹ ਮਮਤਾ ਤੋਂ ਉਪਰ ਨਹੀਂ ਸੀ ਉਠ ਸਕਿਆ ਜਦੋਂ ਕਿ ਇਸ ਦੇ ਉਲਟ ਗੁਰੂ ਨਾਨਕ ਦੇਵ ਜੀ ਵਲੋਂ ਲਾਇਆ ਸਿੱਖੀ ਦਾ ਬੂਟਾ ਪੂਰੀ ਤਰ੍ਹਾਂ ਪ੍ਰਫੁਲਤ ਸੀ। ਨੌਂਵੇਂ ਗੁਰੂ ਜੀ ਦੇ ਸਨਮੁਖ ਹੋ ਕੇ, ਭਾਈ ਮਤੀਦਾਸ ਜੀ ਦਾ ਆਰੇ ਨਾਲ ਚੀਰੇ ਜਾਣਾ, ਭਾਈ ਸਤੀਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਜ਼ਿੰਦਾ ਅੱਗ ਵਿਚ ਸਾੜ ਦੇਣਾ ਅਤੇ ਭਾਈ ਦਿਆਲਾ ਜੀ ਨੂੰ ਜ਼ਿੰਦਾ ਉਬਲਦੀ ਦੇਗ ਵਿਚ ਉਬਾਲ ਕੇ ਸ਼ਹੀਦ ਕਰਨਾ, ਇਹ ਸਿਖੀ ਦੀ ਦੇਹ ਹੰਗਤਾ ਤੇ ਦੇਹ ਮਮਤਾ ਤੋਂ ਉਪਰ ਉਠਣ ਦੀ ਘਾਲ ਕਮਾਈ ਹੈ। ਇਤਿਹਾਸਕਾਰਾਂ ਦਾ ਇਹ ਕਹਿਣਾ ਹੈ ਕਿ ਜਦੋਂ ਸੀਸ ਦੀ ਮੰਗ ਕੀਤੀ ਤਾਂ ਨੀਵੀਂਆਂ ਪਾ ਲਈਆਂ। ਉਨ੍ਹਾਂ ਦੱਸਿਆ ਇਹ ਕੇਵਲ ਲਿਖਾਰੀਆਂ ਦੀ ਆਪਣੀ ਕਮਜ਼ੋਰੀ ਹੈ ਤਾਂ ਹੀ ਉਹ ਐਸਾ ਲਿਖਦੇ ਹਨ।

ਗੁਰੂ ਦਸ਼ਮੇਸ਼ ਪਿਤਾ ਨੇ ਅਗੰਮੀ ਕੌਤਕ ਰਚ ਕੇ ਸੰਸਾਰ ਨੂੰ ਤੇ ਸਿੱਖ ਜਗਤ ਨੂੰ ਇਹ ਨਵਾਂ ਆਦਰਸ਼ ਦੇਣਾ ਸੀ। ਇਸ ਕੌਤਕ ਰਾਹੀਂ 'ਸਤਿਗੁਰ ਮੇਰਾ ਮਾਰਿ ਜੀਵਾਲੇ।' ਦੇ ਮਹਾਂਵਾਕ ਅਨੁਸਾਰ ਨਵੀਂ ਰਹਿਤ ਮਰਯਾਦਾ ਜੋ ਰਿਸ਼ੀਆਂ-ਮੁਨੀਆਂ ਤੋਂ ਪੁਰਾਤਨ ਭਾਰਤਵਰਸ਼ ਵਿਚ ਚਲੀ ਆ ਰਹੀ ਸੀ ਨੂੰ ਮੁੜ ਉਜਾਗਰ ਕਰ ਕੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਪ੍ਰੰਤੂ ਗੁਰੂ ਮਹਾਰਾਜ ਨੇ 'ਪੰਚ ਪਰਵਾਨ' ਜੋ ਕਿ ਖਾਲਸੇ ਦਾ ਭਵਿੱਖ ਸੀ, ਉਸ ਰਾਹੀਂ ਪੰਜਾਂ ਨੂੰ ਹੀ ਚੁਣਿਆ, ਪੰਜਾਂ ਨੂੰ ਸਿਰਮੌਰ ਸਮਝ ਕੇ ਆਪ ਉਨ੍ਹਾਂ ਤੋਂ ਅੰਮ੍ਰਿਤ ਪਾਨ ਕਰ ਕੇ 'ਆਪੇ ਗੁਰ ਚੇਲਾ' ਹੋਣ ਦਾ ਮਾਣ ਬਖਸ਼ਿਆ। ਇਸ ਵਕਤ ਜੇ ਮਹਾਰਾਜ ਸੌ ਸੀਸ ਦੀ ਮੰਗ ਕਰਦੇ ਤਾਂ ਸੌ ਨੇ ਹੀ ਆ ਜਾਣਾ ਸੀ। ਇਸ ਦੇ ਸਿੱਟੇ ਵਜੋਂ ਹੀ ਦੂਜੇ ਦਿਨ 20 ਹਜ਼ਾਰ ਤੋਂ ਵੱਧ ਨੇ ਅੰਮ੍ਰਿਤ ਛਕਿਆ ਤੇ ਇਸ ਨਵੀਂ ਰਹੁਰੀਤ ਨੂੰ ਪਰਵਾਨ ਕੀਤਾ।


ਮਹਾਂਪੁਰਖਾਂ ਨੇ ਆਪਣੇ ਪਰਵਚਨ ਕਰਦਿਆਂ ਦੱਸਿਆ ਕਿ ਸਿੱਖਾਂ ਨੂੰ ਕੇਵਲ ਅੰਮ੍ਰਿਤ ਛਕ ਕੇ ਅਵੇਸਲਾ ਨਹੀਂ ਹੋਣਾ ਚਾਹੀਦਾ ਇਹ ਤਾਂ ਕੇਵਲ ਐਂਟਰੀ ਹੈ। ਸਿੱਖ ਨੂੰ ਵਿਸ਼ੇ ਵਿਕਾਰਾਂ ਤੋਂ ਉਪਰ ਉਠ ਕੇ ਨਾਮ ਜਪਣਾ ਚਾਹੀਦਾ ਹੈ ਤੇ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ।

ਇਸ ਤੋਂ ਪਹਿਲਾਂ ਡਾ, ਸ਼ਮਸ਼ੇਰ ਸਿੰਘ ਜੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵੀ ਆਪਣੇ ਲੈਕਚਰ ਰਾਹੀਂ ਖਾਲਸੇ ਦੇ ਜਨਮ ਦਿਵਸ ਤੇ ਸੰਗਤਾਂ ਨੂੰ ਆਪਣੇ ਵਿਚਾਰ ਦੱਸੇ। ਇਸ ਮੌਕੇ ਤੇ ਮਿਸ਼ਨ ਵਲੋਂ ਸ਼ੁਰੂ ਕੀਤੇ ਮਾਸਿਕ ਮੈਗਜ਼ੀਨ 'ਆਤਮ ਮਾਰਗ' ਨੂੰ ਵੀ ਬੀਬੀ ਰਣਜੀਤ ਕੌਰ ਜੀ ਵਾਈਸ ਚੇਅਰਪਰਸਨ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਵਲੋਂ ਰਿਲੀਜ਼ ਕੀਤਾ ਗਿਆ। ਇਸ ਮੌਕੇ 'ਤੇ ਪੁੱਜੇ ਹਰਭਜਨ ਸਿੰਘ ਹਲਵਾਰਵੀ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਇਹ ਮੈਗਜ਼ੀਨ ਹਰ ਘਰ ਦੀ ਸ਼ਾਨ ਹੋਣਾ ਚਾਹੀਦਾ ਹੈ ਅਤੇ ਸਭ ਨੂੰ ਇਹ ਪੜ੍ਹਨਾ ਚਾਹੀਦਾ ਹੈ ਕਿਉਂਕਿ ਇਸ ਦਾ ਵਿਸ਼ੇ ਰੂਹਾਨੀਅਤ, ਸਭਿਆਚਾਰਕ, ਸਦਾਚਾਰਕ, ਗਿਆਨ-ਵਿਗਿਆਨ, ਪੁਰਾਤਨ ਇਤਿਹਾਸ, ਇਤਿਹਾਸਕ ਜੀਵਨੀਆਂ, ਭੂਗੋਲ, ਚੰਗੀ ਸਿਹਤ ਦੇ ਪ੍ਰਸਾਰ ਨਾਲ ਸਬੰਧਤ ਹਨ।

ਮਹਾਂਪੁਰਖਾਂ ਦੇ ਕੀਰਤਨ ਦੀਆਂ ਵੀਡੀਓ ਫਿਲਮਾਂ ਜੋ ਕਿ 550 ਤੋਂ ਉਪਰ ਬਣ ਚੁੱਕੀਆਂ ਹਨ, ਬਾਰੇ ਦਸਦਿਆਂ ਮੈਗਜ਼ੀਨ ਦੇ ਆਨਰੇਰੀ ਸੰਪਾਦਕ ਬੀਬੀ ਡਾ. ਤੇਜਿੰਦਰ ਮਲਹੋਤਰਾ ਨੇ ਦੱਸਿਆ ਕਿ ਅਮਰੀਕਾ ਵਿਚ ਏਸ਼ੀਆ ਟੀ. ਵੀ. ਤੇ ਹਰ ਰੋਜ਼ 5 ਮਿੰਟ ਦਾ ਪ੍ਰੋਗਰਾਮ ਮਹਾਂਪੁਰਖਾਂ ਦੇ ਕੀਰਤਨ ਤੇ ਮਨੋਹਰ ਬਚਨਾਂ ਦਾ ਪ੍ਰਸਾਰ ਹੁੰਦਾ ਹੈ। ਇਸੇ ਤਰ੍ਹਾਂ ਅੱਧੇ ਘੰਟੇ ਵਾਸਤੇ ਅਮਰੀਕਾ ਦੇ ਯੂਬਾ ਸਿਟੀ ਵਿਚ ਕੇਬਲ ਟੀ. ਵੀ. ਤੇ ਵਿਖਾਇਆ ਜਾਂਦਾ ਹੈ। ਕੈਨੇਡਾ ਵਿਚ ਵੀ ਕੇਬਲ ਟੀ. ਵੀ. ਤੇ ਫਿਲਮਾਂ ਦਾ ਪ੍ਰੋਗਰਾਮ ਰਿਲੇ ਹੁੰਦਾ ਹੈ। ਮਿਸ਼ਨ ਵਲੋਂ ਪ੍ਰਕਾਸ਼ਿਤ ਪੁਸਤਕਾਂ 'ਸੁਰਤਿ ਸਬਦਿ ਮਾਰਗ' ਅਤੇ 'ਕਿਵ ਕੂੜੈ ਤੁਟੈ ਪਾਲਿ' ਦੀ ਵੀ ਸੰਗਤਾਂ ਵਿਚ ਬਹੁਤ ਮੰਗ ਵੱਧ ਹੁੰਦੀ ਹੈ ਕਿਉਂਕਿ ਇਨ੍ਹਾਂ ਰਾਹੀਂ ਨਾਮ ਜਪਣ ਵਾਲਿਆਂ ਦੇ ਸ਼ੰਕੇ ਨਵਿਰਤ ਹੋ ਕੇ ਸਹੀ ਤਰੀਕੇ ਨਾਲ ਨਾਮ ਸਿਮਰਨ ਦੀ ਸੇਧ ਮਿਲਦੀ ਹੈ। ਮਿਸ਼ਨ ਵਲੋਂ ਉਸਾਰੀ ਸੰਗਤ ਦੀ ਕਾਰਸੇਵਾ ਰਾਹੀਂ ਤਿਆਰ ਹੋਈ ਹਸਪਤਾਲ ਦੀ ਇਮਾਰਤ ਜਨ-ਸਮੂੰਹ ਦੀ ਸਿਹਤ ਸੇਵਾ ਲਈ ਸਮਰਪਿਤ ਕੀਤੀ ਗਈ।

ਇਸ ਮੌਕੇ ਤੇ 300 ਤੋਂ ਵੱਧ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ਅਤੇ ਮਿਸ਼ਨ ਵਲੋਂ ਹੁਣ ਤਕ ਸਾਢੇ ਤਿੰਨ ਲੱਖ ਤੋਂ ਵੱਧ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਗਾਇਆ ਜਾ ਚੁੱਕਿਆ ਹੈ। ਦੂਰ-ਦੁਰਾਡੇ ਤੋਂ ਫਰੀਦਕੋਟ, ਪਟਿਆਲਾ, ਦੁਆਬਾ, ਪਾਉਂਟਾ ਸਾਹਿਬ ਦੇ ਇਲਾਕੇ ਤੋਂ ਹਜ਼ਾਰਾਂ ਸੰਗਤਾਂ ਇਸ ਮੌਕੇ ਤੇ ਮਹਾਂਪੁਰਖਾਂ ਦੇ ਪ੍ਰਵਚਨ ਸਰਵਣ ਕਰਨ ਲਈ ਪੁੱਜੀਆਂ। ਗੁਰੂ ਕੇ ਲੰਗਰ ਵਿਚ ਖੀਰ ਅਤੇ ਕੜਾਹ ਦਾ ਲੰਗਰ ਅਤੁੱਟ ਵਰਤਾਇਆ ਗਿਆ। ਮਿਸ਼ਨ ਵਲੋਂ ਚਲ ਰਹੀਆਂ ਡਿਸਪੈਂਸਰੀਆਂ ਰਾਹੀਂ ਅਤੇ ਹੱਡੀਆਂ ਦੇ ਡਾਕਟਰ ਰਾਹੀਂ ਸੌ ਤੋਂ ਵੱਧ ਮਰੀਜ਼ਾਂ ਦਾ ਇਲਾਜ ਕੀਤਾ ਗਿਆ ਤੇ ਮੁਫਤ ਦੁਆਈਆਂ ਦਿੱਤੀਆਂ ਗਈਆਂ।

ਇਸ ਸ਼ੁਭ ਮੌਕੇ ਤੇ 12 ਸਰਕਾਰੀ ਡਾਕਟਰਾਂ ਨੇ ਮੈਡੀਕਲ ਕੈਂਪ ਰਾਹੀਂ ਸੈਂਕੜੇ ਮਰੀਜ਼ਾਂ ਦਾ ਮੁਆਇਨਾਂ ਕਰਕੇ ਮੁਫਤ ਦਵਾਈਆਂ ਦਿਤੀਆਂ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।



ਬੀਬੀ ਰਣਜੀਤ ਕੌਰ ਜੀ (ਸਪਤਨੀ, ਸੰਤ ਵਰਿਆਮ ਸਿੰਘ ਜੀ) ਵਾਈਸ ਚੇਅਰਪਰਸਨ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ, ਰਤਵਾੜਾ ਸਾਹਿਬ ਵਿਖੇ 'ਆਤਮ ਮਾਰਗ' ਦਾ ਪਹਿਲਾ ਵਿਸ਼ੇਸ਼ ਵਿਸਾਖੀ ਅੰਕ ਰਿਲੀਜ਼ ਕਰਦੇ ਹੋਏ ਅਤੇ ਉਨ੍ਹਾਂ ਦੇ ਖੱਬੇ ਪਾਸੇ ਬੀਬੀ ਡਾ. ਤੇਜਿੰਦਰ ਮਲਹੋਤਰਾ, ਆਨਰੇਰੀ ਸੰਪਾਦਕ ਖੜ੍ਹੇ ਵਿਖਾਈ ਦੇ ਰਹੇ ਹਨ।



ਗੁਰਮਤਿ ਸਮਾਗਮ ਦਿੱਲੀ ਪੁਜਣ ਉਪਰੰਤ ਸੰਤ ਬਾਬਾ ਵਰਿਆਮ ਸਿੰਘ ਜੀ ਉਥੋਂ ਦੀਆਂ ਸੰਗਤਾਂ ਸਮੇਤ ਨਿਘੇ ਅਤੇ ਹਾਰਦਿਕ ਸਵਾਗਤ ਵਜੋਂ ਫੁੱਲਾਂ ਦੇ ਹਾਰ ਉਨ੍ਹਾਂ ਦੀ ਰੂਹਾਨੀ ਸ਼ਖਸ਼ੀਅਤ ਨੂੰ ਚਾਰ ਚੰਨ ਲਾ ਰਹੇ ਹਨ।

ਆਤਮਿਕ ਸ਼ਾਂਤੀ ਤੇ ਰੂਹਾਨੀ ਤਰੱਕੀ ਲਈ

ਨਵੀਂ ਨਰੋਈ ਜ਼ਿੰਦਗੀ ਲਈ

ਕੇਬਲ ਟੀ. ਵੀ. - ਦੇ ਮਾਰੂ ਪ੍ਰਭਾਵ ਤੋਂ ਬਚਣ ਲਈ

## ਨਿਰੋਲ ਧਾਰਮਿਕ ਪੰਜਾਬੀ ਵੀ ਡੀ ਓ ਫਿਲਮਾਂ

ਆਪ ਵੇਖੋ ਤੇ ਹੋਰਨਾਂ ਨੂੰ ਵਿਖਾਓ



ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ, ਕੋਠੀ ਨੰ : 781, ਫੇਸ 3ਬੀ1

ਸੈਕਟਰ 60, ਐਸ. ਏ. ਐਸ. ਨਗਰ (ਮੋਹਾਲੀ) - 160 058

-: ਟੈਲੀਫੋਨ :-

| ਭਾਰਤ | ਅਮਰੀਕਾ | ਇੰਗਲੈਂਡ | ਕੈਨੇਡਾ |
|---|---|---|---|
| 0172-572435 | 708-893-5150 | 021-449-7032 | 604-433-0408 |
| 0172-571301 | 708-934-6174 | 0831-598-689 | ਆਸਟਰੇਲੀਆ |
| 0172-603524 | 708-682-8939 | 01-578-6564 | 03-4366898 |
| 0172-89218 | 708-98-9334 | 0234-767-602 | 02-7185990 |